


A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: **Gurjatinder Singh Randhawa**

**Punjab Mail USA**

**Vol. 17, Issue- 747, 27 April to 03 May, 2023, Ph: 916-320-9444, E-mail: punjabmailusa@yahoo.com, Web: punjabmailusa.com**



# ਸ਼੍ਰੋਮਣੀ ਅਕਾਲੀ ਦਲ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ

## ■ ਫੋਰਟਿਸ ਹਸਪਤਾਲ 'ਚ ਲਏ ਆਖ਼ਰੀ ਸਾਹ; ਇਕ ਹਫ਼ਤੇ ਤੋਂ ਸਨ ਜ਼ੇਰੇ ਇਲਾਜ ■ ਕੇਂਦਰ ਨੇ ਦੋ ਦਿਨਾਂ ਰਾਸ਼ਟਰੀ ਸੋਗ ਐਲਾਨਿਆ

**1927 ਤੋਂ 2023**

**ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ ਹੋ ਗਿਆ। ਉਹ 95 ਵਰ੍ਹਿਆਂ ਦੇ ਸਨ। ਮੰਗਲਵਾਰ ਨੂੰ ਉਨ੍ਹਾਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਆਖ਼ਰੀ ਸਾਹ ਲਏ। ਆਪਣੀ ਨਿਮਰਤਾ ਅਤੇ ਜ਼ਮੀਨ ਨਾਲ ਜੁੜੇ ਆਗੂ ਵਜੋਂ ਜਾਣੇ ਜਾਂਦੇ ਸ. ਬਾਦਲ ਦੀ ਸਿਹਤ ਕੁਝ ਸਮੇਂ ਤੋਂ ਠੀਕ ਨਹੀਂ ਸੀ ਅਤੇ ਸਾਹ ਲੈਣ 'ਚ ਤਕਲੀਫ਼ ਦੀ ਸ਼ਿਕਾਇਤ ਤੋਂ ਬਾਅਦ ਉਨ੍ਹਾਂ ਨੂੰ ਹਫ਼ਤਾ ਪਹਿਲਾਂ ਮੁਹਾਲੀ ਦੇ ਫੋਰਟਿਸ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਹਸਪਤਾਲ ਦੇ ਡਾਇਰੈਕਟਰ ਅਭੀਜੀਤ ਸਿੰਘ ਨੇ ਦੱਸਿਆ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੇ ਰਾਤ 8 ਵਜੇ ਆਖਰੀ ਸਾਹ ਲਏ। ਕਰੀਬ ਸੱਤ ਦਹਾਕਿਆਂ ਦੇ ਆਪਣੇ ਸਿਆਸੀ ਕੈਰੀਅਰ 'ਚ ਸ. ਬਾਦਲ ਨੇ ਸੂਬੇ ਦੇ ਨਾਲ-ਨਾਲ ਰਾਸ਼ਟਰੀ ਸਿਆਸਤ 'ਚ ਵੀ ਮੁੱਖ ਭੂਮਿਕਾ ਨਿਭਾਈ। ਸ. ਬਾਦਲ ਨੇ 1970 ਤੋਂ 1971, 1977 ਤੋਂ 1980, 1997 ਤੋਂ 2002, 2007 ਤੋਂ 2012 ਅਤੇ 2012 ਤੋਂ 2017 ਤੱਕ ਪੰਜ ਵਾਰ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ। ਬੀਤੇ ਸਾਲ 94 ਵਰ੍ਹਿਆਂ ਦੀ ਉਮਰ 'ਚ ਸ. ਬਾਦਲ ਸੂਬਾਈ ਚੋਣ ਲੜਨ ਵਾਲੇ ਦੇਸ਼ ਦੇ ਸਭ ਤੋਂ ਉਮਰਦਰਾਜ ਉਮੀਦਵਾਰ ਬਣੇ, ਜਦ ਉਹ 13ਵੀਂ ਵਾਰ ਚੋਣ ਮੈਦਾਨ 'ਚ ਉਤਰੇ ਸਨ। ਹਾਲਾਂਕਿ ਉਹ ਆਪਣੇ ਹਲਕੇ ਲੰਬੀ ਤੋਂ ਚੋਣ ਹਾਰ ਗਏ ਸਨ, ਜੋ ਸੱਤ ਦਹਾਕਿਆਂ ਤੋਂ ਵੱਧ ਦੇ ਉਨ੍ਹਾਂ ਦੇ ਸਿਆਸੀ ਕੈਰੀਅਰ 'ਚ ਸਿਰਫ਼ ਦੂਜੀ ਹਾਰ ਸੀ। ■ **ਬਾਕੀ ਖਬਰ ਸਫਾ 13 'ਤੇ**



ਸ. ਪ੍ਰਕਾਸ਼ ਸਿੰਘ ਬਾਦਲ ਨੂੰ 11 ਦਸੰਬਰ, 2011 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਰਤਨ ਫਖ਼ਰ-ਏ-ਕੌਮ ਦੀ ਉਪਾਧੀ ਨਾਲ ਨਿਵਾਜੇ ਜਾਣ ਸਮੇਂ ਦੀ ਤਸਵੀਰ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ 2019 ਦੀਆਂ ਲੋਕ ਸਭਾ ਚੋਣਾਂ ਲਈ ਵਾਰਾਣਸੀ ਦੇ ਕਲੈਕਟਰ ਦਫ਼ਤਰ ਵਿੱਚ ਨਾਮਜ਼ਦਗੀ ਭਰਨ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਦੇ ਪੈਰੀਂ ਹੱਥ ਲਾਉਂਦੇ ਹੋਏ।



ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨਾਲ ਪ੍ਰਕਾਸ਼ ਸਿੰਘ ਬਾਦਲ।




ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖ਼ਾਲਸਾ ਕੌਮ ਨੂੰ ਸਮਰਪਿਤ ਕਰਨ ਮੌਕੇ ਸ. ਪ੍ਰਕਾਸ਼ ਸਿੰਘ ਬਾਦਲ।


### ਪੰਜ ਵਾਰ ਬਣੇ ਪੰਜਾਬ ਦੇ ਮੁੱਖ ਮੰਤਰੀ

ਅੱਠ ਦਸੰਬਰ 1927 ਨੂੰ ਜਨਮੇ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ। ਸੰਨ 1947 ਵਿਚ ਰਾਜਨੀਤੀ ਵਿਚ ਪੈਰ ਧਰਨ ਵਾਲੇ ਪ੍ਰਕਾਸ਼ ਬਾਦਲ ਪਹਿਲੀ ਵਾਰ 1970-71 ਤੱਕ, ਦੂਜੀ ਵਾਰ 1977-80 ਤੱਕ, ਤੀਜੀ ਵਾਰ 1997-2002 ਤੱਕ ਅਤੇ ਬਾਅਦ ਵਿਚ ਲਗਾਤਾਰ ਦਸ ਸਾਲ 2007-2017 ਤੱਕ ਸੂਬੇ ਦੇ ਮੁੱਖ ਮੰਤਰੀ ਬਣੇ।

### ਪ੍ਰਧਾਨ ਮੰਤਰੀ ਮੋਦੀ ਨੇ ਸ. ਬਾਦਲ ਦੇ ਦੇਹਾਂਤ ਨੂੰ ਦੱਸਿਆ 'ਨਿੱਜੀ ਘਾਟਾ'



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਨੂੰ 'ਨਿੱਜੀ ਘਾਟਾ' ਦੱਸਿਆ ਹੈ। ਸ਼੍ਰੀ ਮੋਦੀ ਨੇ ਕਿਹਾ ਉਹ ਭਾਰਤੀ ਰਾਜਨੀਤੀ ਦੀ ਆਦਮ ਕੱਦ ਸ਼ਖ਼ਸੀਅਤ ਸਨ, ਜਿਨ੍ਹਾਂ ਰਾਸ਼ਟਰ ਲਈ ਵੱਡਾ ਯੋਗਦਾਨ ਪਾਇਆ। ਸ਼੍ਰੀ ਮੋਦੀ ਨੇ ਟਵੀਟ ਵਿਚ ਕਿਹਾ, "ਸ਼੍ਰੀ ਪ੍ਰਕਾਸ਼ ਸਿੰਘ ਬਾਦਲ ਜੀ ਦੇ ਦੇਹਾਂਤ ਨਾਲ ਵੱਡਾ ਦੁਖ ਹੋਇਆ ਹੈ। ਉਹ ਭਾਰਤੀ ਸਿਆਸਤ ਦੀ ਵੱਡ ਆਕਾਰੀ ਸ਼ਖ਼ਸੀਅਤ ਸਨ ਤੇ ਉਹ ਸ਼ਾਨਦਾਰ ਸਿਆਸਤਦਾਨ ਸਨ, ਜਿਨ੍ਹਾਂ ਦੇਸ਼ ਲਈ ਵੱਡਾ ਯੋਗਦਾਨ ਪਾਇਆ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਸ਼੍ਰੀ ਬਾਦਲ ਨੇ ਪੰਜਾਬ ਦੀ ਤਰੱਕੀ ਤੇ ਵਿਕਾਸ ਲਈ ਅਣਥੱਕ ਕੰਮ ਕੀਤਾ ਤੇ ਨਾਜ਼ੁਕ ਸਮਿਆਂ ਵਿਚ ਵੀ ਉਨ੍ਹਾਂ ਸੂਬੇ ਦੀ ਮੂਹਰੇ ਹੋ ਕੇ ਅਗਵਾਈ ਕੀਤੀ।



ਪ੍ਰਕਾਸ਼ ਸਿੰਘ ਬਾਦਲ ਦੇਸ਼ ਦੇ ਕੱਦਾਵਰ ਆਗੂਆਂ ਵਿਚੋਂ ਇਕ ਸਨ। ਆਪਣੇ ਮਿਸਾਲੀ ਕਰੀਅਰ ਦੌਰਾਨ ਭਾਵੇਂ ਉਹ ਬਹੁਤ ਸਮਾਂ ਪੰਜਾਬ ਤੱਕ ਸੀਮਤ ਰਹੇ, ਪਰ ਉਨ੍ਹਾਂ ਦਾ ਸਤਿਕਾਰ ਪੂਰੇ ਦੇਸ਼ ਵਿਚ ਸੀ। ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਿਵਾਰ ਤੇ ਚਾਹੁਣ ਵਾਲਿਆਂ ਨਾਲ ਹਨ।


**- ਦਰੋਪਦੀ ਮੁਰਮੂ, ਰਾਸ਼ਟਰਪਤੀ**

### ਭਗਵੰਤ ਮਾਨ ਵੱਲੋਂ ਦੁੱਖ ਦਾ ਪ੍ਰਗਟਾਵਾ



ਮਾਨ ਨੇ ਇਕ ਟਵੀਟ ਵਿਚ ਕਿਹਾ, "ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਦੀ ਦੁਖਦਾਈ ਖ਼ਬਰ ਮਿਲੀ...ਵਾਹਿਗੁਰੂ ਵਿਛੜੀ ਰੂਹ ਨੂੰ ਚਰਨਾਂ 'ਚ ਥਾਂ ਬਖ਼ਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ...ਵਾਹਿਗੁਰੂ ਵਾਹਿਗੁਰੂ।

### ਰਾਹੁਲ ਵੱਲੋਂ ਬਾਦਲ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਨਵੀਂ ਦਿੱਲੀ:** ਕਾਂਗਰਸ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਭਾਰਤ ਦੀ ਸਿਆਸਤ ਵਿਚ ਇਕ ਦੌਰ ਦਾ ਅੰਤ ਹੋ ਗਿਆ। ਮੈਂ ਸੁਖਬੀਰ ਸਿੰਘ ਬਾਦਲ ਸਣੇ ਸਾਰੇ ਪਰਿਵਾਰ ਤੇ ਸਮਰਥਕਾਂ ਨਾਲ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ।'



ਮੈਂ ਪੂਰੇ ਬਾਦਲ ਪਰਿਵਾਰ ਨਾਲ ਦੁੱਖ ਸਾਂਝਾ ਕਰਦਾ ਹਾਂ। 'ਬਾਦਲ ਸਾਹਿਬ' ਪਾਰਟੀਆਂ ਦੇ ਵਖ਼ਰੇਵਿਆਂ ਤੋਂ ਉਤੇ ਇਕ ਸਤਿਕਾਰਤ ਸ਼ਖ਼ਸੀਅਤ ਸਨ। ਪ੍ਰਮਾਤਮਾ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖ਼ਸ਼ੇ।

**- ਕੈਪਟਨ ਅਮਰਿੰਦਰ ਸਿੰਘ, ਭਾਜਪਾ ਆਗੂ**



ਸ੍ਰੀ ਬਾਦਲ ਪੰਜਾਬ ਅਤੇ ਪੰਜਾਬੀਆਂ ਦੇ ਸੱਚੇ ਹਮਦਰਦ ਸਨ। ਉਨ੍ਹਾਂ ਪੰਜਾਬ ਦੇ ਹੱਕਾਂ ਤੇ ਹਿਤਾਂ ਲਈ ਲੰਬਾ ਸਮਾਂ ਜੇਲ੍ਹ ਕੱਟੀ। ਕਈ ਦਹਾਕੇ ਰਾਜਨੀਤੀ ਵਿਚ ਬਣੇ ਰਹਿਣਾ ਅਤੇ ਅਕਾਲੀ ਸਿਆਸਤ ਨੂੰ ਅਗਵਾਈ ਦੇਣਾ ਉਨ੍ਹਾਂ ਦੀਆਂ ਅਹਿਮ ਪ੍ਰਾਪਤੀਆਂ ਹਨ।

**- ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਕਮੇਟੀ**

# ਨਿਊਯਾਰਕ 'ਚ ਅਪ੍ਰੈਲ ਮਹੀਨੇ ਨੂੰ ਸਿੱਖ ਜਾਗਰੂਕਤਾ ਮਹੀਨੇ ਵਜੋਂ ਮਨਾਉਣ ਲਈ ਮਤਾ ਪੇਸ਼



**ਰੋਚੈਸਟਰ (ਨਿਊਯਾਰਕ), (ਪੰਜਾਬ ਮੇਲ)** - ਨਿਊਯਾਰਕ ਸੈਨੇਟ 'ਚ ਸੈਨੇਟਰ ਕੇਵਿਨ ਥਾਮਸ ਵਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਜਾਗਰੂਕਤਾ ਮਹੀਨੇ ਵਜੋਂ ਮਾਨਤਾ ਦੇਣ ਲਈ ਮਤਾ ਪੇਸ਼ ਕੀਤਾ ਗਿਆ।

ਪੇਸ਼ ਕੀਤੇ ਗਏ ਮਤੇ ਅਨੁਸਾਰ ਅਪ੍ਰੈਲ ਮਹੀਨੇ ਨੂੰ ਨਿਊਯਾਰਕ ਸੂਬੇ 'ਚ ਸਿੱਖ ਜਾਗਰੂਕਤਾ ਮਹੀਨੇ ਵਜੋਂ ਮਾਨਤਾ ਦਿੱਤੀ ਗਈ। ਸੈਸ਼ਨ ਭਾਈ ਧਰਮਵੀਰ ਸਿੰਘ ਜੀ ਵੱਲੋਂ ਕੀਤੀ ਗਈ ਅਰਦਾਸ ਨਾਲ ਆਰੰਭ ਹੋਇਆ। ਸਾਰੇ ਸੈਨੇਟਰ ਅਰਦਾਸ ਵਿਚ ਸ਼ਾਮਲ ਹੋਏ। ਜੈਕਾਰਿਆਂ ਦੀ ਗੂੰਜ ਨਾਲ ਸੈਸ਼ਨ ਸ਼ੁਰੂ ਹੋਇਆ। ਦੋ




ਨੰਬਰ ਰੈਜ਼ੋਲੂਸ਼ਨ ਸੈਨੇਟਰ ਕੈਵਿਨ ਥਾਮਸ ਨੇ ਪੇਸ਼ ਕੀਤਾ। ਵੱਖਰੇ-ਵੱਖਰੇ ਸੈਨੇਟਰਾਂ ਨੇ ਇਸ ਮਤੇ ਦੇ ਹੱਕ ਵਿਚ ਆਪਣੇ ਵਿਚਾਰ ਰੱਖੇ।

■ **ਬਾਕੀ ਖਬਰ ਅਤੇ ਫੋਟੋਆਂ ਸਫਾ 4 'ਤੇ**

# ਕੈਲੀਫੋਰਨੀਆ ਅਸੈਂਬਲੀ ਵੱਲੋਂ ਵਿਸਾਖੀ ਨੂੰ ਮਾਨਤਾ ਦੇਣ ਲਈ ਮਤਾ ਪਾਸ

## ■ ਅਸੈਂਬਲੀ ਮੈਂਬਰ ਐਸ਼ ਕਾਲੜਾ ਅਤੇ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਵੱਲੋਂ ਪੇਸ਼ ਕੀਤਾ ਗਿਆ ਮਤਾ



**ਸੈਕਰਾਮੈਂਟੋ, (ਪੰਜਾਬ ਮੇਲ)**- ਕੈਲੀਫੋਰਨੀਆ ਦੀ ਸਟੇਟ ਅਸੈਂਬਲੀ ਵੱਲੋਂ ਲਗਾਤਾਰ ਛੇਵੇਂ ਸਾਲ ਵਿਸਾਖੀ ਦੇ ਪਵਿੱਤਰ ਤਿਉਹਾਰ ਨੂੰ ਮਤਾ ਪਾਸ ਕਰਕੇ ਮਾਨਤਾ ਦਿੱਤੀ ਗਈ ਹੈ। ਇਸ ਦੇ ਲਈ ਅਸੈਂਬਲੀ ਮੈਂਬਰ ਐਸ਼ ਕਾਲੜਾ ਅਤੇ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਅਸੈਂਬਲੀ ਵਿਚ ਮਤਾ ਰੱਖਿਆ। HR-20 ਨਾਂ ਹੇਠ ਮਤੇ ਵਿਚ ਪਹਿਲਾਂ ਅਸੈਂਬਲੀ ਮੈਂਬਰ ਐਸ਼ ਕਾਲੜਾ ਨੇ ਹਾਲ ਵਿਚ ਦੱਸਿਆ ਕਿ ਵਿਸਾਖੀ ਸਿੱਖ, ਹਿੰਦੂ ਅਤੇ ਬੁੱਧ ਧਰਮ ਵੱਲੋਂ ਭਾਰਤ ਵਿਚ ਅਪ੍ਰੈਲ ਮਹੀਨੇ 'ਚ ਮਨਾਈ ਜਾਂਦੀ ਹੈ। ਪਰ ਪੰਜਾਬ ਵਿਚ ਇਸ ਦਾ ਵੱਖਰਾ ਮਹੱਤਵ ਹੈ। ਇਥੇ ਫਸਲ ਦੀ ਕਟਾਈ ਤੋਂ ਬਾਅਦ ਇਹ ਤਿਉਹਾਰ ਮਨਾਇਆ ਜਾਂਦਾ ਹੈ। ਇਸ ਦੇ ਨਾਲ-ਨਾਲ ਇਸ ਦਿਨ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਵਿਚ ਖਾਲਸਾ ਪੰਥ ਦੀ ਸਥਾਪਨਾ ਕੀਤੀ ਗਈ ਸੀ। ਇਸ ਮਤੇ ਦੇ ਦੂਜੇ ਆਰਥਰ ਜਸਮੀਤ ਕੌਰ ਬੈਂਸ ਨੇ ਕਿਹਾ ਕਿ ਕੁੱਝ ਸਮਾਂ ਪਹਿਲਾਂ ਹੀ ਅਸੀਂ ਅਸੈਂਬਲੀ ਵਿਚ ਭਾਰਤ ਵਿਚ ਸਿੱਖ ਨਸਲਕੁਸ਼ੀ ਬਾਰੇ ਮਤਾ ਪਾਸ ਕਰਾਇਆ ਸੀ ਅਤੇ ਹੁਣ ਅਸੀਂ ਸਿੱਖਾਂ ਦੇ ਪਵਿੱਤਰ ਤਿਉਹਾਰ ਵਿਸਾਖੀ ਬਾਰੇ ਮਤਾ ਪਾਸ ਕਰਵਾ ਰਹੇ ਹਾਂ। ਉਨ੍ਹਾਂ ਕਿਹਾ ਕਿ ਵਿਸਾਖੀ ਸਿੱਖਾਂ ਲਈ ਇਕ ਮਹੱਤਵਪੂਰਨ ਦਿਨ ਹੈ। ਅਮਰੀਕਾ ਵਰਗੇ ਦੇਸ਼ ਵਿਚ ਇਸ ਸੰਬੰਧੀ ਮਤਾ ਪਾਸ ਕਰਾਉਣਾ ਆਪਣੇ ਆਪ ਵਿਚ ਅਹਿਮੀਅਤ ਰੱਖਦਾ ਹੈ। ਅਸੈਂਬਲੀ ਮੈਂਬਰ ਜੇਮਜ਼ ਗੈਲਗਰ ਨੇ ਸਿੱਖਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਨ੍ਹਾਂ ਦਾ ਅਮਰੀਕਾ ਦੇ ਅਰਥਚਾਰੇ ਵਿਚ ਅਹਿਮ ਯੋਗਦਾਨ ਹੈ। ਉਨ੍ਹਾਂ ਯੂਬਾ ਸਿਟੀ ਦੇ ਨਗਰ ਕੀਰਤਨ ਬਾਰੇ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਅਤੇ ਕਿਹਾ ਕਿ 1 ਲੱਖ ਦੇ ਕਰੀਬ ਲੋਕ ਉਥੇ ਹਰ ਸਾਲ ਨਵੰਬਰ ਮਹੀਨੇ ਵਿਚ ਇਕੱਤਰ ਹੁੰਦੇ ਹਨ, ਜੋ ਅਮਰੀਕਾ ਵਿਚ ਸਿੱਖਾਂ ਦੀ ਭਾਰੀ ਵਸੋਂ ਨੂੰ ਦਰਸਾਉਂਦਾ ਹੈ।

HR-20 ਨੂੰ ਸਮੁੱਚੇ ਅਸੈਂਬਲੀ ਮੈਂਬਰਾਂ ਵੱਲੋਂ ਵੋਟਿੰਗ ਕਰਕੇ ਪਾਸ ਕਰ ਦਿੱਤਾ ਗਿਆ। ਇਸ ਮੌਕੇ ਕੁੱਝ ਸਿੱਖ ਆਗੂ ਵੀ ਹਾਜ਼ਰ ਸਨ, ਜਿਨ੍ਹਾਂ ਵਿਚ ਡਾ. ਜਸਬੀਰ ਸਿੰਘ ਕੰਗ, ਗੁਰਜਤਿੰਦਰ ਸਿੰਘ ਰੰਧਾਵਾ, ਅਮਰੀਕ ਸਿੰਘ ਧੁੱਗਾ, ਹਰਦੀਪ ਸਿੰਘ, ਤਜਿੰਦਰ ਮਾਨ, ਸੁੱਖੀ ਕੰਗ, ਕੁਲਵੰਤ ਜੌਹਲ, ਜਸਪਾਲ ਜੌਹਲ, ਅਮਨ ਸੱਗੂ, ਡਾ. ਨਰਿੰਦਰ ਸਿੰਘ, ਹਿਤਪਾਲ ਦਿਓਲ, ਦਵਿੰਦਰ ਦਿਓਲ, ਡਾ. ਹਰਕਿਰਤ ਸੱਗੂ, ਰਵੀਨ ਰਾਏ, ਜਤਿੰਦਰ ਸਿੰਘ, ਅਮਰਜੀਤ ਰਾਏ, ਡਾ. ਕਰਮਜੀਤ ਸਿੰਘ, ਰੇਸ਼ਮ ਰਾਏ ਅਤੇ ਹੋਰ ਸ਼ਖਸੀਅਤਾਂ ਵੀ ਸ਼ਾਮਲ ਸਨ।

APCA is excited to announce its

# 9TH ANNUAL BUYER'S TRADE SHOW IN MODESTO

on
Thursday, April 27th, 2023
From 12:30pm to 5:30pm
at Modesto Centre Plaza 1010, L Street, Modesto, CA 95354

**FREE ADMISSION**

10 YEARS ANNIVERSARY

APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

**April 27th, From 12:30pm to 5:30pm**
**at Modesto Centre Plaza 1010, L Street, Modesto, CA 95354**

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ

## ੯ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

**27 ਅਪ੍ਰੈਲ 2023, 12.30 ਤੋਂ 5.30 ਵਜੇ ਤੱਕ**

**ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

*Special Vendor Deals + New Items*

- 80+Vendor Booths and 400+ Retailers From All Over California.
- Cash Prizes A GRAND PRIZE and free Raffle Prizes are being given Away

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 9ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 80 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।




*Live Performance*
**Malkit Singh**
*Venue:*
*THE STATE THEATER*
*1307, J Street, Modesto, CA 95354*
*Thursday, April 27th*
*From 7:00pm to 9:00pm*

FOR FREE TICKET POLICY & PRICING INFORMATION

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2023 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET ONE ADDITIONAL FREE TICKET PER STORE
- TO RECEIVE YOUR FREE TICKET, MUST ATTEND APCA TRADE SHOW ON APRIL 27 AT MODESTO CENTRE PLAZA, MODESTO
- ADDITIONAL TICKETS : $50 each

For More Information

PUNEET BAINS: 559-347-7728 | PAUL HAYER: 707-290-8530 | KEWAL KRISHAN: 510-290-7144 | ANDY CHHIKARA: 559-259-4006
JEET SANDHU: 209-765-2619 | SUKHI SANDHU: 209-505-0876 | APCA OFFICE: 916-627-1170 | ROCKY MALHI : 916-792-8023

Copyright @ Punjab Mail USA


10 YEARS ANNIVERSARY
APCA
AMERICAN PETROLEUM AND CONVENIENCE STORE ASSOCIATION
9th Annual BUYER'S Trade Show In Modesto
on Thursday, April 27th, 2023 From 12:30pm to 5:30pm
at Modesto Centre Plaza 1010, L Street, Modesto, CA 95354
Grand sponsor
AUTO GROUP
Media Partners
PUNJAB MAIL USA TV Channel
Radio Punjab
ਸਾਂਝੀ ਸੋਚ
ਸਾਡੇ ਲੋਕ
SADE LOK
PTC PUNJABI
Host
Jot Ranjit
Copyright @ Punjab Mail USA
Live Performance
Malkit Singh
Thursday, April 27th From 7:00pm to 9:00pm
Venue: THE STATE THEATER, 1307, J Street, Modesto, CA 95354
"APCA members will get at the Trade Show, one ticket of $100 value FREE per paid store membership. 2nd ticket at discounted price of $20 and more additional tickets at $50 can be purchased at Trade Show, subject to availability on first come first basis.
For More Information
PUNEET BAINS : 559-347-7728
JEET SANDHU : 209-765-2619
PAUL HAYER : 707-290-8530
SUKHI SANDHU : 209-505-0876
KEWAL KRISHAN: 510-290-7144
APCA OFFICE : 916-627-1170
ANDY CHHIKARA: 559-259-4006
Rocky Malhi : 916-792-8023

## ਬੀ.ਏ.ਪੀ.ਐੱਸ. ਸੰਸਥਾ ਵੱਲੋਂ ਪਤੰਗਬਾਜ਼ੀ ਸਮਾਗਮ ਕਰਵਾਇਆ ਗਿਆ





**ਸੈਕਰਾਮੈਂਟੋ, (ਪੰਜਾਬ ਮੇਲ)-** ਸੈਕਰਾਮੈਂਟੋ ਕਾਊਂਟੀ ਦੇ ਮੇਥਰ ਸ਼ਹਿਰ 'ਚ ਸਥਿਤ ਬੀ.ਏ.ਪੀ.ਐੱਸ. ਸੰਸਥਾ ਵੱਲੋਂ ਹਰ ਇਕ ਦਿਨ, ਤਿਉਹਾਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਪਤੰਗਬਾਜ਼ੀ ਦਾ ਤਿਉਹਾਰ ਇਥੇ ਵਿਸ਼ੇਸ਼ ਤੌਰ 'ਤੇ ਮਨਾਇਆ ਗਿਆ, ਜਿਸ ਦੌਰਾਨ ਭਾਰੀ ਗਿਣਤੀ ਵਿਚ ਵੱਖ-ਵੱਖ ਫਿਰਕੇ ਦੇ ਲੋਕ ਇਥੇ ਪਹੁੰਚੇ ਅਤੇ ਉਨ੍ਹਾਂ ਨੇ ਪਤੰਗਬਾਜ਼ੀ ਦਾ ਆਨੰਦ ਲਿਆ। ਬੀ.ਏ.ਪੀ.ਐੱਸ. ਸੰਸਥਾ ਵੱਲੋਂ ਪਤੰਗਬਾਜ਼ੀ ਲਈ ਬਹੁਤ ਵਧੀਆ ਇੰਤਜ਼ਾਮ ਕੀਤੇ ਗਏ ਸਨ। ਇਸ ਵਿਚ ਹਿੱਸਾ ਲੈਣ ਲਈ ਪਤੰਗ ਅਤੇ ਡੋਰ ਵੀ ਮੌਕੇ 'ਤੇ ਉਪਲਬੱਧ ਸੀ। ਇਸ ਪਤੰਗਬਾਜ਼ੀ ਸਮਾਗਮ ਵਿਚ ਵੱਖ-ਵੱਖ ਵਰਗ ਅਤੇ ਉਮਰ ਦੇ ਲੋਕਾਂ ਨੇ ਸ਼ਿਰਕਤ ਕੀਤੀ। ਖਾਸ ਤੌਰ 'ਤੇ ਬੱਚਿਆਂ ਨੇ ਇਸ ਵਿਚ ਬੜਾ ਉਤਸ਼ਾਹ ਦਿਖਾਇਆ। ਆਸਮਾਨ ਰੰਗ-ਬਿਰੰਗੇ ਪਤੰਗਾਂ ਨਾਲ ਭਰਿਆ ਹੋਇਆ ਸੀ। ਬੀ.ਏ.ਪੀ.ਐੱਸ. ਸੰਸਥਾ ਦਾ ਇਹ ਉਪਰਾਲਾ ਹੁੰਦਾ ਹੈ ਕਿ ਹਰ ਵਰਗ ਦੇ ਲੋਕ ਇਕ ਸਥਾਨ 'ਤੇ ਇਕੱਠੇ ਹੋਣ, ਤਾਂਕਿ ਸਮਾਜ ਵਿਚ ਸ਼ਾਂਤੀ ਅਤੇ ਪਿਆਰ ਦੀ ਸਦਭਾਵਨਾ ਨੂੰ ਕਾਇਮ ਰੱਖਿਆ ਜਾ ਸਕੇ।

ਇਸ ਦੌਰਾਨ ਬੀ.ਏ.ਪੀ.ਐੱਸ., ਸੈਕਰਾਮੈਂਟੋ ਦੇ ਸੰਸਥਾਪਕ ਸਾਧੂ ਹਰੀਨਿਵਾਸ ਦਾਸ, ਸਾਧੂ ਵਿਨਮਰਾ ਜੀਵਨ ਦਾਸ ਨੇ ਪੰਜਾਬ ਮੇਲ ਟੀ.ਵੀ. ਨਾਲ ਗੱਲਬਾਤ ਕਰਦਿਆਂ ਬੀ.ਏ.ਪੀ.ਐੱਸ. ਦੇ ਮੁੱਢਲੇ ਸਿਧਾਂਤਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਦੇ ਸੰਖੇਪ ਇਤਿਹਾਸ ਬਾਰੇ ਵੀ ਦੱਸਿਆ। ਜ਼ਿਕਰਯੋਗ ਹੈ ਕਿ ਇਹ ਸੰਸਥਾ ਪਿਛਲੇ 100 ਸਾਲ ਤੋਂ ਪਹਿਲਾਂ ਦੀ ਹੋਂਦ ਵਿਚ ਆਈ ਹੋਈ ਸੀ ਅਤੇ ਇਸ ਸੰਸਥਾ ਵੱਲੋਂ ਦੁਨੀਆਂ ਭਰ ਵਿਚ ਪਿਆਰ ਅਤੇ ਸ਼ਾਂਤੀ ਦਾ ਸੰਦੇਸ਼ ਦਿੱਤਾ ਜਾ ਰਿਹਾ ਹੈ।

## ਨਿਊਯਾਰਕ 'ਚ ਅਪ੍ਰੈਲ ਮਹੀਨੇ ਨੂੰ ਸਿੱਖ ਜਾਗਰੂਕਤਾ ਮਹੀਨੇ ਵਜੋਂ ਮਨਾਉਣ ਲਈ ਮਤਾ ਪੇਸ਼





■ **ਸਫਾ 1 ਦਾ ਬਾਕੀ**

ਤਾੜੀਆਂ ਦੀ ਗੜਗੜਾਹਟ ਨਾਲ ਮਤੇ ਦਾ ਸਮਰਥਨ ਹੋਇਆ।

ਨਿਊਯਾਰਕ ਦੀ ਸੰਗਤ ਹਰਪ੍ਰੀਤ ਸਿੰਘ ਤੂਰ ਦੀ ਅਗਵਾਈ ਵਿਚ ਅਤੇ ਰੋਚੈਸਟਰ ਦੀ ਸੰਗਤ ਹਰਜੀਤ ਸਿੰਘ ਵੜੈਚ ਅਤੇ ਮੱਖਣ ਸਿੰਘ ਦੀ ਅਗਵਾਈ ਵਿਚ ਸੁਰਿੰਦਰ ਸਿੰਘ, ਲਖਵਿੰਦਰ ਸਿੰਘ ਵਿਰਕ, ਜਸਕਰਨ ਸਿੰਘ ਅਤੇ ਡਾ. ਅਜੀਤ ਸਿੰਘ ਕੋਟਕਪੂਰਾ ਸੈਨੇਟ ਦੀ ਗੈਲਰੀ 'ਚ ਹਾਜ਼ਰ ਸਨ। ਸਾਰਾ ਹਾਲ ਮਤੇ ਦੇ ਮਨਜ਼ੂਰ ਹੋਣ ਤੋਂ ਬਾਅਦ ਤਾੜੀਆਂ ਦੀ ਗੜਗੜਾਹਟ ਨਾਲ ਗੂੰਜ ਉਠਿਆ। ਇਸ ਮੌਕੇ 'ਤੇ ਸਿੱਖਾਂ ਦੀਆ ਕੁਰਬਾਨੀਆਂ ਅਤੇ ਸਿੱਖਾਂ ਵਲੋਂ ਅਮਰੀਕਾ ਵਿਚ ਕੀਤੇ ਗਏ ਕੰਮਾਂ ਨੂੰ ਸਲਾਹਿਆ ਗਿਆ।

ਸਿੱਖਾਂ ਦੀ ਗਿਣਤੀ ਸਾਰੇ ਸੰਸਾਰ ਵਿਚ 30 ਮਿਲ਼ੀਅਨ ਹੈ ਅਤੇ ਅਮਰੀਕਾ ਵਿਚ ਇਹ ਗਿਣਤੀ ਪੰਜ ਲੱਖ ਦੇ ਲਗਭਗ ਹੈ। ਸਿੱਖ ਧਰਮ ਸੰਸਾਰ ਦਾ ਪੰਜਵਾਂ ਧਰਮ ਹੈ। ਮਤੇ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਅਮਰੀਕਨ ਸਿੱਖ ਆਪਣੇ ਅੰਦਰ ਅਮੀਰ ਵਿਰਸਾ ਸੰਭਾਲੀ ਬੈਠੇ ਹਨ। ਇਨ੍ਹਾਂ ਨੇ ਅਮਰੀਕਾ ਦੀ ਆਰਥਿਕ ਉੱਨਤੀ ਵਿਚ ਬਹੁਤ ਯੋਗਦਾਨ ਪਾਇਆ ਹੈ। ਨਿਊਯਾਰਕ ਗਵਰਨਰ ਨੂੰ ਅਪ੍ਰੈਲ ਨੂੰ ਸਿੱਖ ਜਾਗਰੂਕਤਾ ਮਹੀਨੇ ਵਜੋਂ ਐਲਾਨਣ ਲਈ ਬੇਨਤੀ ਕੀਤੀ ਗਈ ਹੈ।

## ਗੈਰ ਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਅਮਰੀਕਾ ਦਾਖਲ ਹੋਏ 9 ਵਿਅਕਤੀਆਂ ਦੀ ਬਚਾਈ ਜਾਨ

**ਵਾਰਰੋਡ, (ਪੰਜਾਬ ਮੇਲ)-** ਕੈਨੇਡਾ ਤੋਂ ਗੈਰ-ਕਾਨੂੰਨੀ ਢੰਗ ਨਾਲ ਸੰਯੁਕਤ ਰਾਜ ਅਮਰੀਕਾ ਵਿਚ ਦਾਖਲ ਹੋਏ 9 ਵਿਅਕਤੀਆਂ ਨੂੰ ਸਬ-ਫ੍ਰੀਜ਼ਿੰਗ ਦਲਦਲ ਤੋਂ ਬਚਾਇਆ ਗਿਆ ਅਤੇ ਠੰਡ ਲੱਗਣ ਕਾਰਨ ਉਨ੍ਹਾਂ ਦਾ ਡਾਕਟਰੀ ਇਲਾਜ ਦਿੱਤਾ ਗਿਆ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। 9 ਵਿਅਕਤੀ, ਜਿਨ੍ਹਾਂ ਦੀ ਉਮਰ 19 ਤੋਂ 46 ਦੇ ਵਿਚਕਾਰ ਹੈ, ਕੈਨੇਡੀਅਨ ਸਰਹੱਦ ਦੇ ਦੱਖਣ ਵਿਚ ਲਗਭਗ 7.5 ਮੀਲ (12 ਕਿਲੋਮੀਟਰ) ਦੱਖਣ ਵਿਚ ਇਕ ਛੋਟੀ ਝੀਲ ਦੇ ਕਿਨਾਰੇ ਮਿਨੇਸੋਟਾ ਭਾਈਚਾਰੇ ਦੇ ਵਾਰਰੋਡ ਨੇੜੇ ਲੱਭੇ ਗਏ। ਇਹ ਇਲਾਕਾ ਅਧਿਕਾਰਤ ਪੋਰਟ ਆਫ਼ ਐਂਟਰੀ ਦੇ ਦੱਖਣ-ਪੱਛਮ ਵੱਲ ਹੈ। ਇਕ ਬਾਰਡਰ ਪੈਟਰੋਲ ਦੇ ਬਿਆਨ ਵਿਚ ਕਿਹਾ ਗਿਆ ਕਿ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਕਿਹਾ ਕਿ ਪੁਰਸ਼ਾਂ ਦੇ ਸਮੂਹ ਵਿਚ ਕਿਸੇ ਵਿਅਕਤੀ ਨੇ ਐਮਰਜੈਂਸੀ ਫ਼ੋਨ ਕਾਲ ਕੀਤੀ ਸੀ। ਇਸ ਮਗਰੋਂ ਸਵੇਰੇ 5 ਵਜੇ ਦੇ ਕਰੀਬ ਯੂ.ਐੱਸ. ਬਾਰਡਰ ਪੈਟਰੋਲ ਏਜੰਟ ਅਤੇ ਹੋਰ ਏਜੰਸੀਆਂ ਦੇ ਬਚਾਅ ਕਰਤਾਵਾਂ ਨੂੰ ਖੇਤਰ ਵਿਚ ਭੇਜਿਆ ਗਿਆ। ਆਦਮੀ ਇਕ ਹੜ੍ਹ ਦੀ ਦਲਦਲ ਵਿਚ ਪਾਏ ਗਏ ਸਨ। ਬਿਆਨ ਵਿਚ ਕਿਹਾ ਗਿਆ ਕਿ "ਜਦੋਂ ਏਜੰਟ ਮੌਕੇ 'ਤੇ ਪਹੁੰਚੇ, ਤਾਂ ਉਨ੍ਹਾਂ ਨੇ ਨਿਰਧਾਰਿਤ ਕੀਤਾ ਕਿ ਬੋਗ ਵਿਚ ਤਾਪਮਾਨ ਠੰਡ ਤੋਂ ਹੇਠਾਂ ਸੀ ਅਤੇ ਉਨ੍ਹਾਂ ਨੂੰ ਸਮੂਹ ਤੱਕ ਪਹੁੰਚਣ ਲਈ ਵਿਸ਼ੇਸ਼ ਉਪਕਰਨਾਂ ਦੀ ਜ਼ਰੂਰਤ ਹੋਵੇਗੀ।" "ਏਜੰਟ ਸੁਰੱਖਿਆ ਸੂਟ ਪਹਿਨ ਕੇ ਪੁਰਸ਼ਾਂ ਨੂੰ ਠੰਡੇ ਪਾਣੀ ਤੋਂ ਬਚਾਉਣ ਦੇ ਯੋਗ ਸਨ।" ਪੁਰਸ਼ਾਂ ਨੂੰ ਇਲਾਜ ਲਈ ਮੈਡੀਕਲ ਸਹੂਲਤਾਂ ਵਿਚ ਲਿਜਾਇਆ ਗਿਆ ਅਤੇ ਸੱਤ ਨੂੰ ਬਾਅਦ ਵਿਚ ਇਮੀਗ੍ਰੇਸ਼ਨ ਦੀ ਹਿਰਾਸਤ ਵਿਚ ਲੈ ਲਿਆ ਗਿਆ। ਬਾਕੀ ਦੋ ਆਦਮੀਆਂ ਦੀਆਂ ਸਥਿਤੀਆਂ ਬਾਰੇ ਤੁਰੰਤ ਕੋਈ ਜਾਣਕਾਰੀ ਨਹੀਂ ਸੀ।

## ਅਮਰੀਕਾ ਇਸ ਸਾਲ 10 ਲੱਖ ਤੋਂ ਵੱਧ ਭਾਰਤੀਆਂ ਨੂੰ ਦੇਵੇਗਾ ਵੀਜ਼ੇ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਇਸ ਸਾਲ ਭਾਰਤੀਆਂ ਨੂੰ 10 ਲੱਖ ਤੋਂ ਵੱਧ ਵੀਜ਼ੇ ਜਾਰੀ ਕਰਨ ਦੀ ਦਿਸ਼ਾ ਵੱਲ ਵਧ ਰਿਹਾ ਹੈ। ਬਾਇਡਨ ਪ੍ਰਸ਼ਾਸਨ 'ਚ ਦੱਖਣੀ ਏਸ਼ੀਆ ਲਈ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਉਸ ਨੇ ਭਰੋਸਾ ਦਿਵਾਇਆ ਕਿ ਬਾਇਡਨ ਪ੍ਰਸ਼ਾਸਨ ਉਨ੍ਹਾਂ ਸਾਰੇ ਭਾਰਤੀਆਂ ਲਈ ਵਿਦਿਆਰਥੀ ਵੀਜ਼ਾ ਦੀ ਪ੍ਰਕਿਰਿਆ ਨੂੰ ਇਸ ਗਰਮੀ ਵਿਚ ਪੂਰਾ ਕਰੇਗਾ, ਜਿਨ੍ਹਾਂ

**■ ਸਤੰਬਰ ਸੈਸ਼ਨ ਵਾਲੇ ਵਿਦਿਆਰਥੀਆਂ ਦੇ ਕੇਸਾਂ ਦਾ ਨਿਬੇੜਾ ਛੇਤੀ: ਅਮਰੀਕਾ**

ਦੇ ਸਕੂਲ ਸਤੰਬਰ ਵਿਚ ਸ਼ੁਰੂ ਹੋਣ ਵਾਲੇ ਹਨ। ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਦੇ ਅਸਿਸਟੈਂਟ ਸੈਕਟਰੀ ਆਫ ਸਟੇਟ ਡੋਨਾਲਡ ਲੂ ਨੇ ਇਸ ਹਫਤੇ ਦੱਸਿਆ ਕਿ ਉਹ ਵਰਕ ਵੀਜ਼ਾ ਨੂੰ ਵੀ ਪਹਿਲ ਦੇ ਰਹੇ ਹਨ।


ਜ਼ਿਕਰਯੋਗ ਹੈ ਕਿ ਭਾਰਤ ਵਿਚ ਆਈ.ਟੀ. ਪੇਸ਼ੇਵਰਾਂ ਵਿਚ ਐੱਚ-1ਬੀ ਅਤੇ ਐੱਲ ਵੀਜ਼ਾ ਦੀ ਬਹੁਤ ਮੰਗ ਹੈ। ਐੱਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਖਾਸ ਵਿਸ਼ੇਸ਼ਤਾਵਾਂ ਵਿਚ ਵਿਦੇਸ਼ੀ ਕਰਮਚਾਰੀਆਂ ਦੀ ਭਰਤੀ ਕਰਨ ਦੀ ਇਜਾਜ਼ਤ ਦਿੰਦਾ ਹੈ। ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਦੀ ਭਰਤੀ ਕਰਨ ਲਈ ਇਸ 'ਤੇ ਨਿਰਭਰ ਕਰਦੀਆਂ ਹਨ।



# ਜੋਅ ਬਾਇਡਨ ਤੇ ਕਮਲਾ ਹੈਰਿਸ 2024 ਦੀਆਂ ਚੋਣਾਂ 'ਚ ਮੁੜ ਅਜ਼ਮਾਉਣਗੇ ਕਿਸਮਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਉਹ ਤੇ ਉਨ੍ਹਾਂ ਦੀ ਡਿਪਟੀ ਕਮਲਾ ਹੈਰਿਸ 2024 ਵਿਚ ਮੁੜ ਚੋਣ ਮੈਦਾਨ ਵਿਚ ਨਿੱਤਰਨਗੇ। ਬਾਇਡਨ ਨੇ ਅਮਰੀਕੀਆਂ ਤੋਂ ਹੋਰ ਸਮਾਂ ਮੰਗਦਿਆਂ ਕਿਹਾ ਕਿ 'ਕੰਮ ਪੂਰਾ ਕਰਨ ਲਈ' ਅਜੇ ਹੋਰ ਸਮੇਂ ਦੀ ਲੋੜ ਹੈ। ਬਾਇਡਨ 2020 ਵਿਚ ਡੋਨਲਡ ਟਰੰਪ ਨੂੰ ਹਰਾ ਕੇ ਅਮਰੀਕੀ ਇਤਿਹਾਸ ਵਿਚ ਮੁਲਕ ਦੇ ਸਭ ਤੋਂ ਉਮਰ ਦਰਾਜ਼ ਰਾਸ਼ਟਰਪਤੀ ਬਣੇ ਸਨ।

ਬਾਇਡਨ ਨੇ ਉਪਰੋਕਤ ਐਲਾਨ ਤਿੰਨ ਮਿੰਟ ਦੇ ਪ੍ਰਮੋਸ਼ਨਲ ਵੀਡੀਓ ਵਿਚ ਕੀਤਾ ਹੈ, ਜੋ ਇਕਹਿਰੇ ਸ਼ਬਦ- ਆਜ਼ਾਦੀ ਨਾਲ ਸ਼ੁਰੂ ਹੁੰਦਾ ਹੈ। ਬਾਇਡਨ ਨੇ ਦਲੀਲ ਦਿੱਤੀ ਕਿ ਗਰਭਪਾਤ ਦਾ ਹੱਕ, ਜਮਹੂਰੀਅਤ ਦੀ ਰੱਖਿਆ, ਵੋਟ ਦਾ



ਅਧਿਕਾਰ ਤੇ ਸਮਾਜਿਕ ਸੁਰੱਖਿਆ ਦਾ ਤਾਣਾ 2024 ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਸਭ ਤੋਂ ਅਹਿਮ ਮੁੱਦੇ ਹੋਣਗੇ। ਅਮਰੀਕੀ ਸਦਰ ਨੇ ਕਿਹਾ, "ਹਰੇਕ ਪੀੜ੍ਹੀ ਕੋਲ ਇਕ ਪਲ ਆਉਂਦਾ ਹੈ, ਜਦੋਂ ਉਨ੍ਹਾਂ ਜਮਹੂਰੀਅਤ ਲਈ ਖੜ੍ਹਨਾ ਹੁੰਦਾ ਹੈ। ਆਪਣੇ ਮੌਲਿਕ ਅਧਿਕਾਰਾਂ ਲਈ ਖੜ੍ਹਨਾ ਹੁੰਦਾ ਹੈ। ਮੇਰਾ ਮੰਨਣਾ ਹੈ ਕਿ ਇਹ ਸਾਡਾ ਮੌਕਾ ਹੈ। ਇਹੀ ਵਜ੍ਹਾ ਹੈ ਕਿ ਮੈਂ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਮੁੜ ਲੜਾਂਗਾ। ਸਾਡੇ ਨਾਲ ਜੁੜੋ। ਆਓ ਇਸ ਕੰਮ ਨੂੰ ਨੇਪਰੇ ਚਾੜ੍ਹੀਏ।" ਉਪ ਰਾਸ਼ਟਰਪਤੀ ਕਮਲਾ ਹੈਰਿਸ, ਜੋ ਭਾਰਤੀ-ਅਮਰੀਕੀ ਹੈ, 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਬਾਇਡਨ ਦੇ ਡਿਪਟੀ ਵਜੋਂ ਮੁੜ ਕਿਸਮਤ ਅਜ਼ਮਾਉਣਗੇ। ਵੀਡੀਓ 'ਚ ਬਾਇਡਨ ਨੇ 2024 ਦੀਆਂ ਚੋਣਾਂ ਨੂੰ ਰਿਪਬਲਿਕਨਾਂ ਦੇ ਕੱਟੜਵਾਦ ਖਿਲਾਫ਼ ਲੜਾਈ ਦੱਸਦਿਆਂ ਕਿਹਾ ਕਿ ਦੇਸ਼ ਦੇ ਕਿਰਦਾਰ ਨੂੰ ਮੁੜ ਬਹਾਲ ਕਰਨ ਲਈ ਉਨ੍ਹਾਂ ਜਿਹੜੀ ਸਹੁੰ ਖਾਧੀ ਸੀ, ਉਸ ਨੂੰ ਪੂਰੀ ਤਰ੍ਹਾਂ ਹਕੀਕੀ ਰੂਪ ਦੇਣ ਲਈ ਅਜੇ ਉਨ੍ਹਾਂ ਨੂੰ ਹੋਰ ਸਮੇਂ ਦੀ ਲੋੜ ਹੈ। ਬਾਇਡਨ ਨਵੰਬਰ ਵਿਚ 80 ਸਾਲ ਦੇ ਹੋ ਗਏ ਸਨ ਤੇ ਜੇਕਰ 2024 ਵਿਚ ਮੁੜ ਚੁਣੇ ਜਾਂਦੇ ਹਨ, ਤਾਂ ਉਹ ਅਮਰੀਕਾ ਦੇ ਸਭ ਤੋਂ ਵਡੇਰੀ ਉਮਰ ਦੇ ਰਾਸ਼ਟਰਪਤੀ ਹੋਣਗੇ।

# ਸਕੂਲੀ ਪਾਠਕ੍ਰਮ 'ਚ ਸਿੱਖ ਧਰਮ ਨੂੰ ਸ਼ਾਮਲ ਕਰਨ ਵਾਲਾ ਵਰਜੀਨੀਆ 17ਵਾਂ ਸੂਬਾ ਬਣਿਆ

**ਨਿਊਯਾਰਕ, (ਪੰਜਾਬ ਮੇਲ)-** ਯੂਟਾ ਅਤੇ ਮਿਸੀਸਿਪੀ ਤੋਂ ਬਾਅਦ ਵਰਜੀਨੀਆ ਅਮਰੀਕਾ ਦਾ 17ਵਾਂ ਸੂਬਾ ਬਣ ਗਿਆ ਹੈ, ਜਿਥੇ ਸਕੂਲੀ ਪਾਠਕ੍ਰਮ ਵਿਚ ਸਿੱਖ ਧਰਮ ਨੂੰ ਸ਼ਾਮਲ ਕੀਤਾ ਹੈ। ਵਰਜੀਨੀਆ ਸਟੇਟ ਬੋਰਡ ਆਫ਼ ਐਜੂਕੇਸ਼ਨ ਨੇ ਵੀਰਵਾਰ ਨੂੰ ਸਿੱਖਣ ਦੇ ਨਵੇਂ ਇਤਿਹਾਸ ਅਤੇ ਸਮਾਜਿਕ ਵਿਗਿਆਨ ਮਿਆਰਾਂ ਦੇ ਹੱਕ ਵਿਚ ਵੋਟ ਦਿੱਤੀ, ਜਿਸ ਵਿਚ ਪਹਿਲੀ ਵਾਰ ਸਿੱਖ ਧਰਮ ਸ਼ਾਮਲ ਹੈ।

ਨਵੇਂ ਮਾਪਦੰਡ ਵਰਜੀਨੀਆ ਦੇ 10 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਪ੍ਰਦਾਨ ਕਰਨਗੇ। ਸਿੱਖ ਕੁਲੀਸ਼ਨ ਦੇ ਸੀਨੀਅਰ ਐਜੂਕੇਸ਼ਨ ਮੈਨੇਜਰ ਹਰਮਨ ਸਿੰਘ ਨੇ ਕਿਹਾ, "ਸਥਾਨਕ ਸੰਗਤ ਦੇ ਨਾਲ ਦੋ ਸਾਲਾਂ ਤੋਂ ਵੱਧ ਰੁਝੇਵਿਆਂ ਤੋਂ ਬਾਅਦ,

**■ ਹੁਣ ਅਮਰੀਕਾ ਦੇ 17 ਸੂਬਿਆਂ ਦੇ ਸਕੂਲਾਂ 'ਚ ਪੜ੍ਹਾਇਆ ਜਾਵੇਗਾ ਸਿੱਖ ਧਰਮ**

ਇਹ ਤਬਦੀਲੀ ਇਹ ਯਕੀਨੀ ਬਣਾਉਣ ਵਿਚ ਮਦਦ ਕਰੇਗੀ ਕਿ ਸਿੱਖੀ ਨੂੰ ਵਰਜੀਨੀਆ ਦੇ ਰਾਸ਼ਟਰਮੰਡਲ ਵਿਚ ਕਲਾਸਰੂਮਾਂ ਵਿਚ ਪੜ੍ਹਾਇਆ ਜਾ ਸਕਦਾ ਹੈ।" ਸਿੰਘ ਨੇ ਇੱਕ ਬਿਆਨ ਵਿਚ ਕਿਹਾ, "ਸਮੂਹਿਕ ਅਤੇ ਸਹੀ ਮਾਪਦੰਡ ਕੱਟੜਤਾ ਦਾ ਮੁਕਾਬਲਾ ਕਰਨ ਅਤੇ ਧੱਕੇਸ਼ਾਹੀ ਨੂੰ ਘਟਾਉਣ ਲਈ ਇੱਕ ਮਹੱਤਵਪੂਰਨ ਪਹਿਲਾ ਕਦਮ ਹੈ, ਅਤੇ ਇਹ ਸੱਭਿਆਚਾਰਕ ਯੋਗਤਾ ਨੂੰ ਵਧਾ ਕੇ ਸਾਰੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਂਦੇ ਹਨ।" ਸਿੱਖ ਕੁਲੀਸ਼ਨ, ਜੋ ਮਾਰਚ 2021 ਤੋਂ ਸਕੂਲਾਂ ਵਿਚ ਸਿੱਖ ਧਰਮ, ਸਿੱਖ ਅਭਿਆਸਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਸ਼ਾਮਲ ਕਰਨ ਲਈ ਕੰਮ ਕਰ ਰਹੀ ਹੈ, ਨੇ ਕਿਹਾ ਕਿ ਸਮਾਜਿਕ ਅਧਿਐਨ ਦੇ ਮਾਪਦੰਡ ਗੰਭੀਰ ਅਤੇ ਚੰਗੀ ਤਰ੍ਹਾਂ ਦਸਤਾਵੇਜ਼ੀ ਖਾਮੀਆਂ ਦੇ ਨਾਲ ਆਉਂਦੇ ਹਨ, ਅਤੇ ਬਹੁਤ ਸਾਰੇ ਅਜਿਹੇ ਭਾਈਚਾਰੇ ਹਨ, ਜਿਨ੍ਹਾਂ ਦੀ ਨੁਮਾਇੰਦਗੀ ਉਸ ਤਰ੍ਹਾਂ ਨਹੀਂ ਕੀਤੀ ਜਾਂਦੀ, ਜਿਵੇਂ ਉਨ੍ਹਾਂ ਦੀ ਹੋਣੀ ਚਾਹੀਦੀ ਹੈ। ਅਮਰੀਕਾ ਸਥਿਤ ਸੰਸਥਾ ਨੇ ਇੱਕ ਬਿਆਨ ਵਿਚ ਕਿਹਾ, "ਅਸੀਂ ਸਿਰਫ਼ ਸਿੱਖ ਭਾਈਚਾਰੇ ਲਈ ਹੀ ਨਹੀਂ, ਸਗੋਂ ਉਨ੍ਹਾਂ ਸਾਰੇ ਸਮੂਹਾਂ ਲਈ ਲੜਨਾ ਜਾਰੀ ਰੱਖਦੇ ਹਾਂ, ਜਿਨ੍ਹਾਂ ਦੇ ਇਤਿਹਾਸ ਨੂੰ ਸਹੀ ਢੰਗ ਨਾਲ ਪੜ੍ਹਾਇਆ ਜਾਣਾ ਚਾਹੀਦਾ ਹੈ।"

# ਅਮਰੀਕਾ 'ਚ ਭਾਰਤੀ-ਅਮਰੀਕੀ ਸਭ ਤੋਂ ਜ਼ਿਆਦਾ ਔਸਤ ਘਰੇਲੂ ਆਮਦਨ ਵਾਲੇ

**ਜਲੰਧਰ, (ਪੰਜਾਬ ਮੇਲ)-** ਯੂ.ਐੱਸ. ਸੈਂਸਿਸ ਬਿਊਰੋ ਦੇ ਅੰਕੜਿਆਂ ਮੁਤਾਬਕ ਭਾਰਤੀ-ਅਮਰੀਕੀ ਦੇਸ਼ ਵਿਚ ਸਭ ਤੋਂ ਜ਼ਿਆਦਾ ਔਸਤ ਘਰੇਲੂ ਆਮਦਨ ਵਾਲੇ ਹਨ। ਅੰਕੜਿਆਂ ਦੀ ਸਾਲਾਨਾ ਔਸਤ ਘਰੇਲੂ ਆਮਦਨ 83 ਲੱਖ ਰੁਪਏ ਤੋਂ ਜ਼ਿਆਦਾ ਅਤੇ ਆਪਣੇ ਸਮੂਹ ਦੀ ਆਬਾਦੀ ਵਿਚ 70 ਫ਼ੀਸਦੀ ਦੇ ਨੇੜੇ ਗ੍ਰੈਜੂਏਸ਼ਨ ਦੀਆਂ ਡਿਗਰੀਆਂ ਹਨ, ਜਦਕਿ ਅਮਰੀਕਾ ਵਿਚ ਇਹ ਰਾਸ਼ਟਰੀ ਔਸਤ ਸਿਰਫ਼ 28 ਫ਼ੀਸਦੀ ਹੈ।

ਭਾਰਤੀ ਕਿਉਂਕਿ ਚੰਗੀ ਸਿੱਖਿਆ ਨੂੰ ਮਹੱਤਵ ਦਿੰਦੇ ਹਨ ਅਤੇ ਇਸ ਲਈ ਸਭ ਤੋਂ ਸਿੱਖਿਅਤ ਜਾਤੀ ਸਮੂਹਾਂ ਵਿਚ ਸਭ ਤੋਂ ਉੱਪਰ ਹਨ। ਨਾਲ ਹੀ ਉਹ ਆਪਣੀਆਂ ਆਦਤਾਂ 'ਚ ਕਿਫ਼ਾਇਤੀ ਹੋਣ ਦੇ ਨਾਲ-ਨਾਲ ਬਹੁਤ ਸਖ਼ਤ ਮਿਹਨਤ ਕਰਦੇ ਹਨ। ਆਈ.ਟੀ., ਇੰਜੀਨੀਅਰਿੰਗ ਅਤੇ ਮੈਡੀਕਲ 'ਚ ਸਭ ਤੋਂ ਜ਼ਿਆਦਾ ਤਨਖ਼ਾਹ ਵਾਲੀਆਂ ਨੌਕਰੀਆਂ ਵੀ ਭਾਰਤੀਆਂ ਕੋਲ ਹੀ ਹਨ। ਏਸ਼ੀਆਈ-ਅਮਰੀਕੀਆਂ ਵਿਚ ਭਾਰਤੀ ਪ੍ਰਮੁੱਖ ਜਾਤੀ ਸਮੂਹ ਹਨ।

ਲਗਭਗ 42 ਲੱਖ ਦੀ ਆਬਾਦੀ ਦੇ ਨਾਲ ਭਾਰਤੀਆਂ ਦੀ ਔਸਤ ਘਰੇਲੂ ਆਮਦਨ 100500 ਡਾਲਰ ਹੈ। ਜੋ ਕਿ ਕੁਲ ਗਿਣਤੀ ਦੇ ਮੁਕਾਬਲੇ ਵਿਚ ਬਹੁਤ ਜ਼ਿਆਦਾ ਹੈ। ਲਗਭਗ 29 ਲੱਖ ਦੀ ਆਬਾਦੀ ਵਾਲੇ ਫਿਲੀਪਿਨੋ ਭਾਈਚਾਰੇ ਦੀ ਔਸਤ ਘਰੇਲੂ ਆਮਦਨ 83300 ਡਾਲਰ ਹੈ। 82500 ਡਾਲਰ ਦੀ ਔਸਤ ਆਮਦਨ ਦੇ ਨਾਲ ਤਾਈਵਾਨੀ ਭਾਈਚਾਰੇ ਵੀ ਪਿੱਛੇ ਨਹੀਂ ਹੈ। ਏਸ਼ੀਆਈ-ਅਮਰੀਕੀਆਂ ਵਿਚ ਸਭ ਤੋਂ ਘੱਟ ਕਮਾਈ ਕਰਨ ਵਾਲਾ ਜਾਤੀ ਸਮੂਹ ਅਫਰੀਕਨ ਅਮਰੀਕੀਆਂ ਦਾ ਹੈ, ਜਿਸਦੀ ਔਸਤ ਆਮਦਨ 35 ਹਜ਼ਾਰ ਡਾਲਰ ਹੈ।

**■ ਸਾਲਾਨਾ 83 ਲੱਖ ਰੁਪਏ ਤੋਂ ਵੱਧ ਹੈ ਕਮਾਈ**
**■ ਭਾਰਤੀਆਂ ਦੀ ਔਸਤ ਘਰੇਲੂ ਆਮਦਨ 100500 ਡਾਲਰ**



## ਆਬਾਦੀ ਦੇ ਹਿਸਾਬ ਨਾਲ ਗ੍ਰੈਜੂਏਟ ਡਿਗਰੀ ਹੋਲਡਰ

- ਇੰਡੀਅਨ-ਅਮਰੀਕੀ 70%
- ਕੋਰੀਅਨ-ਅਮਰੀਕੀ 53%
- ਚੀਨੀ-ਅਮਰੀਕੀ 51%
- ਫਿਲੀਪਿਨੋ-ਅਮਰੀਕੀ 47%
- ਜਾਪਾਨੀ-ਅਮਰੀਕੀ 46%
- ਔਸਤ-ਅਮਰੀਕੀ ਗ੍ਰੈਜੂਏਟ 28%

## ਅਮਰੀਕਾ ਵਿਚ ਜਾਤੀ ਸਮੂਹਾਂ ਦੀ ਸਾਲਾਨਾ ਔਸਤ ਘਰੇਲੂ ਆਮਦਨ ਰੁਪਏ 'ਚ

- ਇੰਡੀਅਨ-ਅਮਰੀਕੀ 82 ਲੱਖ, 33 ਹਜ਼ਾਰ, 965.00
- ਫਿਲੀਪਿਨੋ-ਅਮਰੀਕੀ 68 ਲੱਖ, 27 ਹਜ਼ਾਰ, 225.00
- ਤਾਈਵਾਨੀ-ਅਮਰੀਕੀ 67 ਲੱਖ, 59 ਹਜ਼ਾਰ, 225.00
- ਸ਼੍ਰੀਲੰਕਨ-ਅਮਰੀਕੀ 61 ਲੱਖ, 11 ਹਜ਼ਾਰ, 978.00
- ਜਾਪਾਨੀ-ਅਮਰੀਕੀ 59 ਲੱਖ, 23 ਹਜ਼ਾਰ 539.00
- ਮਲੇਸ਼ੀਅਨ-ਅਮਰੀਕੀ 57 ਲੱਖ, 59 ਹਜ਼ਾਰ, 679.00
- ਚੀਨੀ-ਅਮਰੀਕੀ 56 ਲੱਖ, 06 ਹਜ਼ਾਰ, 1363.00
- ਪਾਕਿਸਤਾਨੀ-ਅਮਰੀਕੀ 54 ਲੱਖ, 23 ਹਜ਼ਾਰ, 766.00
- ਵਾਈਟ-ਅਮਰੀਕੀ 49 ਲੱਖ, 07 ਹਜ਼ਾਰ, 607.00
- ਕੋਰੀਅਨ-ਅਮਰੀਕੀ 48 ਲੱਖ, 50 ਹਜ਼ਾਰ, 256.00
- ਇੰਡੋਨੇਸ਼ੀਅਨ-ਅਮਰੀਕੀ 47 ਲੱਖ, 10 ਹਜ਼ਾਰ, 975.00
- ਔਸਤ ਅਮਰੀਕੀ 46 ਲੱਖ, 04 ਹਜ਼ਾਰ, 466.00
- ਥਾਈ-ਅਮਰੀਕੀ 45 ਲੱਖ, 06 ਹਜ਼ਾਰ, 150.00
- ਬੰਗਲਾਦੇਸ਼ੀ-ਅਮਰੀਕੀ 40 ਹਜ਼ਾਰ, 96 ਹਜ਼ਾਰ, 500.00
- ਨੇਪਾਲੀ-ਅਮਰੀਕੀ 35 ਲੱਖ, 63 ਹਜ਼ਾਰ, 955.00
- ਹਿਸਪੈਨਿਕ ਲੇਟਿਨੋ-ਅਮਰੀਕੀ 35 ਲੱਖ, 22 ਹਜ਼ਾਰ, 990.00 $43,000
- ਅਫਰੀਕਨ-ਅਮਰੀਕੀ 28 ਲੱਖ, 57 ਹਜ਼ਾਰ, 550.00 $35,000




# ਕੈਲੀਫੋਰਨੀਆ 'ਚ ਪੰਜਾਬੀ ਵਿਅਕਤੀ ਨੂੰ ਹੋ ਸਕਦੀ ਹੈ ਉਮਰ ਕੈਦ!

**ਕਥਿਤ ਤੌਰ 'ਤੇ 30,000 ਫੈਂਟਾਨਿਲ ਗੋਲੀਆਂ ਸਮੇਤ ਗ੍ਰਿਫ਼ਤਾਰ**

ਯੂਬਾ ਸਿਟੀ, (ਪੰਜਾਬ ਮੇਲ)- ਯੂ.ਐੱਸ. ਡਿਪਾਰਟਮੈਂਟ ਆਫ਼ ਜਸਟਿਸ ਨੇ ਕਿਹਾ ਕਿ ਉੱਤਰੀ ਕੈਲੀਫੋਰਨੀਆ ਦੇ ਇੱਕ ਵਿਅਕਤੀ ਨੂੰ ਕਥਿਤ ਤੌਰ 'ਤੇ 30,000 ਫੈਂਟਾਨਿਲ ਗੋਲੀਆਂ ਸਮੇਤ ਫੜੇ ਜਾਣ ਤੋਂ ਬਾਅਦ ਕਈ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਯੂਬਾ ਸਿਟੀ ਦੇ ਰਹਿਣ ਵਾਲੇ 20 ਸਾਲਾ ਨੌਜਵਾਨ, ਜਿਸ ਦੀ ਪਛਾਣ ਸੁਖਮਨਪ੍ਰੀਤ ਸਿੰਘ ਜਵੰਦਾ ਵਜੋਂ ਹੋਈ ਸੀ, ਨੂੰ ਮਾਰਚ 2022 ਵਿਚ ਸੈਨਵਾਕਿਨ ਕਾਉਂਟੀ ਵਿਚ ਡਰਾਈਵਿੰਗ ਕਰਦੇ ਸਮੇਂ ਫੜਿਆ ਗਿਆ ਸੀ।

ਅਧਿਕਾਰੀਆਂ ਨੂੰ ਇੰਟਰਸਟੇਟ 5 'ਤੇ ਟਰੈਫਿਕ ਸਟਾਪ ਦੌਰਾਨ ਕਥਿਤ ਤੌਰ 'ਤੇ 30,000 ਫੈਂਟਾਨਾਇਲ ਗੋਲੀਆਂ, ਇੱਕ ਕਿਲੋਗ੍ਰਾਮ ਕੋਕੀਨ ਅਤੇ ਇੱਕ ਬੰਦੂਕ ਮਿਲੀ।

ਡਿਪਾਰਟਮੈਂਟ ਆਫ ਜਸਟਿਸ ਦੇ ਅਨੁਸਾਰ, ਅਦਾਲਤੀ ਰਿਕਾਰਡ ਵਿਚ ਕਿਹਾ ਗਿਆ ਹੈ ਕਿ ਜਵੰਦਾ ਨੇ ਇੱਕ ਗੁਪਤ ਏਜੰਟ ਨੂੰ ਫੈਂਟਾਨਿਲ ਅਤੇ ਘੱਟੋ-ਘੱਟ ਛੇ ਬੰਦੂਕਾਂ ਵੀ ਵੇਚੀਆਂ ਸਨ।

ਡਿਪਾਰਟਮੈਂਟ ਆਫ ਜਸਟਿਸ ਨੇ ਕਿਹਾ ਕਿ ਉਸਨੂੰ ਹੁਣ ਗੈਰਕਾਨੂੰਨੀ ਤੌਰ 'ਤੇ ਲਾਇਸੈਂਸ ਤੋਂ ਬਿਨਾਂ ਹਥਿਆਰਾਂ ਦਾ ਸੌਦਾ ਕਰਨਾ, ਫੈਂਟਾਨਿਲ ਦੀ ਵੰਡ ਅਤੇ ਫੈਂਟਾਨਿਲ ਅਤੇ ਕੋਕੀਨ ਨੂੰ ਵੰਡਣ ਦੇ ਇਰਾਦੇ ਨਾਲ ਕਬਜ਼ਾ ਕਰਨ ਸਮੇਤ ਪੰਜ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫੈਂਟਾਨਿਲ ਦੀ ਵੰਡ ਜਾਂ ਕੋਕੀਨ ਨੂੰ ਵੰਡਣ ਦੇ ਇਰਾਦੇ ਨਾਲ ਰੱਖਣ ਦਾ ਦੋਸ਼ੀ ਠਹਿਰਾਏ ਜਾਣ 'ਤੇ ਉਸ ਨੂੰ ਘੱਟੋ-ਘੱਟ ਪੰਜ ਸਾਲ ਅਤੇ ਵੱਧ ਤੋਂ ਵੱਧ 40 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਉਸ 'ਤੇ 5 ਮਿਲੀਅਨ ਡਾਲਰ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ। ਹਥਿਆਰਾਂ ਦੇ ਦੋਸ਼ਾਂ ਵਿਚ ਪੰਜ ਸਾਲ ਤੱਕ ਦੀ ਕੈਦ ਅਤੇ $250,000 ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਡਿਪਾਰਟਮੈਂਟ ਆਫ ਜਸਟਿਸ ਅਨੁਸਾਰ, ਜਵੰਦਾ ਨੂੰ ਫੈਂਟਾਨਿਲ ਵੰਡਣ ਦੇ ਇਰਾਦੇ ਨਾਲ ਰੱਖਣ ਦੇ ਦੋਸ਼ ਵਿਚ ਘੱਟੋ-ਘੱਟ 10 ਸਾਲ ਅਤੇ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

## ਭਾਰਤੀ-ਅਮਰੀਕੀ ਬੰਗਾ ਬੇਮਿਸਾਲ ਉਮੀਦਵਾਰ ਤੇ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਤਿਆਰ: ਅਮਰੀਕਾ

ਵਾਸ਼ਿੰਗਟਨ, (ਪੰਜਾਬ ਮੇਲ)- ਭਾਰਤੀ-ਅਮਰੀਕੀ ਕਾਰੋਬਾਰੀ ਅਜੈ



ਬੰਗਾ ਬੇਮਿਸਾਲ ਉਮੀਦਵਾਰ ਹਨ ਅਤੇ ਬਹੁਤ ਹੀ ਨਾਜ਼ੁਕ ਸਮੇਂ ਵਿਚ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਤਿਆਰ ਹਨ। ਅਮਰੀਕਾ ਨੇ ਸ਼੍ਰੀ ਬੰਗਾ ਬਾਰੇ ਇਹ ਰਾਇ ਦਿੰਦਿਆਂ ਕਿਹਾ ਕਿ ਵਿਸ਼ਵ ਬੈਂਕ ਉਨ੍ਹਾਂ ਦੀ ਪ੍ਰਧਾਨ ਵਜੋਂ ਨਿਯੁਕਤੀ ਦਾ ਰਸਮੀ ਐਲਾਨ ਕਰਨ ਦੀ ਯੋਜਨਾ ਬਣਾ ਰਿਹਾ ਹੈ।

# ਓਕਲਾਹੋਮਾ 'ਚ ਆਪਣੇ ਮਾਲਕ ਦੀ ਹੱਤਿਆ ਕਰਨ ਵਾਲੇ ਵਿਅਕਤੀ ਨੂੰ 18 ਮਈ ਨੂੰ ਲਾਇਆ ਜਾਵੇਗਾ ਜ਼ਹਿਰ ਦਾ ਟੀਕਾ

**ਅਦਾਲਤ ਵੱਲੋਂ ਸਜ਼ਾ ਵਿਰੁੱਧ ਕੀਤੀ ਅਪੀਲ ਰੱਦ**

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਓਕਲਾਹੋਮਾ ਦੀ ਇਕ ਅਮਰੀਕੀ ਅਦਾਲਤ ਨੇ ਆਪਣੇ ਬੌਸ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 60 ਸਾਲਾ ਰਿਚਰਡ ਗਲੋਸਿਪ ਨਾਮੀ ਵਿਅਕਤੀ ਵੱਲੋਂ ਸਜ਼ਾ ਵਿਰੁੱਧ ਕੀਤੀ ਗਈ ਅਪੀਲ ਰੱਦ ਕਰ ਦਿੱਤੀ ਹੈ। ਓਕਲਾਹੋਮਾ ਕੋਰਟ ਆਫ ਕ੍ਰਿਮੀਨਲ ਅਪੀਲ ਦਾ ਇਹ ਨਿਰਨਾ ਦੋ ਹਫਤੇ ਪਹਿਲਾਂ ਵਿਸ਼ੇਸ਼ ਕੌਂਸਲ ਦੀ ਆਈ ਰਿਪੋਰਟ ਤੋਂ ਬਾਅਦ ਦਿੱਤਾ ਗਿਆ ਹੈ, ਜਿਸ ਰਿਪੋਰਟ ਵਿਚ ਗਲੋਸਿਪ ਦੀ ਮੌਤ ਦੀ ਸਜ਼ਾ ਖਤਮ ਕਰਨ ਤੇ ਨਵੇਂ ਸਿਰੇ ਤੋਂ ਸੁਣਵਾਈ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ। ਜਿਊਰੀ ਦੇ 5 ਜੱਜਾਂ ਨੇ ਸਰਬਸੰਮਤੀ ਨਾਲ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਗਲੋਸਿਪ ਨੂੰ ਬਚਾਅ ਕਰਨ ਦਾ ਹਰ ਮੌਕਾ ਦਿੱਤਾ ਗਿਆ ਹੈ ਤੇ ਸਾਨੂੰ ਉਸ ਨੂੰ ਰਾਹਤ ਦੇਣ ਦਾ ਕੋਈ ਵੀ ਕਾਨੂੰਨੀ ਜਾਂ ਵਾਸਤਵਿਕ ਆਧਾਰ ਨਹੀਂ ਲੱਭਾ। ਸਾਬਕਾ ਮੋਟਲ ਮੈਨੇਜਰ ਗਲੋਸਿਪ ਪਿਛਲੇ 26 ਸਾਲ ਤੋਂ ਜੇਲ੍ਹ ਵਿਚ ਬੰਦ ਹੈ। ਅਦਾਲਤ ਨੇ 1998 ਵਿਚ ਉਸ ਨੂੰ ਆਪਣੇ ਮਾਲਕ ਬੈਰੀ ਵੈਨ ਟੀਸ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਉਹ 1997 ਤੋਂ ਜੇਲ੍ਹ ਵਿਚ ਬੰਦ ਹੈ ਤੇ ਕਾਨੂੰਨੀ ਚਾਰਜੋਈ ਕਾਰਨ ਹੁਣ ਤੱਕ ਮੌਤ ਦੀ ਸਜ਼ਾ ਤੋਂ ਬਚਦਾ ਆ ਰਿਹਾ ਹੈ। ਉਸ ਨੂੰ 18 ਮਈ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।



ਰਿਚਰਡ ਗਲੋਸਿਪ

# ਅਮਰੀਕਾ 'ਚ ਭਾਰਤੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

**2021 'ਚ ਉੱਚ ਪੜ੍ਹਾਈ ਲਈ ਆਇਆ ਸੀ ਅਮਰੀਕਾ**

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕਾ ਦੇ ਓਹਾਇਓ ਰਾਜ ਦੀ ਰਾਜਧਾਨੀ ਕੋਲੰਬਸ ਵਿਚ ਭਾਰਤੀ ਮੂਲ ਦੇ ਵਿਦਿਆਰਥੀ 25 ਸਾਲਾ ਵੀਰਾ ਸਾਈਸ਼ ਦੀ ਅਣਪਛਾਤੇ ਵਿਅਕਤੀ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਆਂਧਰਾ ਪ੍ਰਦੇਸ਼ ਦੇ ਰਹਿਣ ਵਾਲੇ ਸਾਈਸ਼ ਨੂੰ 2 ਹਫਤਿਆਂ ਬਾਅਦ ਗ੍ਰੈਜੂਏਟ ਦੀ ਡਿਗਰੀ ਮਿਲਣੀ ਸੀ। ਉਸ ਨੂੰ ਸ਼ੈਲ ਫਿਊਲ ਸਟੇਸ਼ਨ ਉਪਰ ਗੋਲੀ ਮਾਰੀ ਗਈ, ਜਿਥੇ ਉਹ ਕਲਰਕ ਵਜੋਂ ਕੰਮ ਕਰਦਾ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਕੋਲੰਬਸ ਪੁਲਿਸ ਨੇ ਸ਼ੱਕੀ ਹਮਲਾਵਰ ਦੀ ਤਸਵੀਰ ਜਾਰੀ ਕੀਤੀ ਹੈ ਤੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਹਮਲਾਵਰ ਬਾਰੇ ਕੋਈ ਵੀ ਸੂਚਨਾ ਦੇਣ ਲਈ ਉਸ ਨਾਲ ਸੰਪਰਕ ਕਰਨ। ਹਾਲਾਂਕਿ ਹੱਤਿਆ ਪਿੱਛੇ ਕਾਰਨ ਸਪੱਸ਼ਟ ਨਹੀਂ ਹੈ ਪਰੰਤੂ ਪੁਲਿਸ ਨੂੰ ਸ਼ੱਕ ਹੈ ਕਿ ਲੁੱਟ ਦੇ ਇਰਾਦੇ ਨਾਲ ਹੱਤਿਆ ਹੋਈ ਹੈ। ਸਾਈਸ਼ ਨਵੰਬਰ 2021 ਵਿਚ ਉੱਚ ਪੜ੍ਹਾਈ ਲਈ ਅਮਰੀਕਾ ਆਇਆ ਸੀ ਤੇ ਉਹ ਪੜ੍ਹਾਈ ਦੇ ਨਾਲ-ਨਾਲ ਨੌਕਰੀ ਵੀ ਕਰਦਾ ਸੀ। ਉਸ ਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਐਲੂਰੂ, ਆਂਧਰਾ ਪ੍ਰਦੇਸ ਵਿਚ ਰਹਿੰਦੀ ਉਸ ਦੀ ਮਾਂ ਤੇ ਵੱਡਾ ਭਰਾ ਗਹਿਰੇ ਸਦਮੇ ਵਿਚ ਹਨ। ਉਨ੍ਹਾਂ ਨੇ ਭਾਰਤ ਸਕਰਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਸਾਈਸ਼ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿਚ ਸਹਾਇਤਾ ਕਰੇ।



ਵੀਰਾ ਸਾਈਸ਼

## ਅਮਰੀਕੀ ਝੀਲ 'ਚ ਲਾਪਤਾ ਹੋਏ 2 ਭਾਰਤੀ ਵਿਦਿਆਰਥੀਆਂ ਦੀਆਂ ਮਿਲੀਆਂ ਲਾਸ਼ਾਂ

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਦੇ ਇੰਡੀਆਨਾ ਸੂਬੇ ਦੀ ਝੀਲ ਵਿਚ ਤੈਰਾਕੀ ਦੌਰਾਨ ਲਾਪਤਾ ਹੋਏ ਦੋ ਭਾਰਤੀ ਵਿਦਿਆਰਥੀਆਂ ਦੀਆਂ ਲਾਸ਼ਾਂ ਬਰਾਮਦ ਕਰ ਲਈ ਗਈਆਂ ਹਨ। ਜਾਣਕਾਰੀ ਅਨੁਸਾਰ ਸਿਧਾਂਤ ਸ਼ਾਹ (19) ਤੇ ਆਰੀਅਨ ਵੈਦ (20) ਬੀਤੀ 15 ਅਪ੍ਰੈਲ ਨੂੰ ਦੋਸਤਾਂ ਨਾਲ ਇੰਡੀਆਨਾਪੋਲਿਸ ਸ਼ਹਿਰ ਤੋਂ 65 ਕਿਲੋਮੀਟਰ ਦੂਰ ਮੋਨਰੋ ਝੀਲ ਵਿਚ ਤੈਰਨ ਗਏ ਤੇ ਇਸ ਦੌਰਾਨ ਡੁੱਬ ਗਏ। ਦੋਵਾਂ ਦੀਆਂ ਲਾਸ਼ਾਂ 18 ਅਪ੍ਰੈਲ ਨੂੰ ਝੀਲ ਦੇ 18 ਫੁੱਟ ਡੂੰਘੇ ਤਲ 'ਚੋਂ ਬਰਾਮਦ ਕਰ ਲਈਆਂ ਗਈਆਂ ਹਨ। ਦੋਵੇਂ ਭਾਰਤੀ ਕੈਲੀ ਸਕੂਲ ਆਫ਼ ਬਿਜ਼ਨਸ ਦੇ ਵਿਦਿਆਰਥੀ ਸਨ।

## ਅਮਰੀਕੀ ਅਦਾਲਤ ਵੱਲੋਂ ਤਹੱਵੁਰ ਰਾਣਾ ਦੀ ਪਟੀਸ਼ਨ ਰੱਦ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਅਦਾਲਤ ਨੇ 2008 ਦੇ ਮੁੰਬਈ



ਅੱਤਵਾਦੀ ਹਮਲੇ ਦੇ ਕੇਸ ਵਿਚ ਲੋੜੀਂਦੇ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਦੀ ਸਰਕਾਰੀ ਵਕੀਲਾਂ ਨਾਲ ਮੀਟਿੰਗ (ਸਟੇਟਸ ਕਾਨਫਰੰਸ) ਦੀ ਪਟੀਸ਼ਨ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਸ ਨੂੰ ਅਗਲੇ 30 ਦਿਨਾਂ ਦੇ ਅੰਦਰ ਭਾਰਤ ਹਵਾਲੇ ਕਰਨ ਬਾਰੇ ਫੈਸਲਾ ਆਉਣ ਦੀ ਉਮੀਦ ਹੈ। ਲਾਸ ਏਂਜਲਸ ਜ਼ਿਲ੍ਹਾ ਅਦਾਲਤ ਦੀ ਜੱਜ ਨੇ ਇਸ ਮੁੱਦੇ 'ਤੇ ਜੂਨ 2021 ਵਿਚ ਸੁਣਵਾਈ ਕੀਤੀ ਸੀ ਅਤੇ ਕਾਗਜ਼ਾਂ ਦਾ ਆਖਰੀ ਸੈੱਟ ਜੁਲਾਈ 2021 ਵਿਚ ਅਦਾਲਤ ਨੂੰ ਸੌਂਪਿਆ ਗਿਆ ਸੀ। ਇਸ ਅਦਾਲਤ ਨੇ ਹਾਲੇ ਤੱਕ ਅਮਰੀਕੀ ਸਰਕਾਰ ਦੀ ਰਾਣਾ ਨੂੰ ਭਾਰਤ ਹਵਾਲੇ ਕਰਨ ਦੀ ਬੇਨਤੀ 'ਤੇ ਫੈਸਲਾ ਸੁਣਾਉਣਾ ਹੈ।




# ਪੰਜਾਬ ਪੁਲਿਸ ਤੇ ਇੰਟੈਲੀਜੈਂਸ ਦੇ ਸਾਂਝੇ ਅਪਰੇਸ਼ਨ ਤਹਿਤ ਅੰਮ੍ਰਿਤਪਾਲ ਸਿੰਘ ਗ੍ਰਿਫ਼ਤਾਰ

■ ਵਿਸ਼ੇਸ਼ ਉਡਾਣ ਰਾਹੀਂ ਬਠਿੰਡਾ ਦੇ ਹਵਾਈ ਅੱਡੇ ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜਿਆ
■ ਪੁਲਿਸ ਵੱਲੋਂ 18 ਮਾਰਚ ਤੋਂ ਵਿੱਢਿਆ ਅਪਰੇਸ਼ਨ ਮੁੱਕਿਆ




ਪਿੰਡ ਰੋਡੇ ਦੇ ਗੁਰਦੁਆਰੇ ਵਿਚ ਸੰਗਤ ਨੂੰ ਸੰਬੋਧਨ ਕਰਦਾ ਹੋਇਆ ਅੰਮ੍ਰਿਤਪਾਲ ਸਿੰਘ। (ਸੱਜੇ) ਪਿੰਡ ਰੋਡੇ 'ਚ ਅੰਮ੍ਰਿਤਪਾਲ ਨੂੰ ਹਿਰਾਸਤ ਵਿਚ ਲੈਂਦੀ ਹੋਈ ਪੁਲਿਸ।

ਚੰਡੀਗੜ੍ਹ, (ਪੰਜਾਬ ਮੇਲ)- ਅੰਮ੍ਰਿਤਪਾਲ ਸਿੰਘ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅੰਮ੍ਰਿਤਸਰ (ਦਿਹਾਤੀ) ਦੇ ਐੱਸ.ਐੱਸ.ਪੀ. ਸਤਿੰਦਰ ਸਿੰਘ ਅਤੇ ਇੰਟੈਲੀਜੈਂਸ ਦੇ ਸਾਂਝੇ ਅਪਰੇਸ਼ਨ ਤਹਿਤ ਪਿੰਡ ਰੋਡੇ ਤੋਂ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੰਜਾਬ ਪੁਲਿਸ ਦੇ ਆਈ.ਜੀ. ਡਾ. ਸੁਖਚੈਨ ਸਿੰਘ ਗਿੱਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੌਮੀ ਸੁਰੱਖਿਆ ਐਕਟ ਤਹਿਤ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਹੈ। ਅੰਮ੍ਰਿਤਪਾਲ ਨੂੰ ਫੜਨ ਲਈ 18 ਮਾਰਚ ਤੋਂ ਸ਼ੁਰੂ ਹੋਇਆ ਅਪਰੇਸ਼ਨ ਖ਼ਤਮ ਹੋ ਗਿਆ ਹੈ।

ਪੰਜਾਬ ਪੁਲਿਸ ਦੇ ਬੁਲਾਰੇ ਡਾ. ਗਿੱਲ ਨੇ ਦਾਅਵਾ ਕੀਤਾ ਕਿ ਪਿੰਡ ਰੋਡੇ ਦੀ ਏਨੀ ਘੇਰਾਬੰਦੀ ਕੀਤੀ ਗਈ ਕਿ ਅੰਮ੍ਰਿਤਪਾਲ ਨੂੰ ਬਚਣ ਦਾ ਕੋਈ ਰਾਹ ਨਾ ਲੱਭਾ ਤੇ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ ਦੂਸਰੇ ਪਾਸੇ ਅੰਮ੍ਰਿਤਪਾਲ ਸਿੰਘ ਵੱਲੋਂ ਪਿੰਡ ਰੋਡੇ ਦੇ ਗੁਰਦੁਆਰਾ ਸੰਤ ਖ਼ਾਲਸਾ 'ਚ ਪੰਜ ਬਾਣੀਆਂ ਦਾ ਪਾਠ ਕੀਤਾ ਗਿਆ ਤੇ ਉਸ ਨੇ ਸੰਗਤਾਂ ਨੂੰ ਵੀ ਸੰਬੋਧਨ ਕੀਤਾ। ਉਸ ਮਗਰੋਂ ਅੰਮ੍ਰਿਤਪਾਲ ਵੱਲੋਂ ਆਤਮ ਸਮਰਪਣ ਕੀਤੇ ਜਾਣ ਦੀ ਗੱਲ ਵੀ ਆਖੀ ਗਈ। ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਵੀ ਕਿਹਾ ਕਿ ਅੰਮ੍ਰਿਤਪਾਲ ਨੇ ਖ਼ੁਦ ਹੀ ਗੁਰੂ ਘਰ 'ਚੋਂ ਬਾਹਰ ਜਾ ਕੇ ਆਪਣੀ ਮਰਜ਼ੀ ਨਾਲ ਆਤਮ ਸਮਰਪਣ ਕੀਤਾ ਹੈ। ਪੁਲਿਸ ਗ੍ਰਿਫ਼ਤਾਰੀ ਮਗਰੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅੰਮ੍ਰਿਤਪਾਲ ਸਿੰਘ ਨੂੰ ਬਠਿੰਡਾ ਦੇ ਹਵਾਈ ਅੱਡੇ 'ਤੇ ਲੈ ਕੇ ਗਈ, ਜਿੱਥੋਂ ਵਿਸ਼ੇਸ਼ ਹਵਾਈ ਜਹਾਜ਼ ਵਿਚ ਉਸ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਲਿਜਾਇਆ ਗਿਆ। ਡਿਬਰੂਗੜ੍ਹ ਦੇ ਹਵਾਈ ਅੱਡੇ ਤੋਂ ਜੇਲ੍ਹ ਤੱਕ ਦੇ ਰਸਤੇ ਨੂੰ ਪੂਰੀ ਤਰ੍ਹਾਂ ਸੀਲ ਕੀਤਾ ਗਿਆ ਅਤੇ ਕਰੀਬ ਸਵਾ ਦੋ ਵਜੇ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ 'ਚ ਛੱਡਿਆ ਗਿਆ, ਜਿੱਥੇ ਉਸ ਦੇ 9 ਸਾਥੀ ਪਹਿਲਾਂ ਹੀ ਐੱਨ.ਐੱਸ.ਏ. ਤਹਿਤ ਬੰਦ ਹਨ। ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਮਗਰੋਂ ਪੂਰੇ ਪੰਜਾਬ ਵਿਚ ਚੌਕਸੀ ਵਧਾ ਦਿੱਤੀ ਹੈ। ਪੁਲਿਸ ਨੇ ਪਿੰਡ ਰੋਡੇ, ਮੁਹਾਲੀ ਅਤੇ ਮੁਕਤਸਰ ਸਮੇਤ ਦਰਜਨਾਂ ਸ਼ਹਿਰਾਂ ਵਿਚ ਫਲੈਗ ਮਾਰਚ ਵੀ ਕੀਤਾ। ਉਧਰ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਭਗੌੜੇ ਅੰਮ੍ਰਿਤਪਾਲ ਨੂੰ ਫੜਨ ਲਈ ਚੱਲ ਰਹੇ ਅਪ੍ਰੇਸ਼ਨ ਬਾਰੇ ਜਾਣੂ ਸਨ। ਸ਼ਨਿੱਚਰਵਾਰ-ਐਤਵਾਰ ਦੀ ਰਾਤ ਉਹ ਸੁੱਤੇ ਵੀ ਨਹੀਂ ਕਿਉਂਕਿ ਉਹ ਅਧਿਕਾਰੀਆਂ ਤੋਂ ਹਰ 15 ਮਿੰਟ ਬਾਅਦ ਜਾਣਕਾਰੀ ਲੈਂਦੇ ਸਨ। ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਮਗਰੋਂ ਆਈ.ਜੀ. ਡਾ. ਗਿੱਲ ਨੇ ਦੱਸਿਆ ਕਿ ਕਿਸੇ ਖ਼ਾਸ ਸੂਚਨਾ ਦੇ ਆਧਾਰ 'ਤੇ ਪੁਲਿਸ ਵੱਲੋਂ ਸਾਂਝਾ ਅਪਰੇਸ਼ਨ ਚਲਾ ਕੇ ਸਵੇਰ ਵਕਤ ਪਿੰਡ ਰੋਡੇ ਤੋਂ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੁਲਿਸ ਨੇ ਪੂਰੇ ਸੰਜਮ ਤੇ ਠਰ੍ਹੰਮੇ ਤੋਂ ਕੰਮ ਲੈਂਦਿਆਂ ਗੁਰੂ ਘਰ ਦੀ ਮਰਿਯਾਦਾ ਦਾ ਪੂਰਾ ਖ਼ਿਆਲ ਰੱਖਿਆ। ਪੁਲਿਸ ਗੁਰੂ ਘਰ ਵਿਚ ਦਾਖ਼ਲ ਨਹੀਂ ਹੋਈ ਅਤੇ ਜਦੋਂ ਅੰਮ੍ਰਿਤਪਾਲ ਕੋਲ ਭੱਜਣ ਦਾ ਕੋਈ ਰਾਹ ਨਾ ਬਚਿਆ ਤਾਂ ਉਸ ਨੇ ਗ੍ਰਿਫ਼ਤਾਰੀ ਦੇ ਦਿੱਤੀ। ਚੇਤੇ ਰਹੇ ਕਿ ਪਿੰਡ ਰੋਡੇ ਵਿਚ ਦਸਤਾਰਬੰਦੀ ਹੋਣ ਮਗਰੋਂ ਅੰਮ੍ਰਿਤਪਾਲ ਨੇ ਆਪਣੇ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ।

ਅੰਮ੍ਰਿਤਪਾਲ ਸਿੰਘ ਨੇ ਆਪਣੇ ਇਕ ਸਾਥੀ (ਲਵਪ੍ਰੀਤ ਸਿੰਘ ਤੂਫ਼ਾਨ) ਨੂੰ ਥਾਣੇ 'ਚੋਂ ਛੁਡਾਉਣ ਲਈ 23 ਫਰਵਰੀ ਨੂੰ ਆਪਣੇ ਸਮਰਥਕਾਂ ਸਣੇ ਅਜਨਾਲਾ ਥਾਣੇ 'ਤੇ ਹਮਲਾ ਬੋਲਿਆ ਸੀ। ਉਸ ਮਗਰੋਂ ਪੁਲਿਸ ਨੇ ਅੰਮ੍ਰਿਤਪਾਲ ਨੂੰ ਫੜਨ ਲਈ ਵਿਸ਼ੇਸ਼ ਅਪਰੇਸ਼ਨ ਚਲਾਇਆ। ਇਸ ਦੌਰਾਨ ਉਸ ਦੇ ਸਾਥੀ ਫੜੇ ਗਏ, ਪਰ ਉਹ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ। ਕਈ ਸੂਬਿਆਂ ਵਿਚ ਗੇੜਾ ਮਾਰਨ ਮਗਰੋਂ ਉਹ 28 ਮਾਰਚ ਨੂੰ ਮੁੜ ਹੁਸ਼ਿਆਰਪੁਰ ਨਜ਼ਰ ਆਇਆ, ਪਰ ਇਸ ਵਾਰ ਵੀ ਉਹ ਬਚ ਕੇ ਨਿਕਲ ਗਿਆ। ਪੰਜਾਬ ਪੁਲਿਸ ਲਈ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਵੱਕਾਰ ਦਾ ਸੁਆਲ ਬਣੀ ਹੋਈ ਸੀ। ਡੀ.ਆਈ.ਜੀ. (ਬਾਰਡਰ ਰੇਂਜ) ਨਰਿੰਦਰ ਭਾਰਗਵ ਅਤੇ ਸਮੁੱਚੀ ਟੀਮ ਨੇ ਅੰਮ੍ਰਿਤਪਾਲ ਦੇ ਨੇੜਲੇ ਸਾਥੀਆਂ ਪੱਪਲਪ੍ਰੀਤ ਸਿੰਘ ਅਤੇ ਜੋਗਾ ਸਿੰਘ ਆਦਿ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਫ਼ਰਾਰੀ ਦੌਰਾਨ ਅੰਮ੍ਰਿਤਪਾਲ ਵੱਲੋਂ ਦੋ ਵੀਡੀਓਜ਼ ਅਤੇ ਇੱਕ ਆਡੀਓ ਕਲਿੱਪ ਵੀ ਜਾਰੀ ਕੀਤੀ ਗਈ ਸੀ। ਪੁਲਿਸ ਨੇ ਹਾਲ ਹੀ ਵਿਚ 20 ਅਪ੍ਰੈਲ ਨੂੰ ਅੰਮ੍ਰਿਤਪਾਲ ਦੀ ਪਤਨੀ ਕਿਰਨਦੀਪ ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਯੂ.ਕੇ. ਲਈ ਉਡਾਣ ਭਰਨ ਤੋਂ ਰੋਕ ਦਿੱਤਾ ਸੀ। ਮਾਰਚ 'ਚ ਅੰਮ੍ਰਿਤਪਾਲ ਨੂੰ ਭਗੌੜਾ ਐਲਾਨ ਦਿੱਤਾ ਗਿਆ ਸੀ ਅਤੇ ਪੁਲਿਸ ਨੇ ਉਸ ਦੀਆਂ ਵੱਖ-ਵੱਖ ਭੇਸਾਂ ਵਾਲੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਸਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਸਰਕਾਰ ਦੇ ਕੰਮ ਦੀ ਤਾਰੀਫ਼ ਕੀਤੀ ਸੀ। ਆਈ.ਜੀ. ਸੁਖਚੈਨ ਸਿੰਘ ਗਿੱਲ ਨੇ ਸ਼ਾਂਤੀ ਬਣਾਏ ਰੱਖਣ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਵੀ ਕੀਤਾ ਹੈ। ਉਨ੍ਹਾਂ ਇਹ ਤਾੜਨਾ ਵੀ ਕੀਤੀ ਹੈ ਕਿ ਕਿਸੇ ਸ਼ਰਾਰਤੀ ਅਨਸਰ ਨੂੰ ਮਾਹੌਲ ਖ਼ਰਾਬ ਨਹੀਂ ਕਰਨ ਦਿੱਤਾ ਜਾਵੇਗਾ ਤੇ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

## ਗ੍ਰਿਫ਼ਤਾਰੀ ਤੋਂ ਪਹਿਲਾਂ ਗੁਰੂਘਰ 'ਚ ਸੰਗਤ ਨੂੰ ਕੀਤਾ ਸੰਬੋਧਨ

ਅੰਮ੍ਰਿਤਪਾਲ ਦਾ ਇੱਕ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿਚ ਉਹ 23 ਅਪ੍ਰੈਲ ਨੂੰ ਆਤਮ ਸਮਰਪਣ ਕਰਨ ਦੀ ਗੱਲ ਆਖ ਰਿਹਾ ਹੈ। ਉਹ ਪਿੰਡ ਰੋਡੇ ਦੇ ਗੁਰੂ ਘਰ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਤਮ ਸਮਰਪਣ ਦਾ ਐਲਾਨ ਕਰਦਾ ਹੈ। ਇਸ ਵੀਡੀਓ ਤੋਂ ਇੰਜ ਲੱਗਦਾ ਹੈ ਕਿ ਅੰਮ੍ਰਿਤਪਾਲ ਨੇ ਆਤਮ ਸਮਰਪਣ ਕੀਤਾ ਹੈ। ਦੂਜੇ ਪਾਸੇ ਪੁਲਿਸ ਦਾ ਕਹਿਣਾ ਹੈ ਕਿ ਉਸ ਵੱਲੋਂ ਕੀਤੀ ਘੇਰਾਬੰਦੀ ਕਰਕੇ ਦਬਾਓ ਬਣਨ ਮਗਰੋਂ ਹੀ ਅੰਮ੍ਰਿਤਪਾਲ ਕੋਲ ਕੋਈ ਰਾਹ ਨਹੀਂ ਬਚਿਆ, ਜਿਸ ਕਰਕੇ ਉਸ ਨੂੰ ਗ੍ਰਿਫ਼ਤਾਰੀ ਦੇਣੀ ਪਈ। ਅੰਮ੍ਰਿਤਪਾਲ ਸਿੰਘ ਨੇ ਗੁਰੂ ਘਰ ਵਿੱਚੋਂ ਜਾਰੀ ਸੰਦੇਸ਼ 'ਚ ਕਿਹਾ ਕਿ 'ਗ੍ਰਿਫ਼ਤਾਰੀ ਅੰਤ ਨਹੀਂ, ਬਲਕਿ ਸ਼ੁਰੂਆਤ ਹੈ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਜਨਮ ਭੂਮੀ 'ਤੇ ਉਨ੍ਹਾਂ ਦੀ ਦਸਤਾਰਬੰਦੀ ਹੋਈ ਸੀ। ਉਹ ਇੱਕ ਦਿਨ ਮੁੜ ਆਪਣੇ ਲੋਕਾਂ ਵਿਚ ਆਉਣ ਦੇ ਯੋਗ ਹੋਣਗੇ ਅਤੇ ਅੰਦੋਲਨ ਇਸੇ ਤਰ੍ਹਾਂ ਜਾਰੀ ਰਹੇਗਾ। ਮੈਨੂੰ ਪਹਿਲਾਂ ਵੀ ਗ੍ਰਿਫ਼ਤਾਰੀ ਦਾ ਡਰ ਨਹੀਂ ਸੀ ਅਤੇ ਨਾ ਹੁਣ ਕੋਈ ਡਰ ਹੈ। ਉਹ ਝੂਠੇ ਕੇਸਾਂ ਦਾ ਸਾਹਮਣਾ ਕਰੇਗਾ। ਉਸ ਦੇ ਸਮਰਥਕਾਂ 'ਤੇ ਪੁਲਿਸ ਵੱਲੋਂ ਜ਼ੁਲਮ ਕੀਤੇ ਜਾ ਰਹੇ ਸਨ, ਜਿਸ ਕਰਕੇ ਉਨ੍ਹਾਂ ਆਤਮ ਸਮਰਪਣ ਕਰਨ ਦਾ ਫ਼ੈਸਲਾ ਕੀਤਾ ਜਦੋਂ ਕਿ ਉਸ ਕੋਲ ਦੂਸਰੇ ਦੇਸ਼ਾਂ ਵਿਚ ਜਾਣ ਦੇ ਮੌਕੇ ਸਨ।" ਉਸ ਨੇ ਕਿਹਾ ਕਿ ਉਹ ਗੁਰੂ ਦਾ ਆਸ਼ੀਰਵਾਦ ਲੈਣ ਮਗਰੋਂ ਆਤਮ ਸਮਰਪਣ ਕਰੇਗਾ।

## ਹਾਈ ਕੋਰਟ ਵੱਲੋਂ ਅੰਮ੍ਰਿਤਪਾਲ ਬਾਰੇ ਪਟੀਸ਼ਨ ਖਾਰਜ

**ਚੰਡੀਗੜ੍ਹ, (ਪੰਜਾਬ ਮੇਲ)-** ਅੰਮ੍ਰਿਤਪਾਲ ਸਿੰਘ ਦੀ ਮੋਗਾ ਦੇ ਰੋਡੇ ਪਿੰਡ 'ਚੋਂ ਗ੍ਰਿਫ਼ਤਾਰੀ ਤੋਂ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਦੇ ਪੁਲਿਸ ਦੀ 'ਗੈਰਕਾਨੂੰਨੀ ਹਿਰਾਸਤ' ਵਿਚ ਹੋਣ ਦਾ ਦਾਅਵਾ ਕਰਦੀ ਪਟੀਸ਼ਨ 'ਅਰਥਹੀਣ' ਦੱਸ ਕੇ ਖਾਰਜ ਕਰ ਦਿੱਤੀ ਹੈ। ਅੰਮ੍ਰਿਤਪਾਲ ਦੇ ਕਾਨੂੰਨੀ ਸਲਾਹਕਾਰ ਈਮਾਨ ਸਿੰਘ ਖਾਰਾ ਤੇ ਉਸ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਨੇ 19 ਮਾਰਚ ਨੂੰ ਹਾਈ ਕੋਰਟ ਵਿਚ ਹੈਬੀਅਸ ਕੋਰਪਸ ਪਟੀਸ਼ਨ ਦਾਖਲ ਕਰਦਿਆਂ ਸਿੰਘ ਨੂੰ ਕੋਰਟ ਵਿਚ ਪੇਸ਼ ਕੀਤੇ ਜਾਣ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਹਾਲਾਂਕਿ ਪਿਛਲੀਆਂ ਸੁਣਵਾਈਆਂ ਦੌਰਾਨ ਦਾਅਵਾ ਕਰਦੀ ਰਹੀ ਹੈ ਕਿ ਅੰਮ੍ਰਿਤਪਾਲ ਨਾ ਤਾਂ ਉਨ੍ਹਾਂ ਦੀ ਹਿਰਾਸਤ 'ਚ ਹੈ ਤੇ ਨਾ ਹੀ ਉਨ੍ਹਾਂ ਉਸ ਨੂੰ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ ਐਤਵਾਰ ਸਵੇਰੇ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਵਿਚ ਗੁਰਦੁਆਰੇ ਦੇ ਬਾਹਰੋਂ ਗ੍ਰਿਫਤਾਰ ਕੀਤਾ ਸੀ। ਖਾਰਾ ਨੇ ਸੁਣਵਾਈ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਜਦੋਂ ਅੰਮ੍ਰਿਤਪਾਲ ਸਿੰਘ ਨੂੰ ਕੌਮੀ ਸੁਰੱਖਿਆ ਐਕਟ (ਐੱਨ.ਐੱਸ.ਏ.) ਤਹਿਤ ਹਿਰਾਸਤ ਵਿਚ ਲੈ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਹੈ, ਹਾਈ ਕੋਰਟ ਨੇ ਪਟੀਸ਼ਨ ਨੂੰ ਅਰਥਹੀਣ ਦੱਸ ਕੇ ਖਾਰਜ ਕਰ ਦਿੱਤਾ ਹੈ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।


Anthem
COVERED CALIFORNIA
Certified Insurance Agent

Designed By Punjab Mail USA

Ph.: (916) 900-2000

# ਬਾਇਡਨ ਵੱਲੋਂ ਭਾਰਤੀ-ਅਮਰੀਕੀ ਰਾਧਾ ਅਯੰਗਰ ਪਲੰਬ ਨੂੰ ਮਹੱਤਵਪੂਰਨ ਅਹੁਦੇ 'ਤੇ ਨਿਯੁਕਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਸੈਨੇਟ ਨੇ ਰਾਸ਼ਟਰੀ ਸੁਰੱਖਿਆ ਮਾਹਿਰ ਰਾਧਾ ਅਯੰਗਰ ਪਲੰਬ ਨੂੰ ਪ੍ਰਾਪਤੀ ਅਤੇ ਰੱਖ-ਰਖਾਅ ਮਾਮਲਿਆਂ ਲਈ ਰੱਖਿਆ ਵਿਭਾਗ ਦੇ ਡਿਪਟੀ ਅੰਡਰ ਸੈਕਟਰੀ ਵਜੋਂ ਨਿਯੁਕਤੀ ਦੀ ਪੁਸ਼ਟੀ ਕੀਤੀ ਹੈ। ਉਹ ਨਵੀਨਤਮ ਭਾਰਤੀ-ਅਮਰੀਕੀ ਨਾਗਰਿਕ ਹੈ, ਜਿਸਨੂੰ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਦੁਆਰਾ ਇੱਕ ਪ੍ਰਮੁੱਖ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਰਾਸ਼ਟਰਪਤੀ ਬਾਇਡਨ ਨੇ ਪਲੰਬ ਨੂੰ ਜੂਨ 2022 ਵਿਚ ਇਸ ਵੱਕਾਰੀ ਅਹੁਦੇ ਲਈ ਨਾਮਜ਼ਦ ਕੀਤਾ ਸੀ। ਉਹ ਵਰਤਮਾਨ ਵਿਚ ਉਪ ਰੱਖਿਆ ਮੰਤਰੀ ਦੀ



ਚੀਫ਼ ਆਫ਼ ਸਟਾਫ਼ ਵਜੋਂ ਸੇਵਾ ਨਿਭਾ ਰਹੀ ਹੈ।

ਯੂ.ਐੱਸ ਸੈਨੇਟ ਨੇ ਟਵੀਟ ਕੀਤਾ ਕਿ "ਸੈਨੇਟ ਨੇ ਰਾਧਾ ਅਯੰਗਰ ਪਲੰਬ ਨੂੰ 30 ਦੇ ਮੁਕਾਬਲੇ 68 ਵੋਟਾਂ ਦੇ ਕੇ ਉਸ ਦੇ ਰੱਖਿਆ ਦੇ ਡਿਪਟੀ ਅੰਡਰ ਸੈਕਟਰੀ ਵਜੋਂ ਪੁਸ਼ਟੀ ਕੀਤੀ ਹੈ।" ਪਲੰਬ ਨੇ ਰੈਂਡ ਕਾਰਪੋਰੇਸ਼ਨ ਵਿਚ ਇੱਕ ਸੀਨੀਅਰ ਅਰਥ ਸ਼ਾਸਤਰੀ ਦੇ ਤੌਰ 'ਤੇ ਕੰਮ ਕੀਤਾ, ਜਿੱਥੇ ਉਸਨੇ ਰੱਖਿਆ ਵਿਭਾਗ ਵਿਚ ਤਿਆਰੀ ਅਤੇ ਸੁਰੱਖਿਆ ਯਤਨਾਂ ਦੇ ਸਬੂਤ ਮੁਲਾਂਕਣ ਵਿਚ ਸੁਧਾਰ ਕਰਨ 'ਤੇ ਧਿਆਨ ਦਿੱਤਾ। ਉਸਨੇ ਰੱਖਿਆ ਵਿਭਾਗ, ਊਰਜਾ ਵਿਭਾਗ ਅਤੇ ਵ੍ਹਾਈਟ ਹਾਊਸ ਦੀ ਰਾਸ਼ਟਰੀ ਸੁਰੱਖਿਆ ਕੌਂਸਲ ਵਿਚ ਰਾਸ਼ਟਰੀ ਸੁਰੱਖਿਆ ਮੁੱਦਿਆਂ 'ਤੇ ਕਈ ਸੀਨੀਅਰ ਅਹੁਦਿਆਂ 'ਤੇ ਕੰਮ ਕੀਤਾ ਹੈ। ਵ੍ਹਾਈਟ ਹਾਊਸ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ ਪਲੰਬ ਨੇ ਪ੍ਰਿੰਸਟਨ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿਚ ਪੀ.ਐੱਚ.ਡੀ. ਅਤੇ ਮਾਸਟਰਜ਼ ਅਤੇ ਮੈਸਾਚੁਸੇਟਸ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ ਬੈਚਲਰ ਦੀ ਡਿਗਰੀ ਹਾਸਲ ਕੀਤੀ ਹੈ।

# ਪੰਜਾਬੀ ਸਿੱਖ ਹਰਮਨ ਸਿੰਘ ਸੁਪਰੀਮ ਕੋਰਟ ਜੁਡੀਸ਼ੀਅਲ ਲਾਅ ਕਲਰਕ ਬਣੇ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਪੰਜਾਬੀ ਸਿੱਖ ਹਰਮਨ ਸਿੰਘ ਦੀ ਸੁਪਰੀਮ ਕੋਰਟ ਜੁਡੀਸ਼ੀਅਲ ਲਾਅ ਕਲਰਕ ਵਜੋਂ ਨਿਯੁਕਤੀ ਹੋਈ ਹੈ। ਉਹ ਪਹਿਲੇ ਸਿੱਖ ਹਨ, ਜੋ ਇਸ ਅਹੁਦੇ ਉਪਰ ਨਿਯੁਕਤ ਹੋਏ ਹਨ। ਉਹ ਸੁਪਰੀਮ ਕੋਰਟ ਦੇ ਜਸਟਿਸ ਸੋਨੀਆ ਸੋਟੋਮੇਅਰ ਲਈ ਕੰਮ ਕਰਨਗੇ। ਹਰਮਨ ਸਿੰਘ ਨੇ ਅੰਡਰਗਰੈਜੂਏਟ ਡਿਗਰੀ ਕੋਲੰਬੀਆ ਯੂਨੀਵਰਸਿਟੀ ਤੋਂ ਕੀਤੀ ਸੀ, ਜਿਥੇ ਉਸ ਨੇ ਗਣਿਤ ਤੇ ਅਰਥ ਸਾਸ਼ਤਰ ਦੀ ਪੜ੍ਹਾਈ ਕੀਤੀ। ਲਾਅ ਸਕੂਲ ਤੋਂ ਪਹਿਲਾਂ ਉਨ੍ਹਾਂ ਨੇ ਸਿੱਖ ਅਮੈਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਵਿਖੇ ਮਨੁੱਖੀ ਹੱਕਾਂ ਸਬੰਧੀ ਕੰਮ ਕੀਤਾ। ਉਪਰੰਤ ਉਹ ਲਾਅ ਸਕੂਲ ਵਿਚ ਦਾਖਲ ਹੋਏ, ਜਿਥੇ ਉਨ੍ਹਾਂ ਨੇ ਸਿਵਲ ਰਾਈਟਸ ਲਿਟੀਗੇਸ਼ਨ ਦੀ ਪੜ੍ਹਾਈ ਕੀਤੀ।

# ਸਿਆਟਲ 'ਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਪੁਰਬ ਤੇ ਭਗਤ ਧੰਨਾ ਜੀ ਦਾ ਜਨਮ ਦਿਵਸ ਮਨਾਇਆ



ਸਟੇਜ ਤੋਂ ਹਰਸ਼ਿੰਦਰ ਸਿੰਘ ਸੰਧੂ ਸੰਗਤ ਨੂੰ ਸ੍ਰੀ ਗੁਰੂ ਅੰਗਦ ਜੀ ਦੇ ਗੁਰਪੁਰਬ ਦੀਆਂ ਤੇ ਭਗਤ ਧੰਨਾ ਜੀ ਦੇ ਜਨਮ ਦਿਵਸ ਦੀਆਂ ਵਧਾਈਆਂ ਦਿੰਦੇ ਸਮੇਂ ਅਤੇ ਭਾਈ ਮੋਹਣ ਸਿੰਘ ਹੈੱਡ ਗ੍ਰੰਥੀ ਮੁੱਖ ਵਾਕ ਲੈਂਦੇ ਸਮੇਂ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਦੇ ਵੱਖ-ਵੱਖ ਗੁਰੂ ਘਰਾਂ ਵਿਚ ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਅਤੇ ਭਗਤ ਧੰਨਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਹਫਤਾਵਾਰੀ ਦੀਵਾਨ ਸਜਾਏ ਗਏ। ਭਾਈ ਕੁਲਵਿੰਦਰ ਸਿੰਘ ਕੀਰਤਨੀ ਜੱਥੇ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਜੀ ਦੀ ਉਪਮਾ ਕੀਤੀ ਅਤੇ ਭਗਤ ਧੰਨਾ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਜਗਜੀਤ ਸਿੰਘ ਕਿੰਗਰਾ ਨੇ ਆਪਣੇ ਸਪੁੱਤਰ ਦੇ ਵਿਆਹ ਕਾਰਜਾਂ ਦੀ ਸਫਲਤਾ ਲਈ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਤੇ ਗੁਰੂ ਦੇ ਲੰਗਰਾਂ ਦੀ ਸੇਵਾ ਤਿੰਨੇ ਦਿਨ ਬੜੀ ਸ਼ਰਧਾ ਨਾਲ ਨਿਭਾਈ। ਸਟੇਜ ਤੋਂ ਹਰਸ਼ਿੰਦਰ ਸਿੰਘ ਸੰਧੂ ਨੇ ਸੰਗਤ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਭਾਈ ਮੋਹਣ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਗੁਰਦੁਆਰਾ ਸਿੰਘ ਸਭਾ ਰੈਨਟਨ ਤੇ ਕੈਂਟ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਪੁਰਬ ਤੇ ਭਗਤ ਧੰਨਾ ਜੀ ਦਾ ਜਨਮ ਦਿਵਸ ਮਨਾਇਆ ਗਿਆ।

# ਕੂਦਰਜ਼ ਦੇ ਵਿਸਾਖੀ ਮੇਲੇ 'ਤੇ ਸੱਭਿਆਚਾਰਕ ਪ੍ਰੋਗਰਾਮ ਅਤੇ ਕਬੱਡੀ ਦੇ ਹੋਏ ਮੈਚ

**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)**- ਫਰਿਜ਼ਨੋ ਦੇ ਲਾਗਲੇ ਸ਼ਹਿਰ ਕੂਦਰਜ਼ ਦੇ ਗੁਰਦੁਆਰਾ ਪੈਸੇਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਵਿਖੇ ਉੱਘੇ ਕਿਰਸਾਨ ਸੌਗੀ ਕਿੰਗ, ਸ. ਚਰਨਜੀਤ ਸਿੰਘ ਬਾਠ ਅਤੇ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ 30ਵਾਂ ਸਾਲਾਨਾ ਵਿਸਾਖੀ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਮੇਲੇ ਵਿਚ ਲਾਲ, ਨੀਲੀਆਂ, ਕੇਸਰੀ ਦਸਤਾਰਾਂ ਅਤੇ ਦੁਪੱਟੇ ਖਾਲਸਾਈ ਜਾਹੋ-ਜਲਾਲ ਵਿਚ ਰੰਗੇ ਕਿਸੇ ਪੰਜਾਬ ਦੇ ਇਤਿਹਾਸਕ ਸਥਾਨ ਦਾ ਭੁਲੇਖਾ ਪਾ ਰਹੇ ਸਨ। ਇਸ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ, ਜਿੱਥੇ ਬਹੁਤ ਸਾਰੇ ਕੀਰਤਨੀਏ ਜਥੇ ਸੰਗਤਾਂ ਨੂੰ ਅਨੰਦਮਈ ਕੀਰਤਨ ਸਰਵਨ ਕਰਵਾ ਰਹੇ ਸਨ। ਇਸ

**■ "ਮੇਲੇ 'ਤੇ ਚਮਕਿਆ ਖਾਲਸਾਈ ਰੰਗ"**

ਮੌਕੇ ਕਥਾਵਾਚਕਾਂ ਨੇ ਸ਼ਬਦ ਗੁਰੂ ਨਾਲ ਸੰਗਤਾਂ ਨੂੰ ਜੋੜਿਆ। ਸੁਆਦਿਸ਼ਟ ਛੱਤੀ ਪ੍ਰਕਾਰ ਦੇ ਭੋਜਨ ਦਾ ਸੰਗਤਾਂ ਲੰਗਰਾਂ ਵਿਚ ਅਨੰਦ ਮਾਣ ਰਹੀਆਂ ਸਨ।

ਗੁਰਦੁਆਰਾ ਸਹਿਬ ਦੀਆਂ ਗਰਾਉਂਡਾ ਵਿਚ ਝੂਲੇ ਆਦਿ ਬੱਚਿਆਂ ਲਈ ਖਾਸ ਅਕਰਸ਼ਕ ਰਹੇ। ਬੱਚਿਆਂ ਦੀਆਂ ਦੌੜਾਂ ਕਰਵਾਈਆਂ ਗਈਆ। ਬਾਸਕਟਵਾਲ ਦੇ ਮੈਚ ਹੋਏ। ਰੱਸਾਕਸ਼ੀ ਦੇ ਜੌਹਰ ਵੇਖਣ ਨੂੰ ਮਿਲੇ। ਇਸ ਮੌਕੇ ਸੱਭਿਆਚਾਰ ਸਟੇਜ ਦਾ ਅਗਾਜ਼ ਰਾਜ ਬਰਾੜ ਨੇ ਵਿਸਾਖੀ ਨੂੰ ਸਮਰਪਿਤ ਗੀਤ ਨਾਲ ਕੀਤਾ। ਇਸ ਮੌਕੇ



ਬੋਲਣ ਵਾਲੇ ਬੁਲਾਰਿਆਂ ਨੇ ਖ਼ਾਲਸੇ ਦੇ ਸਾਜਨਾਂ ਦਿਵਸ ਨੂੰ ਸਮਰਪਿਤ ਭਾਸ਼ਨ ਕੀਤੇ। ਜੀ.ਐੱਚ.ਜੀ, ਭੰਗੜਾ ਕੁਈਨਜ਼, ਸ਼ਾਨੇ ਭੰਗੜਾ, ਸੈਂਟਰਲਵੈਲੀ ਭੰਗੜਾ, ਸਿਰ ਦਾ ਤਾਜ਼ ਨੇ ਧੀਆਂ, ਸਹੇਲੀਆਂ ਆਦਿ ਦੀਆਂ ਗਿੱਧੇ-ਭੰਗੜੇ ਦੀਆਂ ਟੀਮਾਂ ਨੇ ਖ਼ੂਬ ਰੰਗ ਬੰਨ੍ਹਿਆ। ਇਸ ਮੌਕੇ ਨਿਹਚਲ ਅਟਵਾਲ ਦੀ ਸੋਲੋ ਪ੍ਰਫਾਰਮੈਂਸ ਬੇਹੱਦ ਪਸੰਦ ਕੀਤਾ ਗਿਆ।

ਇਸ ਸਮਾਗਮ ਦੌਰਾਨ ਸ. ਚਰਨਜੀਤ ਸਿੰਘ ਬਾਠ ਵੱਲੋਂ ਸ਼ੈਰਿਫ ਡਿਪਾਰਟਮੈਂਟ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਵਿਚ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜਨੋ ਦੇ ਗੱਤਕਾ ਟੀਮ ਦੇ ਮੈਂਬਰਾਂ ਨੇ ਦਿਲਕਸ਼ ਗੌਤਕੇ ਦੇ ਜੌਹਰ ਵਿਖਾਕੇ ਮਾਹੌਲ ਨੂੰ ਖਾਲਸਾਈ ਰੰਗ ਵਿਚ ਰੰਗਿਆ। ਸਟੇਜ ਸੰਚਾਲਨ ਸ. ਬਲਵੀਰ ਸਿੰਘ ਢਿੱਲੋ ਅਤੇ ਡਾ. ਮਨਰੀਤ ਕੌਰ ਨੇ ਬਾਖੂਬੀ ਕੀਤਾ। ਮੇਲੇ ਵਿਚ ਲੱਗੇ ਹੋਏ ਸਟਾਲਾਂ ਤੋਂ ਲੋਕ ਵੱਖੋ-ਵੱਖ ਜਾਣਕਾਰੀ ਲੈ ਰਹੇ ਸਨ। ਫਾਰਮਰ ਅਜੀਤ ਸਿੰਘ ਗਿੱਲ ਅਤੇ ਸਹਿਯੋਗੀਆਂ ਵੱਲੋਂ ਮੁਫਤ ਦਸਤਾਰਾਂ ਸਜਾਈਆਂ ਜਾ ਰਹੀਆ ਸਨ। ਇਸ ਮੌਕੇ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਦੇ ਪੱਤਰਕਾਰ ਕੁਲਵੰਤ ਧਾਲੀਆਂ ਅਤੇ ਨੀਟਾ ਮਾਛੀਕੇ ਨੂੰ ਸਨਮਾਨਿਤ ਕੀਤਾ ਗਿਆ। ਉਪਰੰਤ ਲੋਕਲ ਕਬੱਡੀ ਦੇ ਮੈਚ ਹੋਏ, ਜਿਹੜੇ ਦਰਸ਼ਕਾਂ ਨੇ ਬੜੇ ਉਤਸ਼ਾਹ ਨਾਲ ਵੇਖੇ। ਪੰਜਾਬੀ ਭਾਈਚਾਰੇ ਦਾ ਮਾਣ ਕਬੱਡੀ ਕੁਮੈਂਟੇਟਰ ਰਾਜਵਿੰਦਰ ਰੰਡਿਆਲਾ ਨੇ ਲੰਮੇ ਸਮੇਂ ਬਾਅਦ ਕਬੱਡੀ ਗਰਾਉਂਡ ਵਿਚ ਹਾਜ਼ਰੀ ਭਰੀ, ਉਨ੍ਹਾਂ ਆਪਣੇ ਨਵੇਂ ਸ਼ੇਅਰਾਂ ਨਾਲ ਖ਼ੂਬ ਰੰਗ ਬੰਨ੍ਹਿਆ। ਕਬੱਡੀ ਮੈਚਾਂ ਦੀ ਕੁਮੈਂਟਰੀ ਸੁਚੱਜੇ ਢੰਗ ਨਾਲ ਕੁਮੈਂਟੇਟਰ ਸਵਰਨ ਸਿੰਘ ਨੇ ਕੀਤੀ। ਅਖੀਰ ਪੰਜਾਬੀਅਤ ਦੇ ਰੰਗ ਵਿਚ ਰੰਗਿਆ ਖਾਲਸਾਈ ਜਾਹੋ-ਜਲਾਲ ਵਿਚ ਗੜੁੱਚ ਇਹ ਵਿਸਾਖੀ ਮੇਲਾ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਚਰਨਜੀਤ ਸਿੰਘ ਬਾਠ ਅਤੇ ਸਹਿਯੋਗੀ ਸੱਜਣਾਂ ਨੇ ਸਮੂਹ ਸਿੱਖ ਜਗਤ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ ਅਤੇ ਸਮੂਹ ਸੰਗਤ ਦਾ ਮੇਲੇ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ।



# ਸਰੀ 'ਚ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

■ ਲੱਖਾਂ ਦੀ ਗਿਣਤੀ 'ਚ ਸ਼ਾਮਲ ਹੋਏ ਲੋਕਾਂ ਦੇ ਚਿਹਰਿਆਂ 'ਤੇ ਝਲਕ ਰਿਹਾ ਸੀ ਵੱਖਰਾ ਜਲੌਅ





**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਤਿੰਨ ਸਾਲਾਂ ਦੇ ਵਕਫ਼ੇ ਬਾਅਦ ਸਜੇ ਇਸ ਧਾਰਮਿਕ ਇਕੱਠ ਵਿਚ ਲੱਖਾਂ ਦੀ ਗਿਣਤੀ ਵਿਚ ਨੌਜਵਾਨ, ਬੱਚੇ ਅਤੇ ਬਜ਼ੁਰਗ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਾਮਲ ਹੋਏ। ਹਰ ਇਕ ਚਿਹਰੇ 'ਤੇ ਇਕ ਵੱਖਰਾ ਜਲੌਅ ਝਲਕ ਰਿਹਾ ਸੀ।

ਪੰਜ ਪਿਆਰਿਆਂ ਦੀ ਰਹਿਨੁਮਾਈ ਹੇਠ ਇਹ ਨਗਰ ਕੀਰਤਨ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਸ਼ੁਰੂ ਹੋਇਆ ਅਤੇ 128 ਸਟਰੀਟ, 82 ਐਵੀਨਿਊ, 124 ਸਟਰੀਟ, 76 ਐਵੀਨਿਊ ਅਤੇ 128 ਸਟਰੀਟ ਹੁੰਦਾ ਹੋਇਆ ਸ਼ਾਮ 4 ਵਜੇ ਵਾਪਸ ਗੁਰਦੁਆਰਾ ਦਸ਼ੇਮਸ਼ ਦਰਬਾਰ ਵਿਖੇ ਆ ਕੇ ਸੰਪੂਰਨ ਹੋਇਆ। ਸਰੀ ਦੇ ਵੱਖ-ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ-ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸਿੰਘ ਗੱਤਕੇ ਦੇ ਜ਼ੌਹਰ ਦਿਖਾ ਰਹੇ ਸਨ। ਇਸ ਨਗਰ ਕੀਰਤਨ 'ਚ ਪਹਿਲੀ ਵਾਰ ਦੇਖਿਆ ਗਿਆ ਕਿ ਵੱਡੀ ਗਿਣਤੀ 'ਚ ਲੋਕਾਂ ਦੇ ਹੱਥਾਂ ਵਿਚ ਫੜ੍ਹੇ ਕੇਸਰੀ ਝੰਡੇ ਉਪਰ ਖਾਲਿਸਤਾਨ ਉਕਰਿਆ ਹੋਇਆ ਸੀ। ਨਗਰ ਕੀਰਤਨ ਦੇ ਪੂਰੇ ਰੂਟ ਉਪਰ ਕਾਰੋਬਾਰੀਆਂ, ਸ਼ਰਧਾਲੂਆਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਲਾਏ ਹੋਏ ਸਨ ਅਤੇ ਲੋਕ ਇਨ੍ਹਾਂ ਖਾਣਿਆਂ ਦਾ ਸਵਾਦ ਮਾਣ ਰਹੇ ਸਨ। ਸਰੀ ਵਿਚ ਚਲਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਸਟੇਜਾਂ ਸਜਾਈਆਂ ਗਈਆਂ ਸਨ, ਜਿੱਥੋਂ ਗੁਰਬਾਣੀ ਦਾ ਕੀਰਤਨ ਚੱਲ ਰਿਹਾ ਸੀ, ਢਾਡੀਆਂ ਦੀਆਂ ਵਾਰਾਂ ਗੂੰਜ ਰਹੀਆਂ ਸਨ ਅਤੇ ਲੀਡਰਾਂ ਦੇ ਭਾਸ਼ਣ ਸੁਣਾਈ ਦੇ ਰਹੇ ਸਨ। ਇਕ ਪਾਸੇ ਕੇਸਰੀ ਦਸਤਾਰਾਂ ਸਜਾਈਆਂ ਜਾ ਰਹੀਆਂ ਸਨ, ਮੈਗਜ਼ੀਨ, ਅਖਬਾਰ, ਪੈਂਫਲਿਟ ਵੰਡੇ ਜਾ ਰਹੇ ਸਨ।

ਨਗਰ ਕੀਰਤਨ 'ਚ ਪਹਿਲੀ ਵਾਰ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸਤੀਸ਼ ਗੁਲਾਟੀ ਵੱਲੋਂ ਪੰਜਾਬੀ ਕਿਤਾਬਾਂ ਦੀ ਪ੍ਰਦਰਸ਼ਨੀ ਲਾ ਕੇ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਦਾ ਸੁਨੇਹਾ ਦਿੱਤਾ ਗਿਆ। ਸੈਂਕੜੇ ਪੁਸਤਕ ਪ੍ਰੇਮੀਆਂ ਨੇ ਇੱਥੋਂ ਕਿਤਾਬਾਂ ਖਰੀਦ ਕੇ ਸਤੀਸ਼ ਗੁਲਾਟੀ ਦੇ ਉਪਰਾਲੇ ਨੂੰ ਹੁੰਗਾਰਾ ਦਿੱਤਾ। ਪੰਜਾਬੀ ਦੇ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਨਾਮਵਰ ਚਿੱਤਰਕਾਰ ਜਰਨੈਲ ਸਿੰਘ, ਜਰਨਲਿਸਟ ਸੁਰਿੰਦਰ ਚਾਹਲ, ਸ਼ਾਇਰ ਹਰਦਮ ਮਾਨ, ਅੰਗਰੇਜ਼ ਬਰਾੜ, ਨਵਰੂਪ ਸਿੰਘ, ਡਾ. ਸੁਖਵਿੰਦਰ ਵਿਰਕ, ਡਾ. ਸਈਅਦ ਮੁਹੰਮਦ ਫਰੀਦ, ਰਾਜਿੰਦਰ ਸਿੰਘ ਪੰਧੇਰ, ਹਰਮਨ ਸਿੰਘ ਪੰਧੇਰ ਅਤੇ ਹੋਰ ਕਈ ਸਾਹਿਤਕ ਸ਼ਖ਼ਸੀਅਤਾਂ ਨੇ ਪੁਸਤਕ ਪ੍ਰਦਰਸ਼ਨੀ 'ਚ ਹਾਜ਼ਰ ਹੋ ਕੇ ਸਤੀਸ਼ ਗੁਲਾਟੀ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਨਗਰ ਕੀਤਰਨ ਦੇ ਪ੍ਰਬੰਧਕਾਂ, ਸੇਵਾਦਾਰਾਂ, ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸਹੂਲਤ ਲਈ ਸੁਚਾਰੂ ਪ੍ਰਬੰਧ ਕੀਤੇ ਗਏ ਸਨ।

## ਰੂਸ ਵੱਲੋਂ ਆਪਣੇ ਨਾਗਰਿਕਾਂ ਨੂੰ ਕੈਨੇਡਾ ਦੀ ਯਾਤਰਾ ਸਬੰਧੀ ਐਡਵਾਇਜ਼ਰੀ ਜਾਰੀ

**ਮਾਸਕੋ, (ਪੰਜਾਬ ਮੇਲ)-** ਰੂਸ ਦੇ ਵਿਦੇਸ਼ ਮੰਤਰਾਲੇ ਨੇ ਆਪਣੇ ਨਾਗਰਿਕਾਂ ਨੂੰ ਕੈਨੇਡਾ ਦੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਹੈ। ਇਸ ਲਈ ਉਸ ਨੇ ਰੂਸੀਆਂ ਵਿਰੁੱਧ ਸਰੀਰਕ ਹਿੰਸਾ ਸਮੇਤ ਵਿਤਕਰੇ ਦੇ ਕਈ ਮਾਮਲਿਆਂ ਦਾ ਹਵਾਲਾ ਦਿੱਤਾ ਹੈ। ਗੌਰਤਲਬ ਹੈ ਕਿ ਕੈਨੇਡਾ ਮਾਸਕੋ ਦੀਆਂ ਫੌਜਾਂ ਖ਼ਿਲਾਫ਼ ਜੰਗ ਵਿਚ ਯੂਕਰੇਨ ਦਾ ਸਭ ਤੋਂ ਵੱਧ ਸਮਰਥਕ ਹੈ ਅਤੇ ਉਸਨੇ ਸੈਂਕੜੇ ਰੂਸੀ ਅਧਿਕਾਰੀਆਂ ਅਤੇ ਕੰਪਨੀਆਂ 'ਤੇ ਪਾਬੰਦੀਆਂ ਦੇ ਨਾਲ-ਨਾਲ ਵਿਆਪਕ ਪੱਧਰ 'ਤੇ ਵਪਾਰਕ ਪਾਬੰਦੀਆਂ ਲਗਾਈਆਂ ਹਨ।

ਰੂਸੀ ਵਿਦੇਸ਼ ਮੰਤਰਾਲੇ ਨੇ ਇੱਕ ਐਡਵਾਇਜ਼ਰੀ ਵਿਚ ਕਿਹਾ ਕਿ "ਜੇ ਤੁਸੀਂ ਪਹਿਲਾਂ ਹੀ ਕੈਨੇਡਾ ਵਿਚ ਹੋ, ਤਾਂ ਅਸੀਂ ਤੁਹਾਨੂੰ ਖਾਸ ਤੌਰ 'ਤੇ ਜਨਤਕ ਥਾਵਾਂ 'ਤੇ ਚੌਕਸ ਰਹਿਣ ਦੀ ਅਪੀਲ ਕਰਦੇ ਹਾਂ।" 20 ਅਪ੍ਰੈਲ ਦੀ ਐਡਵਾਇਜ਼ਰੀ ਮੰਤਰਾਲੇ ਦੇ ਮੁੱਖ ਟੈਲੀਗ੍ਰਾਮ ਚੈਨਲ 'ਤੇ ਪੋਸਟ ਕੀਤੀ ਗਈ ਸੀ। ਕੈਨੇਡੀਅਨ ਵਿਦੇਸ਼ ਮੰਤਰਾਲਾ ਟਿੱਪਣੀ ਲਈ ਤੁਰੰਤ ਉਪਲਬਧ ਨਹੀਂ ਸੀ। ਪਿਛਲੇ ਸਾਲ ਰੂਸ-ਯੂਕਰੇਨ ਜੰਗ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ ਕੈਨੇਡਾ ਨੇ ਨਾਗਰਿਕਾਂ ਨੂੰ ਰੂਸ ਦੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਸੀ। ਰੂਸ ਨੇ ਪਿਛਲੇ ਹਫਤੇ 333 ਕੈਨੇਡੀਅਨ ਅਧਿਕਾਰੀਆਂ ਅਤੇ ਪ੍ਰਮੁੱਖ ਓਲੰਪੀਅਨਾਂ ਸਮੇਤ ਜਨਤਕ ਸ਼ਖਸੀਅਤਾਂ 'ਤੇ ਪਾਬੰਦੀਆਂ ਲਗਾਈਆਂ ਸਨ, ਜਿਸ ਵਿਚ ਇਹ ਕਿਹਾ ਗਿਆ ਸੀ ਕਿ ਇਹ ਮਾਸਕੋ 'ਤੇ ਕੈਨੇਡੀਅਨ ਪਾਬੰਦੀਆਂ ਅਤੇ ਯੂਕਰੇਨ ਲਈ ਸਮਰਥਨ ਦਾ ਜਵਾਬ ਸੀ।

## ਪਰਕਸ ਵੱਲੋਂ ਅਮਰੀਕਾ ਨਿਵਾਸੀ ਅਵਤਾਰ ਸਿੰਘ ਸਪਰਿੰਗਫ਼ੀਲਡ ਦਾ ਲੁਧਿਆਣਾ ਵਿਖੇ ਸਨਮਾਨ



ਸਮਾਗਮ ਵਿਚ ਸ਼ਾਮਲ ਲੇਖਕ ਪੁਸਤਕਾਂ ਰਿਲੀਜ਼ ਕਰਦੇ ਤੇ ਸ. ਅਵਤਾਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ।

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ) -** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ-ਅੰਮ੍ਰਿਤਸਰ (ਪਰਕਸ) ਵੱਲੋਂ ਪੰਜਾਬੀ ਭਵਨ ਲੁਧਿਆਣਾ ਦੇ ਪੰਜਾਬੀ ਸਾਹਿਤ ਅਕੈਡਮੀ ਦੇ ਹਾਲ ਵਿਖੇ ਜਨਰਲ ਅਜਲਾਸ ਵਿਚ ਦੋ ਪੁਸਤਕਾਂ ਗੁਰੂ ਤੇਗ ਬਹਾਦਰ : ਜੀਵਨ, ਚਿੰਤਨ ਅਤੇ ਬਾਣੀ, ਗੁਰੂ ਨਾਨਕ ਬਾਣੀ : ਸਰੋਕਾਰ ਅਤੇ ਪੈਗਾਮ ਰਲੀਜ਼ ਕੀਤੀਆਂ ਗਈਆਂ। ਇਨ੍ਹਾਂ ਦੋਵਾਂ ਪੁਸਤਕਾਂ ਦੀ ਸੰਪਾਦਨਾਂ ਡਾ. ਬਿਕਰਮ ਸਿੰਘ ਘੁੰਮਣ ਤੇ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕੀਤੀ ਹੈ ਤੇ ਛਪਾਈ ਦੀ ਸੇਵਾ ਸ. ਅਵਤਾਰ ਸਿੰਘ ਸਪਰਿੰਗਫ਼ੀਲਡ ਅਮਰੀਕਾ ਵੱਲੋਂ ਕੀਤੀ ਗਈ ਹੈ। ਪ੍ਰੈਸ ਨੂੰ ਜਾਰੀ ਇਕ ਬਿਆਨ ਵਿਚ ਸੁਸਾਇਟੀ ਦੇ ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਅਮਰੀਕਾ ਦੇ ਓਹਾਇਓ ਸੂਬੇ ਦੇ ਸਪਰਿੰਗਫ਼ੀਲਡ ਸ਼ਹਿਰ ਵਿਚ ਰਹਿੰਦੇ ਉੱਘੇ ਕਾਰੋਬਾਰੀ ਅਤੇ ਸਮਾਜ ਸੇਵੀ ਸ. ਅਵਤਾਰ ਸਿੰਘ ਜੋ ਕਿ ਜਲੰਧਰ ਜ਼ਿਲ੍ਹੇ ਦੇ ਪਿੰਡ ਲੁਹਾਰਾਂ ਦੇ ਜੰਮਪਲ ਹਨ, ਨੂੰ ਸੁਸਾਇਟੀ ਦੀਆਂ ਪੁਸਤਕਾਂ ਛਪਵਾਉਣ ਲਈ ਕੀਤੀ ਗਈ ਆਰਥਿਕ ਸਹਾਇਤਾ ਅਤੇ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਅਮਰੀਕਾ ਅਤੇ ਪੰਜਾਬ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਿੱਖ ਪਹਿਚਾਣ ਲਈ ਕੀਤੇ ਗਏ ਵਿਸ਼ੇਸ਼ ਯਤਨਾਂ ਲਈ ਸ. ਅਵਤਾਰ ਸਿੰਘ ਨੂੰ ਦੁਸ਼ਾਲਾ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਸੁਪਤਨੀ ਬੀਬੀ ਸਰਬਜੀਤ ਕੌਰ ਦਾ ਜਨਮ ਦਿਵਸ ਵੀ ਇਸੇ ਦਿਨ ਸੀ, ਜੋ ਕਿ ਸਮਾਗਮ ਵਿਚ ਕੇਕ ਕੱਟ ਕੇ ਮਨਾਇਆ ਗਿਆ। ਸਮਾਗਮ ਵਿਚ ਵੱਡੀ ਗਿਣਤੀ ਵਿਚ ਲੇਖਕਾਂ ਨੇ ਭਾਗ ਲਿਆ।



ਕੇਕ ਕੱਟ ਕੇ ਸਰਬਜੀਤ ਕੌਰ ਦਾ ਜਨਮ ਦਿਨ ਮਨਾਉਂਦੇ ਹੋਏ।





EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਮੁਖਤਾਰ ਅੰਸਾਰੀ 'ਤੇ ਹੋਏ ਖਰਚੇ ਦੀ ਫਾਈਲ ਮੁੱਖ ਮੰਤਰੀ ਨੇ ਵਾਪਸ ਮੋੜੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉੱਤਰ ਪ੍ਰਦੇਸ਼ ਤੋਂ ਖੌਫ਼ਨਾਕ ਅਪਰਾਧੀ ਮੁਖਤਾਰ ਅੰਸਾਰੀ ਨੂੰ ਰੋਪੜ ਜੇਲ੍ਹ ਵਿਚ ਸੁਖ-ਸਹੂਲਤਾਂ ਦੇਣ ਲਈ ਸਰਕਾਰੀ ਖਜ਼ਾਨੇ ਵਿੱਚੋਂ 55 ਲੱਖ ਰੁਪਏ ਦੀ ਅਦਾਇਗੀ ਕਰਨ ਬਾਰੇ ਫਾਈਲ ਨੂੰ ਵਾਪਸ ਮੋੜ ਦਿੱਤਾ ਹੈ।

- **ਮੁਖਤਾਰ ਅੰਸਾਰੀ ਨੂੰ ਜੇਲ੍ਹ 'ਚ ਮਿਲੀਆਂ ਸੁੱਖ-ਸਹੂਲਤਾਂ ਅਤੇ ਵਕੀਲ 'ਤੇ ਖ਼ਰਚੇ 55 ਲੱਖ ਰੁਪਏ**
- **ਹੁਕਮ ਦੇਣ ਵਾਲੇ ਮੰਤਰੀਆਂ ਤੋਂ ਖ਼ਰਚਾ ਵਸੂਲਣ ਦੀ ਰਵਾਇਤ ਬਾਰੇ ਕਰ ਰਹੇ ਹਾਂ ਵਿਚਾਰ-ਮੁੱਖ ਮੰਤਰੀ**
- **48 ਵਾਰ ਵਾਰੰਟ ਜਾਰੀ ਹੋਣ ਦੇ ਬਾਵਜੂਦ ਵੀ ਕਾਂਗਰਸ ਸਰਕਾਰ ਨੇ ਪੇਸ਼ ਨਹੀਂ ਕੀਤਾ**

ਮੁੱਖ ਮੰਤਰੀ ਨੇ ਇਸ ਨੂੰ ਲੋਕਾਂ ਦੇ ਪੈਸੇ ਦੀ ਅੰਨ੍ਹੀ ਲੁੱਟ ਦੱਸਦੇ ਹੋਏ ਕਿਹਾ ਕਿ ਅਜਿਹਾ ਵਰਤਾਰਾ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਖਤਰਨਾਕ ਅਪਰਾਧੀ ਨੂੰ ਰੋਪੜ ਜੇਲ੍ਹ ਵਿਚ ਸੁਖ-ਸਹੂਲਤਾਂ ਦਿੱਤੇ ਜਾਣ ਬਾਰੇ ਤਾਂ ਪਿਛਲੀਆਂ ਸਰਕਾਰਾਂ ਹੀ ਭਲੀ-ਭਾਂਤ ਜਾਣਦੀਆਂ ਹੋਣਗੀਆਂ। ਭਗਵੰਤ ਮਾਨ ਨੇ ਕਿਹਾ ਕਿ ਅਰਾਮਦਾਇਕ ਠਹਿਰ ਨੂੰ ਯਕੀਨੀ ਬਣਾਉਣ ਤੋਂ ਇਲਾਵਾ ਪਿਛਲੀ ਸਰਕਾਰ ਨੇ ਇਸ ਗੱਲ ਨੂੰ ਵੀ ਯਕੀਨੀ ਬਣਾਇਆ ਕਿ ਇਸ ਖੌਫਨਾਕ ਅਪਰਾਧੀ ਨੂੰ ਜੇਲ੍ਹ ਵਿਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਉਸ ਦਾ ਕਾਨੂੰਨੀ ਤੌਰ ਉਤੇ ਬਚਾਅ ਕੀਤਾ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਸੱਤਾਧਾਰੀਆਂ ਦਾ ਇਸ ਅਪਰਾਧੀ ਉਤੇ ਮਿਹਰਬਾਨ ਹੋਣ ਦੀ ਹਕੀਕਤ ਦਾ ਪਤਾ ਇਸ ਤੱਥ ਤੋਂ ਲੱਗ ਜਾਂਦਾ ਹੈ ਕਿ ਉਸ ਦੇ ਖਿਲਾਫ਼ 48 ਵਾਰੰਟ ਜਾਰੀ ਹੋਏ ਪਰ ਉਸ ਸਮੇਂ ਦੀ ਸਰਕਾਰ ਨੇ ਇਸ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਉਸ ਨੂੰ ਪੇਸ਼ ਨਾ ਕੀਤਾ। ਉਨ੍ਹਾਂ ਕਿਹਾ ਕਿ ਇਹ ਕਿੰਨਾ ਹੈਰਾਨੀਜਨਕ ਹੈ ਕਿ ਉਸ ਮੌਕੇ ਦੀ ਸਰਕਾਰ ਨੇ ਰੋਪੜ ਜੇਲ੍ਹ ਵਿਚ ਬੰਦ ਇਸ ਅਪਰਾਧੀ ਦੇ ਹਿੱਤ ਪਾਲਣ ਲਈ ਟੈਕਸ ਭਰਨ ਵਾਲੇ ਲੋਕਾਂ ਦੇ 55 ਲੱਖ ਰੁਪਏ ਖਰਚ ਦਿੱਤੇ। ਭਗਵੰਤ ਮਾਨ ਨੇ ਕਿਹਾ ਕਿ ਲੋਕਾਂ ਦੇ ਪੈਸੇ ਦੀ ਇਹ ਅੰਨ੍ਹੀ ਲੁੱਟ ਪੂਰੀ ਤਰ੍ਹਾਂ ਗੈਰ-ਵਾਜਬ ਹੈ ਅਤੇ ਉਨ੍ਹਾਂ ਨੇ ਇਸ ਬਾਰੇ ਫਾਈਲ ਵਿਭਾਗ ਨੂੰ ਵਾਪਸ ਭੇਜ ਦਿੱਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਰਦਾਤਿਆਂ ਦੇ ਪੈਸੇ ਦੀ ਲੁੱਟ ਨੂੰ ਕਿਸੇ ਵੀ ਕੀਮਤ ਉਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਹ ਗਲਤ ਫੈਸਲਾ ਲੈਣ ਵਾਲੇ ਤਤਕਾਲੀ ਮੰਤਰੀਆਂ ਪਾਸੋਂ ਇਹ ਰਕਮ ਵਸੂਲਣ ਉਤੇ ਵਿਚਾਰ ਕਰ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਘਿਨਾਉਣੇ ਜੁਰਮ ਵਿਚ ਸ਼ਾਮਲ ਹਰੇਕ ਵਿਅਕਤੀ ਨੂੰ ਇਸ ਗੁਨਾਹ ਲਈ ਜਵਾਬਦੇਹ ਬਣਾਇਆ ਜਾਵੇਗਾ।

# ਬੇ-ਏਰੀਆ ਸੀਨੀਅਰ ਖੇਡਾਂ ਵਿਚ ਪੰਜਾਬੀ ਚੋਬਰਾਂ ਨੇ ਵਿਖਾਏ ਜੌਹਰ



**ਸੈਨ-ਮਟਿਓ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)-** ਸਥਾਨਿਕ ਸੈਨ-ਮਟਿਓ ਸਿਟੀ ਕਾਲਜ ਵਿਚ ਬੇ-ਏਰੀਆ ਸੀਨੀਅਰ ਖੇਡਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਖੇਡਾਂ ਵਿਚ ਪੂਰੇ ਅਮਰੀਕਾ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ। ਇਹ ਖੇਡਾਂ ਕਾਲਜ ਦੇ ਟ੍ਰੈਕ ਐਂਡ ਫੀਲਡ ਖੇਤਰ ਵਿਚ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿਚ ਹਰ ਉਮਰ ਵਰਗ ਦੇ 150 ਪੁਰਸ਼ ਅਤੇ ਔਰਤਾਂ ਨੇ ਭਾਗ ਲਿਆ। ਜ਼ਿਆਦਾਤਰ ਭਾਗੀਦਾਰ ਕੈਲੀਫੋਰਨੀਆ ਦੇ ਸਨ।

ਫਰਿਜ਼ਨੋ ਤੋਂ ਗੁਰਬਖਸ਼ ਸਿੱਧੂ ਨੇ ਥਰੋਅ ਵਿਚ ਹਿੱਸਾ ਲਿਆ। ਉਨ੍ਹਾਂ ਨੇ ਹੈਮਰ ਥਰੋਅ ਵਿਚ 39:92 ਮੀਟਰ ਲਗਭਗ 131 ਫੁੱਟ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਡਿਸਕਸ਼ਨ ਥਰੋਅ ਵਿਚ 32:75 ਮੀਟਰ 106 ਫੁੱਟ ਦੀ ਦੂਰੀ ਨਾਲ ਸੋਨ ਤਗਮਾ ਅਤੇ ਸ਼ਾਟ ਪੁਟ ਵਿਚ 8:81 ਮੀਟਰ ਲਗਭਗ 28 ਫੁੱਟ ਦੀ ਦੂਰੀ ਨਾਲ ਚਾਂਦੀ ਦਾ ਤਗਮਾ ਜਿੱਤਿਆ। ਫਰਿਜ਼ਨੋ ਦੇ 56 ਸਾਲ ਦੇ ਨੌਜਵਾਨ ਕਮਲਜੀਤ ਬੈਨੀਪਾਲ ਨੇ 800 ਮੀਟਰ ਦੌੜ ਵਿਚ 3:03:00 ਮਿੰਟ ਦੇ ਸਮੇਂ ਵਿਚ ਸਿਲਵਰ ਮੈਡਲ ਜਿੱਤਿਆ। ਉਸਨੇ 400 ਮੀਟਰ ਦੀ ਦੌੜ ਵਿਚ ਵੀ ਹਿੱਸਾ ਲਿਆ ਅਤੇ ਆਪਣੀ ਉਮਰ ਵਰਗ ਵਿਚ 1:16:00 ਮਿੰਟ ਦੇ ਸਮੇਂ ਵਿਚ ਚੌਥਾ ਸਥਾਨ ਪ੍ਰਾਪਤ ਕੀਤਾ। ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਫਰਿਜ਼ਨੋ ਗੁਰਬਖਸ਼ ਸਿੰਘ ਸਿੱਧੂ ਪਹਿਲਾਂ ਵੀ ਸੀਨੀਅਰ ਗੇਮਾਂ ਵਿਚ ਮੈਡਲ ਜਿੱਤਕੇ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕਰ ਚੁੱਕੇ ਹਨ।

# ਕੋਟਕਪੂਰਾ ਗੋਲੀ ਕਾਂਡ; ਗ੍ਰਹਿ ਵਿਭਾਗ ਵੱਲੋਂ ਮੁਲਜ਼ਮਾਂ ਖਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ

**ਫ਼ਰੀਦਕੋਟ/ਕੋਟਕਪੂਰਾ, (ਪੰਜਾਬ ਮੇਲ)-** ਪੰਜਾਬ ਦੇ ਗ੍ਰਹਿ ਵਿਭਾਗ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਵੱਡੀ ਕਾਰਵਾਈ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਡੀ.ਆਈ.ਜੀ. ਅਮਰ ਸਿੰਘ ਚਾਹਲ, ਸਾਬਕਾ ਐੱਸ.ਐੱਸ.ਪੀ. ਸੁਖਮਿੰਦਰ ਸਿੰਘ ਮਾਨ, ਚਰਨਜੀਤ ਸ਼ਰਮਾ ਅਤੇ ਥਾਣਾ ਸਿਟੀ ਕੋਟਕਪੂਰਾ ਦੇ ਸਾਬਕਾ ਐੱਸ.ਐੱਚ.ਓ. ਗੁਰਦੀਪ ਸਿੰਘ ਪੰਧੇਰ ਖਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ ਹੋ ਗਿਆ।

- **2400 ਸਫ਼ਿਆਂ ਦੇ ਚਲਾਨ 'ਚ ਸੁਖਬੀਰ ਬਾਦਲ ਤੇ ਸੁਮੇਧ ਸੈਣੀ ਨੂੰ ਮੁੱਖ ਸਾਜ਼ਿਸ਼ਘਾੜੇ ਦੱਸਿਆ**

ਫੌਜਦਾਰੀ ਕਾਨੂੰਨ ਮੁਤਾਬਕ ਗ੍ਰਹਿ ਵਿਭਾਗ ਦੀ ਮਨਜ਼ੂਰੀ ਲਾਜ਼ਮੀ ਹੈ। ਗ੍ਰਹਿ ਵਿਭਾਗ ਨੇ 2374 ਸਫਿਆਂ ਦੀ ਮਨਜ਼ੂਰੀ ਜਾਂਚ ਟੀਮ ਨੂੰ ਇੱਕ ਦਿਨ ਪਹਿਲਾਂ ਸੌਂਪ ਦਿੱਤੀ ਸੀ। ਵਿਸ਼ੇਸ਼ ਜਾਂਚ ਟੀਮ ਨੇ 2400 ਸਫ਼ਿਆਂ ਦੀ ਦੂਜੀ ਚਲਾਨ ਫਾਈਲ ਅਦਾਲਤ ਵਿਚ ਪੇਸ਼ ਕੀਤੀ, ਜਿਸ ਵਿਚ ਫੋਰੈਂਸਿਕ ਲੈਬਾਰਟਰੀਆਂ ਦੀਆਂ ਰਿਪੋਰਟਾਂ ਅਤੇ ਹੋਰ ਦਸਤਾਵੇਜ਼ ਵੀ ਸ਼ਾਮਲ ਹਨ। ਕੇਸ ਵਿਚ ਪੇਸ਼ੀ ਲਈ 16 ਮਈ ਦੀ ਤਰੀਕ ਨਿਰਧਾਰਿਤ ਕੀਤੀ ਗਈ ਹੈ। ਗ੍ਰਹਿ ਵਿਭਾਗ ਨੇ ਉਕਤ ਸਿਆਸਤਦਾਨਾਂ ਤੇ ਪੁਲਿਸ ਅਧਿਕਾਰੀਆਂ ਖਿਲਾਫ਼ ਫੌਜਦਾਰੀ ਕੇਸ ਚਲਾਉਣ ਨੂੰ ਹਰੀ ਝੰਡੀ ਦਿੰਦਿਆਂ ਕਿਹਾ ਕਿ ਜਾਂਚ ਟੀਮ ਵੱਲੋਂ ਇਕੱਤਰ ਕੀਤੇ ਗਏ ਸਬੂਤ, ਗਵਾਹ ਅਤੇ ਹੋਰ ਦਸਤਾਵੇਜ਼, ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪੰਜਾਬ ਦੇ ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੂਰੀ ਸਕ੍ਰਿਪਟ ਲਿਖੀ ਸੀ ਅਤੇ ਉਹ ਇਸ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਹਨ। ਗ੍ਰਹਿ ਵਿਭਾਗ ਨੇ ਕਿਹਾ ਕਿ ਜਾਂਚ ਟੀਮ ਵੱਲੋਂ ਤਿਆਰ ਕੀਤੀ ਗਈ ਚਾਰਜਸ਼ੀਟ ਵਿਸ਼ਵਾਸਯੋਗ ਹੈ, ਜਿਸ ਲਈ ਉਕਤ ਮੁਲਜ਼ਮਾਂ ਖਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ। ਕੋਟਕਪੂਰਾ ਗੋਲੀ ਕਾਂਡ ਸਬੰਧੀ ਦਰਜ ਦੋਵਾਂ ਮੁਕੱਦਮਿਆਂ ਵਿਚ ਜਾਂਚ ਟੀਮ ਨੇ ਦੂਜਾ ਸਪਲੀਮੈਂਟਰੀ ਚਲਾਨ ਵੀ ਅਦਾਲਤ ਵਿਚ ਪੇਸ਼ ਕਰ ਦਿੱਤਾ। ਅਦਾਲਤ ਵਿਚ ਪੇਸ਼ੀ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਅਤੇ ਬਾਕੀ ਪੁਲਿਸ ਅਧਿਕਾਰੀ ਅਦਾਲਤ ਗੈਰਹਾਜ਼ਰ ਰਹੇ। ਅਦਾਲਤ ਵਿਚ ਸੁਣਵਾਈ ਦੌਰਾਨ ਡੀ.ਆਈ.ਜੀ. ਅਮਰ ਸਿੰਘ ਚਾਹਲ ਅਤੇ ਇੰਸਪੈਕਟਰ ਗੁਰਦੀਪ ਸਿੰਘ ਪੰਧੇਰ

## ਲਖੀਮਪੁਰ ਖੀਰੀ ਹਿੰਸਾ: ਸੁਪਰੀਮ ਕੋਰਟ ਵੱਲੋਂ ਅਸ਼ੀਸ਼ ਮਿਸ਼ਰਾ ਦੀ ਜ਼ਮਾਨਤ 'ਚ ਵਾਧਾ



**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਮੁਲਜ਼ਮ ਅਸ਼ੀਸ਼ ਮਿਸ਼ਰਾ ਦੀ ਅੰਤਰਿਮ ਜ਼ਮਾਨਤ 11 ਜੁਲਾਈ ਤੱਕ ਵਧਾ ਦਿੱਤੀ ਹੈ। ਜਸਟਿਸ ਸੂਰਿਆ ਕਾਂਤ ਅਤੇ ਜੇ.ਕੇ. ਮਹੇਸ਼ਵਰੀ ਦੇ ਬੈਂਚ ਨੇ ਮਾਮਲੇ ਦੀ ਸੁਣਵਾਈ ਮੁਲਤਵੀ ਕਰਦਿਆਂ ਕਿਹਾ ਕਿ ਇਸ ਸਬੰਧੀ ਅੰਤਰਿਮ ਆਦੇਸ਼ 11 ਜੁਲਾਈ ਤੱਕ ਜਾਰੀ ਰਹੇਗਾ। ਪੀੜਤ ਪਰਿਵਾਰ ਵੱਲੋਂ ਪੇਸ਼ ਹੋਏ ਐਡਵੋਕੇਟ ਪ੍ਰਸ਼ਾਂਤ ਭੂਸ਼ਨ ਨੇ ਸਿਖਰਲੀ ਅਦਾਲਤ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਰੋਜ਼ਾਨਾ ਸੁਣਵਾਈ ਲਈ ਹੇਠਲੀ ਅਦਾਲਤ ਨੂੰ ਨਿਰਦੇਸ਼ ਦਿੱਤਾ ਜਾਵੇ।




## ਪੰਜਾਬ 'ਚ ਮੌਜੂਦਾ ਤੇ ਸਾਬਕਾ ਸੰਸਦ ਮੈਂਬਰਾਂ, ਵਿਧਾਇਕਾਂ ਵਿਰੁੱਧ 90 ਅਪਰਾਧਿਕ ਕੇਸਾਂ ਦੀ ਸੁਣਵਾਈ ਪੈਂਡਿੰਗ

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਪੁਲਿਸ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਦੱਸਿਆ ਕਿ ਮੌਜੂਦਾ ਅਤੇ ਸਾਬਕਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧ ਪੰਜਾਬ ਭਰ ਦੀਆਂ ਅਦਾਲਤਾਂ 'ਚ 90 ਅਪਰਾਧਿਕ ਕੇਸਾਂ ਦੀ ਸੁਣਵਾਈ ਪੈਂਡਿੰਗ ਹੈ। ਕੁੱਲ ਮਿਲਾ ਕੇ, ਸਰਕਾਰ ਨੇ ਮੌਜੂਦਾ ਅਤੇ ਸਾਬਕਾ ਸੰਸਦ ਮੈਂਬਰ/ਵਿਧਾਇਕਾਂ ਵਿਰੁੱਧ ਜਾਂਚ ਅਧੀਨ 12 ਕੇਸਾਂ ਦੇ ਵੇਰਵੇ ਹਾਈਕੋਰਟ ਦੇ ਸਾਹਮਣੇ ਰੱਖੇ ਹਨ। ਹੋਰ ਗੱਲਾਂ ਦੇ ਨਾਲ-ਨਾਲ ਹਾਈਕੋਰਟ ਨੂੰ ਇਹ ਵੀ ਦੱਸਿਆ ਗਿਆ ਕਿ ਬਿਕਰਮ ਸਿੰਘ ਮਜੀਠੀਆ ਵਿਰੁੱਧ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ ਤਹਿਤ ਦਰਜ ਕੇਸ ਦੀ ਜਾਂਚ ਚੱਲ ਰਹੀ ਹੈ। ਇਹ ਮਾਮਲਾ ਨਸ਼ਿਆਂ ਦੇ ਮੁੱਦੇ ਨਾਲ ਸੰਬੰਧਿਤ ਹੈ ਅਤੇ ਇਕ ਵਿਸ਼ੇਸ਼ ਜਾਂਚ ਟੀਮ ਦੁਆਰਾ ਜਾਂਚ ਕੀਤੀ ਜਾ ਰਹੀ ਹੈ।

# ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ ਭਰੇ ਗਏ ਪ੍ਰੋਫਾਰਮੇ 27 ਅਪ੍ਰੈਲ ਨੂੰ ਗਵਰਨਰ ਪੰਜਾਬ ਨੂੰ ਸੌਂਪੇਗੀ

**ਅੰਮ੍ਰਿਤਸਰ, (ਪੰਜਾਬ ਮੇਲ)**- ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਰੰਭੀ ਗਈ ਦਸਤਖ਼ਤੀ ਮੁਹਿੰਮ ਤਹਿਤ ਭਰੇ ਗਏ ਪ੍ਰੋਫਾਰਮੇ 27 ਅਪ੍ਰੈਲ ਨੂੰ ਪੰਜਾਬ ਦੇ ਗਵਰਨਰ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਸੌਂਪੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖ਼ਤੀ ਮੁਹਿੰਮ ਤਹਿਤ 25 ਲੱਖ ਤੋਂ ਵੱਧ ਲੋਕਾਂ ਨੇ ਪ੍ਰੋਫਾਰਮੇ ਭਰੇ ਹਨ, ਜੋ 27 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਗਵਰਨਰ ਪੰਜਾਬ ਦੇ ਸਪੁਰਦ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਗਵਰਨਰ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਪਾਸ



■ ਲੱਖ ਤੋਂ ਵੱਧ ਲੋਕਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਚੁੱਕੀ ਹੈ ਅਵਾਜ਼

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਚਾਰ ਮੈਂਬਰੀ ਵਫ਼ਦ ਜਾਵੇਗਾ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਸ. ਅਵਤਾਰ ਸਿੰਘ ਰਿਆ ਅਤੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਸ਼ਾਮਲ ਹੋਣਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ 27 ਅਪ੍ਰੈਲ ਨੂੰ ਹੀ ਸਵੇਰੇ 7 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਇਕੱਠ ਕਰਕੇ ਅਰਦਾਸ ਕੀਤੀ ਜਾਵੇਗੀ। ਇਸ ਪੰਥਕ ਇਕੱਠ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਮੁਖੀਆਂ ਸਮੇਤ ਸ਼੍ਰੋਮਣੀ ਕਮੇਟੀ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਸ਼ਾਮਲ ਹੋਣਗੇ।

# ਅਰੁਣਾਚਲ ਪ੍ਰਦੇਸ਼ 'ਚ ਸ੍ਰੀ ਗੁਰੂ ਨਾਨਕ ਦੇਵ ਦੇ ਗੁਰਦੁਆਰੇ ਨੂੰ ਬੋਧੀ ਅਸਥਾਨ 'ਚ ਤਬਦੀਲ ਕਰਨਾ ਸਿੱਖਾਂ 'ਤੇ ਹਮਲਾ : ਐਡਵੋਕੇਟ ਧਾਮੀ

■ ਕਿਹਾ; ਸਿੱਖ ਅਸਥਾਨ ਦੀ ਹੋਂਦ ਖ਼ਤਮ ਕਰਨਾ ਸੰਵਿਧਾਨ ਦੇ ਵਿਰੁੱਧ, ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇਣ ਦਖ਼ਲ

**ਅੰਮ੍ਰਿਤਸਰ, (ਪੰਜਾਬ ਮੇਲ)**- ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿਖੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਅਸਥਾਨ ਨੂੰ ਬੋਧੀ ਅਸਥਾਨ ਵਿਚ ਤਬਦੀਲ ਕੀਤੇ ਜਾਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ। ਮੇਚੁਕਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਸਥਿਤ ਹੈ, ਜਿਸ ਨੂੰ ਹਾਲ ਹੀ ਵਿਚ ਬੁੱਧ ਧਰਮ ਦੇ ਅਸਥਾਨ ਦੇ ਰੂਪ ਵਿਚ ਬਦਲ ਦਿੱਤਾ ਗਿਆ ਹੈ। ਬੀਤੀ 8 ਅਪ੍ਰੈਲ ਨੂੰ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਪੇਮਾ ਖਾਂਡੂ ਨੇ ਸੋਸ਼ਲ ਮੀਡੀਆ 'ਤੇ ਆਪਣੇ ਦੌਰੇ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਸ ਤੋਂ ਸਾਫ਼ ਨਜ਼ਰ ਆ ਰਿਹਾ ਹੈ ਕਿ ਹੁਣ ਇਸ ਸਿੱਖ ਅਸਥਾਨ ਨੂੰ ਬੋਧੀ ਅਸਥਾਨ ਵਜੋਂ ਤਬਦੀਲ ਕੀਤਾ ਜਾ ਚੁੱਕਾ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਹਰਕਤ ਨੂੰ ਸਿੱਖਾਂ 'ਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਕਿਸੇ ਵੀ ਧਰਮ ਅਸਥਾਨ ਨੂੰ ਹੋਰ ਧਰਮ ਦੇ ਕੇਂਦਰ ਵਿਚ ਤਬਦੀਲ ਕਰ ਦੇਣਾ ਸੰਵਿਧਾਨ ਦੀ ਧਾਰਾ 25 ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੀ ਭਲਾਈ ਲਈ ਵੱਖ-ਵੱਖ ਦੇਸ਼ਾਂ ਦੀ ਧਾਰਮਿਕ ਯਾਤਰਾ ਕੀਤੀ ਸੀ, ਜਿਸ ਨੂੰ ਸਿੱਖ ਇਤਿਹਾਸ ਵਿਚ ਉਦਾਸੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਤਹਿਤ ਹੀ ਗੁਰੂ ਸਾਹਿਬ ਦੇ ਮੇਚੁਕਾ ਵਿਖੇ ਵੀ ਜਾਣ ਦਾ ਹਵਾਲਾ ਮਿਲਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰੂ ਸਾਹਿਬ ਦੀ ਯਾਦ ਵਿਚ ਮੇਚੁਕਾ ਵਿਖੇ ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਸਥਾਪਤ ਸੀ। ਗੁਰਦੁਆਰਾ ਸਾਹਿਬ ਦੇ ਵਿਕਾਸ ਲਈ ਇਤਿਹਾਸਕਾਰ ਕਰਨਲ ਦਲਵਿੰਦਰ ਸਿੰਘ ਗਰੇਵਾਲ ਨੇ ਅਹਿਮ ਯੋਗਦਾਨ ਪਾਇਆ ਸੀ। ਸ. ਗਰੇਵਾਲ ਨੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਮਾਰਚ 1987 'ਚ ਇਸ ਗੁਰਦੁਆਰਾ ਸਾਹਿਬ ਨੂੰ ਸੰਗਤ ਅਰਪਣ ਕੀਤਾ ਸੀ। ਪਰੰਤੂ ਦੁੱਖ ਦੀ ਗੱਲ ਹੈ ਕਿ ਹੁਣ ਪਹਿਲੇ ਪਾਤਸ਼ਾਹ ਦੀ ਇਸ ਯਾਦਗਾਰ ਨੂੰ ਖ਼ਤਮ ਕਰਨ ਦੀ ਕੋਝੀ ਹਰਕਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸਿੱਖਾਂ ਦੇ ਇਸ ਇਤਿਹਾਸਕ ਅਸਥਾਨ 'ਤੇ ਜਾ ਕੇ ਇਸ ਨੂੰ ਬੋਧੀ ਅਸਥਾਨ ਵਜੋਂ ਦਿਖਾ ਰਹੇ ਹਨ। ਇਹ ਕਦਮ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ ਹੈ, ਜਿਸ ਦਾ ਹਰ ਪੱਧਰ 'ਤੇ ਕਰੜਾ ਵਿਰੋਧ ਕੀਤਾ ਜਾਵੇਗਾ।

# ਅਦਾਲਤ ਵੱਲੋਂ ਭਗੌੜੇ ਕਰਾਰ ਦਿੱਤੇ ਜਾ ਸਕਦੇ ਨੇ 14 ਅਕਾਲੀ ਨੇਤਾ !



**ਚੰਡੀਗੜ੍ਹ (ਪੰਜਾਬ ਮੇਲ)**- ਪੰਜਾਬ 'ਚ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਪੁਲਿਸ ਜਵਾਨਾਂ ਨਾਲ ਮਾਰਕੁੱਟ ਦੇ ਇੱਕ ਮਾਮਲੇ 'ਚ ਸਾਬਕਾ ਸਾਂਸਦ ਪ੍ਰੇਮ ਸਿੰਘ ਚੰਦੂਮਾਜਰਾ ਸਮੇਤ 14 ਅਕਾਲੀ ਨੇਤਾ ਕਈ ਮਹੀਨਿਆਂ ਤੋਂ ਜ਼ਿਲ੍ਹਾ ਅਦਾਲਤ 'ਚ ਪੇਸ਼ ਨਹੀਂ ਹੋ ਰਹੇ ਹਨ। ਚੀਫ਼ ਜਿਊਡੀਸ਼ੀਅਲ ਮੈਜਿਸਟ੍ਰੇਟ ਡਾ. ਅਮਨਇੰਦਰ ਸਿੰਘ ਦੀ ਅਦਾਲਤ ਨੇ ਗੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਸਨ, ਫਿਰ ਵੀ ਉਹ ਪੇਸ਼ ਨਹੀਂ ਹੋਏ।

ਹੁਣ ਚੰਦੂਮਾਜਰਾ ਤੋਂ ਇਲਾਵਾ ਕੁਕਾ ਸਿੰਘ, ਰੋਹਿਤ ਸ਼ਰਮਾ, ਪਰਮਜੀਤ ਸਿੰਘ, ਜਤਿੰਦਰ ਸਿੰਘ, ਹਰਪਾਲ ਸਿੰਘ, ਸਤਨਾਮ ਸਿੰਘ, ਹਰਜੋਵਨ ਸਿੰਘ, ਜੋਵਨ ਸਿੰਘ, ਸੁਖਬੀਰ ਸਿੰਘ, ਜੋਗਿੰਦਰ ਸਿੰਘ, ਨਵਜੋਤ ਸਿੰਘ, ਮਨਦੀਪ ਸਿੰਘ ਅਤੇ ਸੰਦੀਪ ਸਿੰਘ ਅਦਾਲਤ 'ਚ ਪੇਸ਼ ਨਹੀਂ ਹੁੰਦੇ ਹਨ ਤਾਂ ਭਗੌੜਾ ਕਰਾਰ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਉੱਥੇ ਹੀ, ਮਾਮਲੇ 'ਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, ਮਹੇਸ਼ਇੰਦਰ ਗਰੇਵਾਲ, ਦਲਜੀਤ ਸਿੰਘ ਚੀਮਾ, ਕੰਵਰਜੀਤ ਸਿੰਘ, ਪਰਮਬੰਸ ਸਿੰਘ ਰੋਮਾਣਾ, ਪਵਨ ਕੁਮਾਰ, ਦਲਜੀਤ ਸਿੰਘ, ਸੁਰਜੀਤ ਸਿੰਘ ਅਤੇ ਐੱਨ. ਕੇ. ਸ਼ਰਮਾ ਵੀ ਮੁਲਜ਼ਮ ਹਨ, ਪਰ ਕਈ ਮੁਲਜ਼ਮਾਂ ਨੇ ਅਦਾਲਤ 'ਚ ਪੇਸ਼ੀ ਤੋਂ ਛੋਟ ਲਈ ਅਰਜ਼ੀ ਦੇ ਦਿੱਤੀ ਸੀ। ਜ਼ਿਕਰਯੋਗ ਹੈ ਕਿ ਇਹ ਦਰਜ ਮਾਮਲਾ ਸਾਲ 2021 ਦਾ ਹੈ। ਅਕਾਲੀ ਦਲ ਦੇ ਕਈ ਨੇਤਾ ਪੰਜਾਬ ਸਰਕਾਰ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਇਹ ਨੇਤਾ ਪੰਜਾਬ 'ਚ ਕਿਸਾਨਾਂ ਦੀਆਂ ਮੰਗਾਂ ਅਤੇ ਹੋਰ ਮਾਮਲਿਆਂ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਨਿਵਾਸ ਤੱਕ ਪਹੁੰਚਣ ਦੀ ਕੋਸ਼ਿਸ਼ ਵਿਚ ਸਨ। ਪੁਲਿਸ ਨੇ ਰਾਹ 'ਚ ਹੀ ਰੋਕ ਲਿਆ, ਪਰ ਆਗੂਆਂ ਨੇ ਬੈਰੀਕੇਡਿੰਗ ਤੋੜ ਕੇ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ।




# ਸ਼੍ਰੋਮਣੀ ਅਕਾਲੀ ਦਲ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ

■ ਸਫਾ 1 ਦਾ ਬਾਕੀ

ਸ. ਪ੍ਰਕਾਸ਼ ਸਿੰਘ ਬਾਦਲ ਦੇ ਦਿਹਾਂਤ ਦੇ ਮੱਦੇਨਜ਼ਰ ਕੇਂਦਰ ਨੇ 26 ਤੇ 27 ਅਪ੍ਰੈਲ ਨੂੰ ਦੇਸ਼ ਭਰ 'ਚ ਦੋ ਦਿਨਾ ਰਾਜਸੀ ਸ਼ੋਕ ਦਾ ਐਲਾਨ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਾਰੇ ਰਾਜਾਂ ਨੂੰ ਭੇਜੇ ਗਏ ਪੱਤਰ 'ਚ ਕਿਹਾ ਹੈ ਕਿ ਮਰਹੂਮ ਹਸਤੀ ਦੇ ਸਨਮਾਨ ਵਜੋਂ ਕੇਂਦਰ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ 26 ਤੇ 27 ਅਪ੍ਰੈਲ ਨੂੰ ਪੂਰੇ ਭਾਰਤ 'ਚ ਦੋ ਦਿਨਾ ਰਾਜਸੀ ਸੋਗ ਮਨਾਇਆ ਜਾਵੇਗਾ। ਇਨ੍ਹਾਂ ਦੋ ਦਿਨਾਂ 'ਚ ਉਨ੍ਹਾਂ ਸਾਰੀਆਂ ਇਮਾਰਤਾਂ 'ਤੇ ਰਾਸ਼ਟਰੀ ਝੰਡਾ ਅੱਧਾ ਝੁਕਾਇਆ ਜਾਵੇਗਾ, ਜਿੱਥੇ ਰਾਸ਼ਟਰੀ ਝੰਡਾ ਨਿਯਮਤ ਤੌਰ 'ਤੇ ਲਹਿਰਾਇਆ ਜਾਂਦਾ ਹੈ ਅਤੇ ਇਨ੍ਹਾਂ ਦੋ ਦਿਨਾਂ 'ਚ ਕੋਈ ਵੀ ਸਰਕਾਰੀ ਮਨੋਰੰਜਨ ਨਹੀਂ ਹੋਵੇਗਾ।

ਉਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਵਿਸ਼ਵ ਭਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਨੈਸ਼ਨਲ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਸ਼ੋਕ ਸੁਨੇਹੇ ਆਉਣੇ ਸ਼ੁਰੂ ਹੋ ਗਏ। ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਈ ਕੇਂਦਰੀ ਮੰਤਰੀਆਂ, ਮੁੱਖ ਮੰਤਰੀਆਂ ਅਤੇ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨੇ ਉਨ੍ਹਾਂ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸੂਬੇ ਅਤੇ ਦੇਸ਼ ਦੇ ਲਈ ਉਨ੍ਹਾਂ ਦੇ ਅਥਾਹ ਯੋਗਦਾਨ ਦੀ ਸ਼ਲਾਘਾ ਕੀਤੀ। ਸ. ਬਾਦਲ ਦੇ ਦਿਹਾਂਤ ਦੀ ਖ਼ਬਰ ਮਿਲਦਿਆਂ ਹੀ ਹਸਪਤਾਲ ਦੇ ਬਾਹਰ ਕਈ ਸ਼ੁੱਭਚਿੰਤਕ ਤੇ ਪਾਰਟੀ ਵਰਕਰ ਇਕੱਠੇ ਹੋ ਗਏ।

ਪ੍ਰਕਾਸ਼ ਸਿੰਘ ਬਾਦਲ ਦੇ ਦਿਹਾਂਤ 'ਤੇ ਇੰਜ: ਜਸਦੇਵ ਸਿੰਘ ਬੋਪਾਰਾਏ, ਯਾਦਵਿੰਦਰ ਸਿੰਘ ਯਾਦੂ, ਰਣਜੀਤ ਸਿੰਘ ਖੰਨਾ, ਸੰਤਾ ਸਿੰਘ ਉਮੈਦਪੁਰੀ, ਰਾਜਬੀਰ ਸਿੰਘ ਸਹਾਰਨ ਮਾਜਰਾ, ਮਲਕੀਤ ਸਿੰਘ ਦਾਖਾ, ਸਰਵਣ ਸਿੰਘ ਕੁਲਾਰ, ਰਣਜੀਤ ਸਿੰਘ ਖੁਰਾਣਾ, ਰਜਿੰਦਰ ਸਿੰਘ ਚੰਦੀ, ਰਵੀਕਰਨ ਸਿੰਘ ਕਾਹਲੋਂ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਵਰਿੰਦਰ ਸਿੰਘ ਬਾਜਵਾ, ਜਤਿੰਦਰ ਸਿੰਘ ਲਾਲੀ ਬਾਜਵਾ, ਲਖਵਿੰਦਰ ਸਿੰਘ ਲੱਖੀ, ਪ੍ਰੋ: ਵਿਰਸਾ ਸਿੰਘ ਵਲਟੋਹਾ, ਰਵਿੰਦਰ ਸਿੰਘ ਬ੍ਰਹਮਪੁਰਾ, ਚੌਧਰੀ ਬਲਬੀਰ ਸਿੰਘ ਮਿਆਣੀ, ਅਰਵਿੰਦਰ ਸਿੰਘ ਰਸੂਲਪੁਰ, ਗੁਰਮੇਲ ਸਿੰਘ ਸਿਕਰੀ, ਸਰਬਜੀਤ ਸਿੰਘ ਮੋਮੀ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਹਰਪ੍ਰੀਤ ਸਿੰਘ ਕੋਟਭਾਈ, ਹਰਦੀਪ ਸਿੰਘ ਡਿੰਪੀ ਢਿੱਲੋਂ, ਤੇਜਿੰਦਰ ਸਿੰਘ ਮਿੱਡੂਖੇੜਾ, ਅਵਤਾਰ ਸਿੰਘ ਵਣਵਾਲਾ, ਜਗਜੀਤ ਸਿੰਘ ਹਨੀ ਫ਼ੱਤਣਵਾਲਾ ਸਮੇਤ ਕਈ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।


**ਜਲੰਧਰ** : ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਵੇਈਂ ਨਾਲ ਬਾਦਲ ਦਾ ਦਿਲੋਂ ਲਗਾਅ ਸੀ। ਮੁੱਖ ਮੰਤਰੀ ਰਹਿੰਦਿਆਂ ਉਨ੍ਹਾਂ ਨੇ ਵੇਈਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕਈ ਠੋਸ ਕਦਮ ਚੁੱਕੇ। ਉਨ੍ਹਾਂ ਦੇ ਦੇਹਾਂਤ ਕਾਰਨ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਪਿੰਡ ਦੀ ਸਰਪੰਚੀ ਤੋਂ ਸ਼ੁਰੂ ਕੀਤਾ ਸੀ ਸਿਆਸੀ ਸਫ਼ਰ

ਪ੍ਰਕਾਸ਼ ਸਿੰਘ ਬਾਦਲ ਨੇ ਪਿੰਡ ਬਾਦਲ ਦੀ ਸਰਪੰਚੀ ਤੋਂ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ। ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਵੱਡੇ ਬਾਦਲ ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਰਹੇ। ਉਹ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੀ ਰਹੇ ਪ੍ਰੰਤੂ ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਨੇ ਇਹ ਜ਼ਿੰਮੇਵਾਰੀ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੀ ਸੀ। ਉਹ ਲੋਕਾਂ ਵਿਚ ਕਾਫ਼ੀ ਹਰਮਨ ਪਿਆਰੇ ਆਗੂ ਵਜੋਂ ਜਾਣੇ ਜਾਂਦੇ ਸਨ। ਅਕਾਲੀ ਦਲ ਦੀ ਸਰਕਾਰ ਦੌਰਾਨ ਉਨ੍ਹਾਂ ਨੇ ਸੰਗਤ ਦਰਸ਼ਨ ਪ੍ਰੋਗਰਾਮ ਉਲੀਕ ਕੇ ਨਵੀਂ ਪਿਰਤ ਪਾਈ ਸੀ। ਉਹ ਬਹੁਤ ਅਪਣੱਤ ਨਾਲ ਆਪਣੇ ਵਰਕਰਾਂ ਨੂੰ ਮਿਲਦੇ ਸਨ ਅਤੇ ਮੁੱਖ ਮੰਤਰੀ ਹੁੰਦਿਆਂ ਵੀ ਉਹ ਕਦੇ ਕਿਸੇ ਅਧਿਕਾਰੀ ਜਾਂ ਪਾਰਟੀ ਆਗੂ ਤੇ ਵਰਕਰ ਨੂੰ ਉੱਚੀ ਆਵਾਜ਼ ਵਿਚ ਨਹੀਂ ਬੋਲੇ।




ਪ੍ਰਕਾਸ਼ ਸਿੰਘ ਬਾਦਲ 15 ਅਪਰੈਲ 2013 'ਚ ਨਵੀਂ ਦਿੱਲੀ ਵਿੱਚ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮਿਲਦੇ ਹੋਏ।



ਪ੍ਰਕਾਸ਼ ਸਿੰਘ ਬਾਦਲ ਭਾਰਤੀ ਸਿਆਸਤ ਦੇ ਕੱਦਾਵਰ ਆਗੂ ਸਨ, ਜਿਨ੍ਹਾਂ ਇਕ ਆਗੂ ਵਜੋਂ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ। ਸਾਬਕਾ ਮੁੱਖ ਮੰਤਰੀ ਨੇ ਰਾਜ ਦੇ ਹਿੱਤਾਂ ਤੇ ਲੋਕਾਂ ਲਈ ਅਣਥੱਕ ਕਾਰਜ ਕੀਤੇ ਹਨ।

**- ਬਨਵਾਰੀ ਲਾਲ ਪੁਰੋਹਿਤ, ਰਾਜਪਾਲ, ਪੰਜਾਬ**



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਦੀ ਦੁਖਦਾਈ ਖ਼ਬਰ ਮਿਲੀ। ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਸਥਾਨ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**- ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ, ਦਿੱਲੀ**



ਪ੍ਰਕਾਸ਼ ਸਿੰਘ ਬਾਦਲ ਸਿਰਫ਼ ਪੰਜਾਬ ਦੀ ਹੀ ਨਹੀਂ, ਬਲਕਿ ਦੇਸ਼ ਵਿਚ ਸਿੱਖ ਸਿਆਸਤ ਦਾ ਇਕ ਧੁਰਾ ਸਨ। ਉਹ ਅਜਿਹੇ ਸਿਆਸਤਦਾਨ ਸਨ, ਜੋ ਹਰ ਕਿਸੇ ਨੂੰ ਨਾਲ ਲੈ ਕੇ ਚੱਲਣ ਵਿਚ ਵਿਸ਼ਵਾਸ ਰੱਖਦੇ ਸਨ। **- ਹਰਮੀਤ ਸਿੰਘ ਕਾਲਕਾ, ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਕਮੇਟੀ**

## ਜਦ ਦੇਸ਼ ਦੇ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ



ਸੰਗਰੂਰ 'ਚ 31 ਜੁਲਾਈ 2015 ਨੂੰ ਸ਼ਹੀਦ ਊਧਮ ਦੇ ਭਤੀਜੇ ਖੁਸ਼ੀ ਰਾਮ ਨੂੰ ਮਿਲਦੇ ਹੋਏ ਪ੍ਰਕਾਸ਼ ਸਿੰਘ ਬਾਦਲ।

**ਚੰਡੀਗੜ੍ਹ, (ਪੰਜਾਬ ਮੇਲ)-** ਦਸੰਬਰ 1927 'ਚ ਮਲੋਟ ਨੇੜਲੇ ਅਬੁਲ ਖੁਰਾਣਾ ਪਿੰਡ ਵਿਚ ਜਨਮੇ ਬਾਦਲ ਲਾਹੌਰ ਦੇ ਫੋਰਮੈਨ ਕ੍ਰਿਸਚੀਅਨ ਕਾਲਜ ਤੋਂ ਗ੍ਰੈਜੂਏਟ ਹੋਏ ਸਨ। ਉਨ੍ਹਾਂ ਦੇ ਰਾਜਨੀਤਕ ਸਫ਼ਰ ਵਿਚ ਪਹਿਲਾ ਸਿਆਸੀ ਅਹੁਦਾ ਪਿੰਡ ਬਾਦਲ ਦਾ ਸਰਪੰਚ ਬਣਨਾ ਸੀ। ਮਗਰੋਂ ਉਹ ਬਲਾਕ ਸਮਿਤੀ ਦੇ ਚੇਅਰਮੈਨ ਬਣੇ। ਸੰਨ 1957 ਵਿਚ ਉਨ੍ਹਾਂ ਕਾਂਗਰਸ ਉਮੀਦਵਾਰ ਵਜੋਂ ਮਲੋਟ ਤੋਂ ਵਿਧਾਨ ਸਭਾ ਵਿਚ ਪੈਰ ਧਰਿਆ ਤੇ ਵਿਧਾਇਕ ਬਣੇ। ਇਸ ਤੋਂ ਬਾਅਦ 1969 ਵਿਚ ਉਹ ਅਕਾਲੀ ਦਲ ਦੀ ਟਿਕਟ 'ਤੇ ਗਿੱਦੜਬਾਹਾ ਤੋਂ ਵਿਧਾਇਕ ਬਣੇ। ਜਦ ਤਤਕਾਲੀ ਮੁੱਖ ਮੰਤਰੀ ਗੁਰਨਾਮ ਸਿੰਘ ਦਲ ਬਦਲੀ ਕਰ ਕੇ ਕਾਂਗਰਸ ਵਿਚ ਚਲੇ ਗਏ, ਤਾਂ ਅਕਾਲੀ ਦਲ ਦਾ ਪੁਨਰਗਠਨ ਹੋਇਆ। ਇਸ ਦੌਰਾਨ 27 ਮਾਰਚ, 1970 ਨੂੰ ਪਾਰਟੀ ਨੇ ਬਾਦਲ ਨੂੰ ਆਪਣਾ ਆਗੂ ਚੁਣ ਲਿਆ। ਸ਼੍ਰੋਮਣੀ ਅਕਾਲੀ ਦਲ ਨੇ ਉਸ ਵੇਲੇ ਜਨ ਸੰਘ ਦੀ ਹਮਾਇਤ ਨਾਲ ਸੂਬੇ ਵਿਚ ਸਰਕਾਰ ਬਣਾਈ। ਉਸ ਵੇਲੇ ਬਾਦਲ ਦੇਸ਼ ਵਿਚ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਬਣੇ ਸਨ। ਹਾਲਾਂਕਿ ਉਹ ਸਰਕਾਰ ਇਕ ਸਾਲ ਤੋਂ ਕੁਝ ਸਮਾਂ ਵੱਧ ਹੀ ਚੱਲੀ। ਪਿਛਲੇ ਸਾਲ ਜਦ ਪਾਰਟੀ ਨੇ ਬਾਦਲ ਨੂੰ ਮੁਕਤਸਰ ਦੇ ਲੰਬੀ ਤੋਂ ਉਮੀਦਵਾਰ ਬਣਾਇਆ ਤਾਂ ਉਹ ਦੇਸ਼ ਵਿਚ ਚੋਣ ਲੜਨ ਵਾਲੇ ਸਭ ਤੋਂ ਵੱਡੀ ਉਮਰ ਦੇ ਵਿਅਕਤੀ ਵੀ ਬਣੇ।







# ਸਿਆਸੀ ਬਾਬਾ ਬੋਹੜ ਦੀ ਛਤਰ ਛਾਇਆ ਤੋਂ ਵਿਹੂਣੀ ਹੋਈ ਪੰਥਕ ਤੇ ਅਕਾਲੀ ਰਾਜਨੀਤੀ

## ■ ਪੰਥ ਰਤਨ 'ਫ਼ਖਰ-ਏ-ਕੌਮ' ਅਤੇ 'ਪਦਮ ਵਿਭੂਸ਼ਣ' ਨਾਲ ਸਨਮਾਨਿਤ ਹੋਏ ਸਨ ਪ੍ਰਕਾਸ਼ ਸਿੰਘ ਬਾਦਲ

**ਲੰਬੀ, (ਪੰਜਾਬ ਮੇਲ)-** ਪੰਥਕ ਅਤੇ ਅਕਾਲੀ ਰਾਜਨੀਤੀ ਪ੍ਰਕਾਸ਼ ਸਿੰਘ ਬਾਦਲ ਜਿਹੇ ਵੱਡੇ ਸਿਆਸੀ ਬਾਬਾ ਬੋਹੜ ਦੀ ਛਤਰ ਛਾਇਆ ਤੋਂ ਵਿਹੂਣੀ ਹੋ ਗਈ ਹੈ, ਜੋ ਪੰਜ ਵਾਰ ਮੁੱਖ ਮੰਤਰੀ ਰਹੇ ਸਨ। ਪਿੰਡ-ਪਿੰਡ ਅਤੇ ਘਰ-ਘਰ ਸੰਗਤ ਦਰਸ਼ਨ ਕਰਕੇ ਮਸਲੇ ਹੱਲ ਕਰਨ ਵਾਲਾ ਲੋਕ ਆਗੂ ਹੁਣ ਕਦੇ ਮੁੜ ਕੇ ਨਹੀਂ ਆਉਣਾ। ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਪਿੰਡ ਬਾਦਲ ਦੀ ਸਰਪੰਚੀ ਤੋਂ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਨੇ 8 ਦਸੰਬਰ, 1927 ਨੂੰ ਨਾਨਕੇ ਪਿੰਡ ਅਬੁਲ ਖੁਰਾਣਾ ਵਿਚ ਪਿਤਾ ਰਘੁਰਾਜ ਸਿੰਘ ਦੇ ਘਰ ਮਾਤਾ ਜਸਵੰਤ ਕੌਰ ਦੀ ਕੁੱਖੋਂ ਜਨਮ ਲਿਆ। ਉਨ੍ਹਾਂ ਐੱਫ.ਏ. ਤੱਕ ਪੜ੍ਹਾਈ ਐੱਫ.ਸੀ. ਕਾਲਜ ਲਾਹੌਰ ਤੋਂ ਕੀਤੀ।

ਉਹ ਹੋਰ ਪੜ੍ਹ ਕੇ ਸਰਕਾਰੀ ਅਫ਼ਸਰ ਲੱਗਣਾ ਚਾਹੁੰਦੇ ਸਨ ਪਰ ਗਿਆਨੀ ਕਰਤਾਰ ਸਿੰਘ ਦੀ ਪ੍ਰੇਰਣਾ ਮਗਰੋਂ ਉਹ ਪੰਚਾਇਤ ਸਮਿਤੀ ਲੰਬੀ ਦੇ ਚੇਅਰਮੈਨ ਚੁਣੇ ਗਏ। ਉਨ੍ਹਾਂ 1957 ਵਿਚ ਪਹਿਲੇ ਵੱਡੇ ਸਿਆਸੀ ਕਦਮ ਤਹਿਤ ਮਲੋਟ ਹਲਕੇ ਤੋਂ ਪਹਿਲੀ ਦਫ਼ਾ ਵਿਧਾਨ ਸਭਾ ਚੋਣ ਜਿੱਤੀ। ਇਸ ਮਗਰੋਂ 1969 ਵਿਚ ਵੀ ਵਿਧਾਨ ਸਭਾ ਦੀ ਚੋਣ ਜਿੱਤੀ ਅਤੇ ਅਕਾਲੀ-




ਪਿੰਡ ਬਾਦਲ 'ਚ ਪ੍ਰਕਾਸ਼ ਸਿੰਘ ਬਾਦਲ ਦੀ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨਾਲ ਮੁਲਾਕਾਤ ਦੌਰਾਨ ਇਕ ਯਾਦਗਾਰੀ ਤਸਵੀਰ। (ਸੱਜੇ) ਨਵੀਂ ਦਿੱਲੀ ਵਿਚ 10 ਜੁਲਾਈ 2014 ਨੂੰ ਤਤਕਾਲੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਨਾਲ ਪ੍ਰਕਾਸ਼ ਸਿੰਘ ਬਾਦਲ। (ਫਾਈਲ ਫੋਟੋ)



ਪ੍ਰਕਾਸ਼ ਸਿੰਘ ਬਾਦਲ ਨਵੀਂ ਦਿੱਲੀ ਦੇ ਉੱਤਰੀ ਬਲਾਕ ਵਿਚ ਕੇਂਦਰੀ ਵਿੱਤ, ਕਾਰਪੋਰੇਟ ਤੇ ਰੱਖਿਆ ਮੰਤਰੀ ਅਰੁਣ ਜੇਤਲੀ ਨੂੰ ਮਿਲਦੇ ਹੋਏ। (ਫਾਈਲ ਫੋਟੋ)।

ਜਨਸੰਘ ਗੱਠਜੋੜ ਸਰਕਾਰ ਵਿਚ ਮੰਤਰੀ ਰਹੇ। ਉਨ੍ਹਾਂ ਦਾ ਵਿਆਹ ਸੁਰਿੰਦਰ ਕੌਰ ਵਾਸੀ ਚੱਕ ਫਤਹਿ ਸਿੰਘ ਵਾਲਾ ਨਾਲ ਹੋਇਆ। ਉਹ ਪਹਿਲੀ ਵਾਰ 1970 ਵਿਚ ਪੰਜਾਬ ਦੇ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਚੁਣੇ ਗਏ। ਉਹ ਪੰਜ ਵਾਰ ਮੁੱਖ ਮੰਤਰੀ ਰਹੇ। ਉਹ ਮਲੋਟ, ਗਿੱਦੜਬਾਹਾ ਤੇ ਲੰਬੀ ਹਲਕੇ ਤੋਂ ਦਸ ਵਾਰ ਵਿਧਾਇਕ ਚੁਣੇ ਗਏ। ਉਨ੍ਹਾਂ ਪੰਜਾਬ ਦੇ ਹਿੱਤਾਂ ਲਈ ਜੇਲ੍ਹ ਵੀ ਕੱਟੀ। ਉਹ 1995 ਤੋਂ 31 ਜਨਵਰੀ 2008 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ। ਉਨ੍ਹਾਂ ਅਕਾਲੀ ਦਲ ਨੂੰ ਹਰੇਕ ਔਖੀ ਘੜੀ ਵਿਚੋਂ ਬੇਬਾਕੀ ਨਾਲ ਕੱਢ ਕੇ ਮੁੜ ਤੋਂ ਸਿਖ਼ਰ ਤੱਕ ਪਹੁੰਚਾਇਆ। ਸ਼੍ਰੀ ਬਾਦਲ 11 ਦਸੰਬਰ 2011 ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਰਤਨ 'ਫ਼ਖਰ-ਏ-ਕੌਮ' ਨਾਲ ਸਨਮਾਨਤ ਕੀਤੇ ਗਏ। ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ 2015 'ਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪਰਿਵਾਰ 'ਤੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕੀਤਾ ਸੀ ਪਰ ਸੱਤ ਸਾਲ ਦੇ ਅਰਸੇ ਮਗਰੋਂ ਉਹ ਮੁਹਾਲੀ ਅਦਾਲਤ ਵਿਚੋਂ ਬਾ-ਇੱਜ਼ਤ ਬਰੀ ਹੋ ਗਏ। ਪ੍ਰਕਾਸ਼ ਸਿੰਘ ਬਾਦਲ ਖੁਦ ਦਿਨ ਵਿਚ ਦੋ ਵਾਰ ਨਿੱਤਨੇਮ ਅਤੇ ਨਾਮ ਸਿਮਰਨ ਕਰਦੇ ਸਨ। ਵਡੇਰੀ ਉਮਰ 'ਚ ਨਿੱਤ ਕਸਰਤ ਕਰਨਾ ਉਨ੍ਹਾਂ ਦੇ ਅਖ਼ੀਰਲੇ ਦਿਨਾਂ ਤੱਕ ਜ਼ਿੰਦਗੀ ਦਾ ਹਿੱਸਾ ਰਿਹਾ। ਪਿਛਲੇ ਕੁੱਝ ਸਮੇਂ ਤੋਂ ਸਿਹਤ ਠੀਕ ਨਾ ਹੋਣ ਕਰਕੇ ਉਹ ਘਰ ਵਿਚ ਇਕਾਂਤਵਾਸ ਵਾਲੇ ਮਾਹੌਲ ਵਿਚ ਵਿਚਰਦੇ ਸਨ।

# ਪੰਜਾਬ ਤੇ ਅਕਾਲੀ ਸਿਆਸਤ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਿਆਸਤਦਾਨ ਸਨ ਪ੍ਰਕਾਸ਼ ਸਿੰਘ ਬਾਦਲ



ਅਟਲ ਬਿਹਾਰੀ ਵਾਜਪਾਈ ਤੇ ਪ੍ਰਕਾਸ਼ ਸਿੰਘ ਬਾਦਲ 25 ਜਨਵਰੀ 1997 ਨੂੰ ਕਪੂਰਥਲਾ 'ਚ ਇਕ ਜਨਤਕ ਮੀਟਿੰਗ ਦੌਰਾਨ।

**ਚੰਡੀਗੜ੍ਹ, (ਪੰਜਾਬ ਮੇਲ)-** ਵੀਹਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ ਦੌਰਾਨ ਪੰਜਾਬ ਅਤੇ ਅਕਾਲੀ ਸਿਆਸਤ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਿਆਸਤਦਾਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਮੁਹਾਲੀ ਵਿਚ ਦੇਹਾਂਤ ਹੋ ਗਿਆ। ਉਹ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ। ਉਨ੍ਹਾਂ ਦੇ ਸਿਆਸੀ ਸਫਰ ਨੂੰ ਬਿਆਨ ਕਰਦਿਆਂ ਉੱਘੇ ਰਾਜਨੀਤਕ ਵਿਦਵਾਨ ਪਰਮੋਦ ਕੁਮਾਰ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਅਜਿਹੇ ਸਿਆਸਤਦਾਨ ਸਨ, ਜਿਨ੍ਹਾਂ ਨੇ ਪੰਜਾਬ ਦੇ ਸਭ ਵਰਗਾਂ ਵਿਚਕਾਰ ਇੱਕ ਪੁਲ ਦਾ ਕੰਮ ਕੀਤਾ; ਸਾਂਝਾਂ ਵਧਾਈਆਂ। ਉਹ ਸਿਆਸਤ ਵਿਚ ਖੁਸ਼ਦਿਲੇ ਅਤੇ ਉਦਾਰਵਾਦੀ ਸਨ ਅਤੇ ਜ਼ਮੀਨ ਨਾਲ ਜੁੜੇ ਹੋਏ ਸਿਆਸਤਦਾਨ ਸਨ। ਪਰਮੋਦ ਕੁਮਾਰ ਅਨੁਸਾਰ ਪੰਜਾਬ ਦੀ ਸਿਆਸਤ ਪਰੰਪਰਾ ਵ੍ਰਿਚ ਲੋਕਾਂ ਅਤੇ ਸਿਆਸੀ ਕਾਰਕੁਨਾਂ ਨਾਲ ਡੂੰਘਾ ਰਾਬਤਾ ਰੱਖਣ ਵਾਲੇ ਸਿਆਸਤਦਾਨਾਂ ਦੀ ਰਵਾਇਤ ਵਿਚ ਉਹ ਆਖਰੀ ਸਿਆਸਤਦਾਨ ਸਨ, ਜਿਨ੍ਹਾਂ ਨੇ ਲੋਕਾਂ ਨਾਲ ਵੱਡੇ ਪੱਧਰ 'ਤੇ ਸੰਪਰਕ ਕਾਇਮ ਕੀਤਾ। ਉਨ੍ਹਾਂ ਪੰਥਕ ਸਿਆਸਤ ਨੂੰ ਨਵੇਂ ਆਯਾਮ ਦਿੱਤੇ ਅਤੇ ਸਿੱਖ ਭਾਈਚਾਰੇ ਨੂੰ ਉਦਾਰਵਾਦੀ ਸਿਆਸਤ ਨਾਲ ਜੋੜਿਆ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਨੇ 1996 ਵਿਚ ਨਵੀਂ ਰਣਨੀਤੀ ਅਪਣਾਈ। ਮੋਗਾ ਵਿਚ ਕੀਤੇ ਸਾਂਝੇ ਐਲਾਨਨਾਮੇ ਵਿਚ ਇਹ ਰੂਪ-ਰੇਖਾ ਉਲੀਕੀ ਗਈ ਕਿ ਪੰਜਾਬ ਨਾਲ ਹੋ ਰਿਹਾ ਅਨਿਆਂ ਸਿਰਫ ਸਿੱਖਾਂ ਅਤੇ ਅਕਾਲੀਆਂ ਨਾਲ ਹੋ ਰਿਹਾ ਅਨਿਆਂ ਨਹੀਂ ਹੈ, ਸਗੋਂ ਸਮੂਹ ਪੰਜਾਬੀਆਂ ਨਾਲ ਹੋ ਰਿਹਾ ਅਨਿਆਂ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ 1996 ਵਿਚ ਕੀਤੇ ਸਾਂਝੇ ਐਲਾਨਨਾਮੇ ਨਾਲ ਪੰਜਾਬ ਦੀ ਸਿਆਸਤ ਵਿਚ ਇੱਕ ਨਵਾਂ ਯੁੱਗ ਸ਼ੁਰੂ ਹੋਇਆ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੇ ਸਾਂਝਾ ਰਾਜਸੀ ਮੰਚ ਅਪਣਾਇਆ।

USA Immigration Consultant

ਕਿਸੇ ਵੀ ਤਰ੍ਹਾਂ ਦੇ ਇਮੀਗ੍ਰੇਸ਼ਨ ਸੰਬੰਧੀ ਫਾਰਮ ਭਰਵਾਉਣ ਲਈ ਮਿਲੋ।

We can also help you go get citizenship if you can't speaks English due to medical reason only .

ਜੇ ਤੁਹਾਨੂੰ ਇੰਗਲਿਸ਼ ਨਹੀਂ ਆਉਂਦੀ, ਅਸੀਂ ਤੁਹਾਨੂੰ ਸਿਟੀਜਨਸ਼ਿਪ ਦੁਆ ਸਕਦੇ ਹਾਂ।



• CITIZENSHIP • GREEN CARD • VISA

Designed By Punjab Mail USA

Call for All Kinds of Immigration Services In USA



MALIK AWAN
J.D. (CEO)

916-849-2926

malik@averwood.us

www.averwood.us

1851 Heritage Ln. Suite #129 Sacramento, CA 95815 USA

# (ਆਜ਼ਾਦੀ ਦੇ ਉਹਲੇ) ਹਿਜ਼ਰਤਨਾਮਾ 71: ਮਾਈ ਮਹਿੰਦਰ ਕੌਰ ਫ਼ਾਜ਼ਲਵਾਲਾ

# '20 ਚੱਕ-ਮੀਆਂ ਚੰਨੂ ਦੀ ਦਰਦ ਬਿਆਨੀ'



ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



"ਸ. ਕਿਸ਼ਨ ਸਿੰਘ, ਸ. ਸ਼ਾਮ ਸਿੰਘ ਅਤੇ ਸ.ਅਰਜਣ ਸਿੰਘ, ਸ.ਹੀਰਾ ਸਿੰਘ ਦੇ ਬੇਟੇ ਹੋਏ। ਉਨ੍ਹਾਂ ਦਾ ਜੱਦੀ ਪਿੰਡ ਸ਼ਾਹਪੁਰ-ਫਿਲੌਰ ਹੋਇਐ। ਕਿਸ਼ਨ ਸਿੰਘ ਨੂੰ 47/5ਐੱਲ-ਮਿੰਟਗੁਮਰੀ ਵਿਚ ਅਤੇ ਸ਼ਾਮ ਸਿੰਘ ਨੂੰ 20 ਚੱਕ, ਨਜ਼ਦੀਕ ਕਸਬਾ ਤੁਲੰਭਾ, ਤਹਿਸੀਲ ਮੀਆਂ ਚੰਨੂ, ਜ਼ਿਲ੍ਹਾ ਮੁਲਤਾਨ ਵਿਚ ਮੁੱਰਬਾ ਅਲਾਟ ਸੀ। ਅਰਜਣ ਸਿੰਘ ਬਾਰ ਵਿਚ ਨਹੀਂ ਗਿਆ। ਮੈਂ ਸ. ਸ਼ਾਮ ਸਿੰਘ ਦੀ ਧੀ ਹਾਂ। ਅਸੀਂ ਸੱਤ ਭੈਣਾਂ ਅਤੇ ਸੱਤ ਭੈਣਾਂ ਦਾ ਇੱਕੋ ਇੱਕ ਭਰਾ ਪੂਰਨਮਾਸ਼ੀ ਨੂੰ ਜਨਮਿਆਂ ਸ.ਪੂਰਨ ਸਿੰਘ ਹੋਇਐ। ਸਾਡੇ ਸਾਰੇ ਭੈਣ-ਭਰਾ ਦਾ ਜਨਮ ਗੰਜੀਬਾਰ ਦਾ ਈ ਐ।

ਗੁਆਂਢੀ ਪਿੰਡਾਂ ਵਿਚ 19 ਚੱਕ ਦੱਖਣ ਵਿਚ ਅਤੇ 2 ਚੱਕ ਮੁਸਲਮਾਨਾਂ ਦਾ ਪਿੰਡ ਸੀ। 44, 48 ਚੱਕ ਜ਼ਰਾ ਹੱਟ ਕੇ। ਲਾਹੌਰ-ਮੁਲਤਾਨ ਲਾਈਨ 'ਤੇ 'ਟੇਸ਼ਣ ਇਕਬਾਲ ਨਗਰ ਵੱਜਦਾ, ਜੋ ਕੋਈ ਤਿੰਨ ਕੋਹ ਦੀ ਵਾਟ 'ਤੇ ਸੀ।

ਪਿੰਡ ਦੇ ਗੁਰਦੁਆਰਾ ਸਾਹਿਬ ਦੀ ਕੰਧ ਨਾਲ ਸਾਡੇ ਘਰ ਦੀ ਕੰਧ ਸਾਂਝੀ ਸੀ। ਉਥੇ ਗ੍ਰੰਥੀ ਸਿੰਘ ਸ. ਬਲਵੰਤ ਸਿੰਘ 'ਰੋੜਾ ਹੁੰਦਾ, ਜੋ ਸਿੱਖ ਬੱਚਿਆਂ ਨੂੰ ਗੁਰਮੁਖੀ ਦੇ ਨਾਲ ਗਤਕਾ ਵੀ ਸਿਖਾਉਂਦਾ। ਉਂਜ ਵੀ ਉਹ ਚੁਸਤ-ਦਰੁੱਸਤ ਸੀ।

ਪਿੰਡ ਵਿਚ ਬਹੁਤ ਵਸੋਂ ਸਿੱਖ ਕਿਰਸਾਨੀ ਦੀ ਸੀ। ਬਾਕੀ ਕੋਈ 4-4, 5-5 ਘਰ ਕਾਮੇ ਲੋਕਾਂ ਦੇ। ਉਨ੍ਹਾਂ 'ਚੋਂ ਰਤਨ ਸਿੰਘ ਲੋਹਾਰਾ, ਤਰਖਾਣਾਂ ਕੰਮ ਕਰਦਾ। ਬੰਤੀ ਝੀਰੀ ਜਿਸ ਦਾ ਪਿਛਲਾ ਪਿੰਡ ਭੱਟੀਆਂ-ਫਿਲੌਰ ਸੀ, ਭੱਠੀ 'ਤੇ ਦਾਣੇ ਭੁੰਨਦੀ, ਘੜਿਆਂ ਵਿਚ ਪਾਣੀ ਢੋਂਦੀ।

ਚਾਨਣ ਖੱਤਰੀ ਹੱਟੀ ਕਰਦਾ। ਪਿੰਡ ਦੇ ਚੁਰੱਸਤੇ 'ਚ ਇਕ ਖੂਹੀ ਹੁੰਦੀ। ਉਸ 'ਤੇ ਹਲਟੀ ਵੀ ਚੱਲਦੀ। ਨ੍ਹਾਉਣ-ਧੋਣ ਲਈ ਪੱਕੇ ਚੁਬੱਚੇ ਬਣੇ ਹੁੰਦੇ। ਆਲ਼ੇ-ਦੁਆਲ਼ੇ ਪੱਕੇ ਥੜ੍ਹੇ ਅਤੇ ਬੋਹੜ ਦੀਆਂ ਛਾਵਾਂ ਥੱਲੇ ਵਾਹਵਾ ਰੌਣਕ ਜੁੜਦੀ। ਪੰਚੈਤਾਂ ਵੀ ਉਥੇ ਹੀ ਹੁੰਦੀਆਂ। ਵਿਸਾਵਾ ਸਿੰਘ ਲੰਬੜਦਾਰ ਪਿੰਡ ਦਾ ਮੁਖੀਆ ਸੁਣੀਂਦਾ। ਉਹਦੀ ਮੌਤ ਉਪਰੰਤ ਉਸ ਦਾ ਪੁੱਤਰ ਹਜ਼ਾਰਾ ਸਿੰਘ ਲੰਬੜਦਾਰ ਬਣਿਆਂ। ਵਿਸਾਵੇ ਦਾ ਵੱਡਾ ਪੁੱਤਰ ਕਰਤਾਰ ਸਿੰਘ ਸੁਣੀਂਦਾ (ਉਨ੍ਹਾਂ ਦਾ ਲਾਣਾ ਹੁਣ ਫ਼ਾਜ਼ਲ ਵਾਲਾ-ਸ਼ਾਹਕੋਟ ਬੈਠਾ ਹੈ)। ਉਂਜ ਮੇਰਾ ਬਾਪ, ਸ਼ਾਮ ਸਿੰਘ ਲੰਬੜਦਾਰ ਵੀ ਖਾਨਗੀ ਪੰਚੈਤ ਦਾ ਮੋਹਰੀ ਬੜੈਕ ਹੁੰਦਾ।

ਫਸਲਾਂ ਦੀ ਸਿੰਚਾਈ ਨਹਿਰੀ ਸੀ। ਨਹਿਰ 48 ਚੱਕ ਦੇ ਪਾਸੇ ਪਿੰਡੋਂ ਕੁੱਝ ਹਟਵੀਂ ਸੀ। ਉਥੇ ਨਹਿਰੀ ਡਾਕ ਬੰਗਲਾ ਵੀ ਡਿੱਠਾ।

ਫਸਲਬਾੜੀ ਵਿਚ ਜ਼ਿਆਦਾਤਰ ਨਰਮਾ, ਕਣਕ, ਦੇਸੀ ਕਪਾਹ ਹੀ ਬੀਜਦੇ। ਗੁਜ਼ਾਰੇ ਜੋਗੇ ਪੱਠੇ, ਦਾਲਾਂ ਅਤੇ ਮੱਕੀ। ਜਿਣਸ ਅਕਸਰ ਮੀਆਂ ਚੰਨੂ ਮੰਡੀ ਵਿਚ ਵੇਚਦੇ ਪਰ ਕਈ ਵਾਰ ਆੜਤੀਏ, ਵਪਾਰੀ ਖ਼ੁਦ ਘਰਾਂ ਤੋਂ ਹੀ ਖ਼ਰੀਦ ਲੈ ਜਾਂਦੇ। 100-100 ਊਠਾਂ ਦੀਆਂ ਡਾਰਾਂ, ਬਲੋਚ ਲੈ ਕੇ ਆਉਂਦੇ, ਨਰਮਾ ਲੱਦ ਲੈ ਜਾਂਦੇ।

ਰੌਲਿਆਂ ਦਾ ਸਾਨੂੰ ਕੋਈ ਇਲਮ ਨਾ। ਜਦ ਆਲ਼ੇ-ਦੁਆਲ਼ੇ ਰੌਲੇ ਸੁਣੀਂਦੇ ਤਾਂ ਭਾਈ ਬਲਵੰਤ ਸਿੰਘ ਨੇ ਪਿੰਡ ਵਿਚ ਲਾਮਬੰਦੀ ਕੀਤੀ। ਪੰਚੈਤ ਬੈਠੀ, ਪਹਿਰਾ ਲੱਗਾ। ਰੌਲ਼ੇ ਵੱਧ ਗਏ। ਇਕ ਦਿਨ ਕੀ ਦੇਖਦੇ ਹਾਂ ਕਿ 44 ਚੱਕ ਵਾਲੇ ਸਾਮਾਨ ਦੇ ਗੱਡੇ ਲੱਦੀ ਜਾਂਦੇ ਨੇ। ਸਿਆਣਿਆਂ ਫੈਸਲਾ ਕੀਤਾ ਕਿ ਉਠਣ ਵਿਚ ਹੀ ਭਲਾ ਹੈ। ਗੱਡੇ ਲੱਦ, ਕੁੱਝ ਗਠੜੀਆਂ ਸਿਰ 'ਤੇ ਚੁੱਕ, ਚੜ੍ਹਦੀ ਵੰਨੀ ਨਹਿਰ ਪਾਰ 48 ਚੱਕ ਡਾਕ ਬੰਗਲਾ ਲਈ ਬਲਦ ਅਤੇ ਘੋੜੀਆਂ ਹੱਕ ਲਈਆਂ। ਰਾਤ ਨੂੰ ਹਾਲੇ ਰੋਟੀ ਟੁੱਕ ਕਰਨ ਦੇ ਆਹਰ 'ਚ ਸਾਂ ਕਿ ਲੁੱਟ-ਖੋਹ ਦੀ ਬਿਰਤੀ ਵਾਲਿਆਂ ਸਾਡੇ ਕਾਫ਼ਲੇ ਨੂੰ ਆਣ ਘੇਰਿਆ। ਸਾਡੇ ਕੁੱਝ ਚੋਬਰ ਉਨ੍ਹਾਂ ਵੱਲ ਮੁਕਾਬਲੇ ਲਈ ਭੱਜੇ। ਧਾੜਵੀਆਂ ਗੋਲ਼ੀ ਚੱਲਾਈ। ਸਾਡਾ ਕਾਮਾ ਦਰਸ਼ਣ ਸਿੰਘ, ਪੰਜ ਭੈਣਾਂ ਦਾ ਇਕੋ ਭਾਈ (ਪਿਛਲਾ ਪਿੰਡ ਨਸੀਰ ਪੁਰ-ਲੋਹੀਆਂ) ਮਾਰਿਆ ਗਿਆ। ਮੇਰੇ ਭਾਈ ਪੂਰਨ ਸਿੰਘ ਦੇ ਮੋਢੇ ਵਿਚ ਗੋਲੀ ਆਣ ਲੱਗੀ। 4-5 ਹੋਰ ਮਾਰੇ ਜਾਂ ਫੱਟੜ ਹੋਏ। ਰਾਤ ਉਵੇਂ ਹੀ ਵਿਲਕਦੇ ਮੀਆਂ ਚੰਨੂ ਵੱਲ ਵਧੇ। ਮੇਰੇ ਚਾਚਿਓਂ ਭਰਾ ਮੇਲਾ ਸਿੰਘ ਨੇ, ਫੱਟੜ ਪੂਰਨ ਸਿੰਘ ਨੂੰ ਘਨੇੜੀ ਚੁੱਕਿਆ। ਉਸ ਰਾਤ ਦਾ ਬਾਕੀ ਪਹਿਰ 26 ਚੱਕ ਵਿਚ ਗੁਜ਼ਾਰਿਆ। ਕਿਧਰੋਂ ਪਾਣੀ ਪੀਣ ਲਈ ਨਾ ਮਿਲੇ। ਉਥੇ ਆਰ-ਪਾਰ ਤਿੰਨ ਖੂਹ ਸਨ ਪਰ ਤਿੰਨੋਂ ਹੀ ਸੁੱਕੇ ਨਿਕਲੇ। ਦੂਜੇ ਦਿਨ ਸ਼ਾਮ ਤੱਕ, ਮੰਡੀ ਮੀਆਂ ਚੰਨੂ ਜਿਥੇ ਬਜ਼ੁਰਗ ਜਿਣਸ ਵੇਚਣ ਜਾਂਦੇ ਸਨ, ਜਾ ਡੇਰਾ ਲਾਇਆ। ਇਵੇਂ ਰਾਤ ਭਰ ਭੈੜੇ ਸੁਪਨੇ ਆਉਂਦੇ ਰਹੇ ਕਿ ਪਹਿਲਾਂ ਬਜ਼ੁਰਗ ਇਥੇ ਜਿਣਸ ਵੇਚਣ ਆਉਂਦੇ ਸਨ, ਹੁਣ ਖ਼ੁਦ ਨੂੰ ਵੇਚਣ ਆਏ ਹੋਏ ਹਾਂ। ਸਵੇਰੇ ਆੜਤੀਏ ਬੋਲੀ ਲਗਾਉਂਣ ਲਈ ਆਉਣਗੇ। ਖ਼ਬਰ ਹੋਈ ਤਾਂ ਸਾਡੇ ਆੜਤੀਏ ਖਾਧ ਸਮੱਗਰੀ ਲੈਂਦੇ ਆਏ। ਮੇਰੇ ਬਾਪ ਨੂੰ ਕਹਿੰਦੇ, "ਫ਼ਿਕਰ ਨਾ ਕਰ ਮੰਜਕੀ ਵਾਲਿਆ, ਥੋਡੀ ਪੂਰੀ ਤਾਮੀਰਦਾਰੀ ਕਰਾਂਗੇ।" ਉਨ੍ਹਾਂ ਬੇਹੋਸ਼ ਪੂਰਨ ਨੂੰ ਵੀ ਹਸਪਤਾਲ ਜਾ ਦਾਖ਼ਲ ਕਰਾਇਆ। ਪੂਰਨ ਤੀਜੇ ਦਿਨ ਬੋਲਿਆ। ਸੱਤਵੇਂ ਦਿਨ ਹਸਪਤਾਲੋਂ ਛੁੱਟੀ ਮਿਲੀ, ਤਾਂ ਅਸਾਂ ਵੀ ਰੱਜਵਾਂ ਖਾਣਾ ਖਾਧਾ। 18ਵੇਂ ਦਿਨ ਕੈਂਪ 'ਚੋਂ ਵਿਦਾਇਗੀ ਲਈ। 'ਟੇਸ਼ਣ 'ਤੇ ਪਹੁੰਚੇ। ਮੇਰੀ ਵੱਡੀ ਭੈਣ ਨੰਦ ਕੌਰ, 47 ਚੱਕ-ਮਿੰਟਗੁਮਰੀ ਤਾਏ ਕਿਸ਼ਨ ਸਿੰਘ ਨੇ ਗੋਦ ਲਈ ਹੋਈ ਸੀ। ਉਹ ਮੀਆਂ ਚੰਨੂ ਵਿਆਹੀ ਹੋਈ ਸੀ। ਉਨ੍ਹਾਂ ਵਲੋਂ ਸਾਨੂੰ ਟੇਸ਼ਣ ਉਤੇ ਖ਼ਬਰ ਹੋਈ ਕਿ ਦੰਗਿਆਂ ਵਿਚ 47 ਚੱਕ-ਮਿੰਟਗੁਮਰੀ ਵਾਲਾ ਸਾਰਾ ਪਰਿਵਾਰ ਹੀ ਮਾਰਿਆ ਗਿਆ ਹੈ। ਸਾਰੇ ਹੀ ਵਿਰਲਾਪ ਕਰਨ ਲੱਗੇ। ਗੱਡੀ ਤੁਰੀ ਤਾਂ ਮੀਆਂ ਮੀਰ ਦੀ ਛਾਉਣੀ ਪਹੁੰਚਣ 'ਤੇ ਫਿਰ ਦੰਗੱਈਆਂ ਨੇ ਜਬਰ ਜ਼ੋਰ ਕਰਨਾ ਸ਼ੁਰੂ ਕੀਤਾ। ਉਹ ਗੱਡੀ ਦਾ ਇੰਜਣ ਹੀ ਉਤਾਰ ਕੇ ਲੈ ਗਏ।

ਸਿੱਖ ਮਿਲਟਰੀ ਆਈ ਉਨਾਂ ਹੋਰ ਇੰਜਣ ਮੰਗਵਾਇਆ। ਤਾਂ ਲਾਹੌਰ-ਅੰਬਰਸਰ ਹੁੰਦੇ ਜਲੰਧਰ ਪਹੁੰਚੇ। ਉਥੋਂ ਟਰੱਕਾਂ ਤੇ ਸਵਾਰ ਹੋ ਕੇ ਆਪਣੇ ਜੱਦੀ ਪਿੰਡ ਸ਼ਾਹ ਪੁਰ-ਫਿਲੌਰ ਆਣ ਕਯਾਮ ਕੀਤਾ। ਆਪਣਿਆਂ ਦੇ ਗਲ਼ ਲੱਗ ਲੱਗ ਰੋਏ। ਇਥੇ ਹੀ ਸਾਨੂੰ ਆਣ ਕੇ ਪਤਾ ਲੱਗਾ ਕਿ ਹਜ਼ਾਰਾ ਸਿੰਘ ਲੰਬੜਦਾਰ ਦਾ ਚਾਚਾ ਸੁੰਦਰ ਸਿੰਘ ਬੇ ਔਲਾਦ ਜਿਸ ਪਾਸ ਉਸ ਦਾ ਭਤੀਜਾ ਗੁੱਜਰ ਸਿੰਘ ਜੋ ਸਾਡੇ 20 ਚੱਕ ਵਿਚ ਰਹਿੰਦਾ ਸੀ, ਉਨ੍ਹਾਂ ਦਾ ਕਾਫ਼ਲਾ ਸਾਡੇ ਤੋਂ ਉਲਟ 'ਟੇਸ਼ਣ ਇਕਬਾਲ ਨਗਰ ਵੱਲ ਚਲਾ ਗਿਆ। ਬਾਕੀ ਟੱਬਰ ਤਾਂ ਭੱਜ ਕੇ ਜਾਨ ਬਚਾਅ ਗਿਆ ਪਰ ਹੋਰ ਕਈਆਂ ਸਮੇਤ ਸੁੰਦਰ ਸਿੰਘ ਵੀ ਕਮਾਦੀ ਦੇ ਖੇਤ ਵਿਚ, ਧਾੜਵੀਆਂ ਵਲੋਂ ਮਾਰ ਦਿੱਤਾ ਗਿਆ। ਬਹੁਤਾ ਨੁਕਸਾਨ 47 ਚੱਕ-ਮਿੰਟਗੁਮਰੀ ਵਾਲੇ ਸਾਡੇ ਪਰਿਵਾਰ ਦਾ ਹੋਇਆ। ਉਥੋਂ ਸਾਡੇ ਖ਼ੂਨ ਦੇ ਰਿਸ਼ਤੇ 'ਚ 35 ਦੇ ਕਰੀਬ ਮੈਂਬਰਾਂ ਵਿਚੋਂ ਕੇਵਲ ਪੰਜ ਜਣੇ, ਤਾਏ ਕਿਸ਼ਨ ਸਿੰਘ ਦੀਆਂ ਪੋਤਰੀਆ ਪ੍ਰਕਾਸ਼, ਬਚਨੀ, ਪੋਤਰਾ ਛੁੱਮਣ ਅਤੇ ਨੂੰਹ ਸੰਤ ਕੌਰ ਅਤੇ ਸੰਤ ਕੌਰ ਦੀ ਬੇਟੀ ਸੁਰਿੰਦਰ ਹੀ ਬਚ ਕੇ ਆਈਆਂ।

---o---


ਮੇਰੀ ਸ਼ਾਦੀ ਫ਼ਾਜ਼ਲਵਾਲ-ਸ਼ਾਹਕੋਟ ਦੇ ਸ. ਤਾਰਾ ਸਿੰਘ ਨਾਲ ਹੋਈ। ਅੱਜ ਮੈਂ ਆਪਣੇ ਨੇਕ ਪੁੱਤਰ ਗੁਰਮੀਤ ਸਿੰਘ ਅਤੇ ਨੂੰਹ ਰਾਣੀ ਬਲਵੀਰ ਕੌਰ ਨਾਲ ਜ਼ਿੰਦਗੀ ਦਾ ਪਿਛਲਾ ਪੰਧ ਹੰਢਾਅ ਰਹੀ ਆਂ। ਮੇਰੀ ਜੰਮਣ ਭੋਇੰ 20 ਚੱਕ, ਇੰਝ ਮੇਰੇ ਚੇਤਿਆਂ ਵਿਚ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ।"

Global Allianz
LAW FIRM LLP
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

ਕਾਨੂੰਨੀ ਸਲਾਹਾਂ


Atul Kapoor
C.E.O

Asylum & Deportation Defense


Neat Allen Sawyer
Attorney at law


555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

KAMBOJ AYURVEDIC & HERBS
ਆਯੂਰਵੈਦਿਕ ਜੜ੍ਹੀ-ਬੂਟੀਆਂ



- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖ਼ੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਗ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ

Open 10AM–6PM
ਕੈਂਸਰ ਦਾ ਇਲਾਜ


Kharati Kamboj
Ayurvedic Prescription

524 S. Clovis Ave, Fresno, CA 93727
559-341-9252

# ਜ਼ਹਿਰੀਲਾ ਮਾਰੂਥਲ ਬਣਨ ਵੱਲ ਵਧ ਰਿਹਾ ਪੰਜਾਬ ...

## ਆਓ ਆਪਣੇ ਆਪ ਨੂੰ ਸਵਾਲ ਕਰੀਏ ਕਿ ਜੇਕਰ ਧਰਤੀ ਹੇਠਲਾ ਪਾਣੀ ਮੁੱਕ ਗਿਆ ਤਾਂ ..

ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
94634-63136
(Punjab Mail USA)



ਅੱਜ ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਤਰਸਯੋਗ ਹਾਲਤ ਨੂੰ ਵੇਖ ਕੇ ਕਈ ਵਰ੍ਹੇ ਪਹਿਲਾਂ ਵਾਤਾਵਰਨ ਸਬੰਧੀ ਚਿੰਤਨ ਕਰਨ ਵਾਲੀਆਂ ਕੁਝ ਅਹਿਮ ਸ਼ਖਸੀਅਤਾਂ ਵਲੋਂ ਮੇਰੇ ਨਾਲ ਸਾਂਝੇ ਕੀਤੇ ਕੁਝ 'ਦਰਦ ਰੂਪੀ ਨੁਕਤੇ' ਜੋ ਧਰਤੀ ਹੇਠਲੇ ਘੱਟ ਰਹੇ ਪਾਣੀ ਦੇ ਪੱਧਰ ਨੂੰ ਲੈ ਕੇ ਸਨ। ਅੱਜ ਵੀ ਵਰ੍ਹਿਆਂ ਬਾਅਦ ਮੇਰੇ ਜ਼ਿਹਨ 'ਤੇ ਆ ਕੇ ਤੈਰ ਰਹੇ ਹਨ। ਮੇਰੇ ਨਾਲ ਗੱਲਬਾਤ ਦੌਰਾਨ ਸਾਂਝੇ ਕੀਤੇ ਨੁਕਤਿਆਂ ਤੋਂ ਇਲਾਵਾ ਉਨ੍ਹਾਂ ਵੱਲੋਂ ਸਮਾਜ ਵਿਚ ਪਨਪ ਰਹੀਆਂ ਮਾੜੀਆਂ ਅਲਾਮਤਾਂ ਅਤੇ ਸਮਾਜ ਦੀ ਬਦਲ ਰਹੀ ਦਿਸ਼ਾ ਅਤੇ ਦਸ਼ਾ ਨੂੰ ਬਿਆਨ ਕਰਦਿਆਂ ਆਖਿਆ ਸੀ ਕਿ ਆਓ ਅਸੀਂ ਸਾਰੇ ਆਪਣੇ ਆਪ ਨੂੰ ਇੱਕ ਸਵਾਲ ਕਰੀਏ ਕਿ ਜੇਕਰ ਧਰਤੀ ਹੇਠਲਾ ਪਾਣੀ ਮੁੱਕ ਗਿਆ, ਤਾਂ ਮਨੁੱਖੀ ਜੀਵਨ ਦਾ ਆਖ਼ਰ ਬਣੇਗਾ ਕੀ। ਉਨ੍ਹਾਂ ਅਹਿਮ ਸਾਹਿਤਕ ਹਸਤੀਆਂ ਵੱਲੋਂ ਪੰਜਾਬ ਦੀ ਆਉਣ ਵਾਲੀ ਭਵਿੱਖੀ ਦਾਸਤਾਨ ਨੂੰ ਬਿਆਨ ਕਰਦਿਆਂ ਇਕ ਵੱਡਾ ਸੱਚ ਚਿਤਵਿਆ ਸੀ। ਉਨ੍ਹਾਂ ਦਾ ਪੰਜਾਬ ਪ੍ਰਤੀ ਦਰਦ ਅੱਜ ਧਰਤੀ ਹੇਠਲੇ ਪਾਣੀ ਦੀ ਹਾਲਤ ਨੂੰ ਵੇਖ ਕੇ ਇਸ ਸਾਰੇ ਵਰਤਾਰੇ ਵਿਚੋਂ ਬਾਖ਼ੂਬੀ ਝਲਕਦਾ ਹੈ।

ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਲਈ ਵੀ ਅਹਿਮ ਅਤੇ ਸਖ਼ਤ ਫ਼ੈਸਲੇ ਲੈਣ ਦੀ ਲੋੜ ਹੈ। ਭਾਰਤ ਦੇ ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਸਮੇਤ ਕਈ ਸੂਬਿਆਂ ਅੰਦਰ ਪਾਣੀ ਦੀ ਕਿੱਲਤ ਨੂੰ ਲੈ ਕੇ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। ਮੱਧ ਪ੍ਰਦੇਸ਼ ਦਾ ਇਕ ਦੂਰ-ਦੁਰਾਡੇ ਦਾ ਪੱਛੜਿਆ ਹੋਇਆ ਇਲਾਕਾ ਅਜਿਹਾ ਵੀ ਹੈ, ਜਿੱਥੇ ਪਾਣੀ ਵਾਲੀ ਗੱਡੀ ਨੂੰ ਲੈ ਕੇ ਉਸ ਦਾ ਢੋਲ-ਢਮੱਕੇ ਨਾਲ ਸਵਾਗਤ ਕੀਤਾ ਜਾਂਦਾ ਹੈ ਅਤੇ ਕਈ ਵਾਰ ਗੱਲ ਲੜਾਈ ਝਗੜਿਆਂ ਤੱਕ ਵੀ ਪਹੁੰਚ ਜਾਂਦੀ ਹੈ। ਸੋਚ ਕੇ ਹੀ ਰੂਹ ਕੰਬ ਜਾਂਦੀ ਹੈ ਕਿ ਮੌਜੂਦਾ ਸਮੇਂ ਪੰਜਾਬ ਅੰਦਰ ਤਾਪਮਾਨ 45 ਡਿਗਰੀ ਦੇ ਕਰੀਬ ਪਹੁੰਚ ਚੁੱਕਿਆ ਹੈ ਅਤੇ ਧਰਤੀ ਹੇਠਲਾ ਪਾਣੀ 150 ਫੁੱਟ ਤੋਂ ਜ਼ਿਆਦਾ ਹੇਠਾਂ ਵੱਲ ਚਲਿਆ ਗਿਆ।



ਸਿਤਮ ਦੀ ਗੱਲ ਹੈ ਕਿ ਪਾਣੀ ਨੂੰ ਬਚਾਉਣ ਦੇ ਲਈ ਸਾਡੀ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ ਸਿਫ਼ਰ ਹੈ। ਸਰਕਾਰਾਂ ਸਿਰਫ਼ ਵੋਟਾਂ ਦੇ ਜਾਲ ਵਿਚ ਉਲਝ ਕੇ ਰਹਿ ਚੁੱਕੀਆਂ ਹਨ ਤੇ ਅਸੀਂ ਨਿੱਜ ਪ੍ਰਸਤੀ ਦੇ ਅਲਜ਼ਬਰੇ ਵਿਚ ਫਸ ਚੁੱਕੇ ਹਾਂ। ਇੱਕ ਰਿਪੋਰਟ ਮੁਤਾਬਕ ਬਦਲੇ ਹਾਲਾਤਾਂ ਦੇ ਚੱਲਦਿਆਂ ਅਸੀਂ ਲਗਪਗ ਲੰਘੇ 60 ਸਾਲਾਂ ਦੌਰਾਨ 100 ਫੁੱਟ ਤੋਂ ਜ਼ਿਆਦਾ ਪਾਣੀ ਖ਼ਤਮ ਕਰ ਦਿੱਤਾ ਹੈ ਅਤੇ ਸਿਰਫ਼ ਕੁਝ ਸਾਲਾਂ ਦਾ ਪਾਣੀ ਬਾਕੀ ਬਚਿਆ ਹੈ।

ਮੁਫ਼ਤ ਬਿਜਲੀ, ਪਾਣੀ ਨੇ ਸੂਬੇ ਦਾ ਸੱਤਿਆਨਾਸ ਕਰ ਦਿੱਤਾ ਹੈ। ਖੇਤਾਂ ਅੰਦਰ ਬੇ-ਸਮਝੀਵਸ ਧਰਤੀ ਦੀ ਹਿੱਕ ਨੂੰ ਠਾਰਨ ਦੇ ਲਈ 3-3 ਇੰਚੀ ਪਾਇਪਾਂ ਰਾਹੀਂ ਅੰਮ੍ਰਿਤ ਵਰਗਾ ਪਾਣੀ ਬਾਹਰ ਕੱਢ ਕੇ ਸੁੱਟਿਆ ਜਾ ਰਿਹਾ ਹੈ। ਬਾਰਸ਼ ਦੀ ਕਿਸੇ ਵੱਲੋਂ ਉਡੀਕ ਨਹੀਂ ਕੀਤੀ ਜਾ ਰਹੀ, ਧੜਾਧੜ ਮੋਟਰਾਂ ਚੱਲ ਰਹੀਆਂ ਹਨ। ਲੰਘੇ ਵਰ੍ਹੇ ਸਰਕਾਰ ਵੱਲੋਂ 18 ਜੂਨ ਤੋਂ ਝੋਨਾ ਲਗਾਉਣ ਦੀ ਹਦਾਇਤ ਦਾ ਕਿਸਾਨ ਯੂਨੀਅਨ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ। ਵੱਡੀਆਂ-ਵੱਡੀਆਂ ਫੈਕਟਰੀਆਂ ਅੰਦਰ ਟਨਾਂ ਦੇ ਹਿਸਾਬ ਨਾਲ ਪਾਣੀ ਧਰਤੀ ਦੀ ਹਿੱਕ ਨੂੰ ਪਾੜ ਕੇ ਜ਼ਹਿਰ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਕਈ ਪੈਸੇ ਦੇ ਪੁੱਤਰਾਂ ਵੱਲੋਂ ਚੰਦ ਛਿੱਲੜਾਂ ਖ਼ਾਤਰ ਜ਼ਹਿਰੀਲੇ ਕੈਮੀਕਲਾਂ ਨੂੰ ਬੋਰ ਕਰਕੇ ਧਰਤੀ ਅੰਦਰ ਪਹੁੰਚਦਾ ਕਰਨ ਨੂੰ ਆਪਣੀ ਚਲਾਕੀ ਮੰਨਿਆ ਜਾ ਰਿਹਾ ਹੈ। ਸਾਰੇ ਵਰਤਾਰੇ ਦੌਰਾਨ ਪਸ਼ੂਆਂ ਦੇ ਫਾਰਮਾਂ ਵਾਲਿਆਂ ਦੇ ਨਾਲ-ਨਾਲ ਕਾਰਾਂ, ਗੱਡੀਆਂ ਵਾਲੇ ਵੀਰ ਵੀ ਪਿੱਛੇ ਨਹੀਂ ਉਨ੍ਹਾਂ ਵੱਲੋਂ ਵੀ ਇੰਚੀ ਦੇ ਪਾਈਪਾਂ ਰਾਹੀਂ ਗੱਡੀਆਂ ਤੇ ਫਰਸ਼ ਤੋਂ ਗੋਹੇ ਨੂੰ ਪਾਣੀ ਦੇ ਨਾਲ ਧੋਣ ਦੀ ਗੱਲ ਆਮ ਹੋ ਚੁੱਕੀ ਹੈ। ਫਲੱਸ਼ਾਂ ਰਾਹੀਂ ਰੋਜ਼ਾਨਾ ਕਰੋੜਾਂ ਲੀਟਰ ਪਾਣੀ ਪਿੰਡਾਂ ਦੀਆਂ ਨਾਲੀਆਂ ਵਿਚੋਂ ਦੀ ਹੁੰਦਾ ਹੋਇਆ ਪਿੰਡਾਂ ਦੇ ਛੱਪੜਾਂ ਵਿਚ ਪਹੁੰਚ ਰਿਹਾ ਹੈ ਅਤੇ ਛੱਪੜ ਨੱਕੋ-ਨੱਕ ਭਰ ਚੁੱਕੇ ਹਨ। ਪਿੰਡਾਂ ਅਤੇ ਸ਼ਹਿਰਾਂ ਦੇ ਚੌਕ, ਚੁਰਾਹਿਆਂ ਅਤੇ ਸਰਕਾਰੀ ਇਮਾਰਤਾਂ ਵਿਚ ਲੱਗੀਆਂ ਟੂਟੀਆਂ ਤੇ ਮੋਟਰਾਂ ਨੇ ਵੀ ਪਾਣੀ ਦੇ ਨਾਲ ਆਪਣੀ ਚੰਗੀ ਦੁਸ਼ਮਣੀ ਕੱਢੀ ਹੈ, ਜੋ ਅੱਜ ਵੀ ਜਾਰੀ ਹੈ । ਇਨ੍ਹਾਂ ਉਦਾਹਰਨਾਂ ਤੋਂ ਬਿਨਾਂ ਪਾਣੀ ਦੀ ਬਰਬਾਦੀ ਦੇ ਲਈ ਬਹੁਤ ਤੱਥ ਅਜਿਹੇ ਹਨ, ਜਿਨ੍ਹਾਂ ਨੂੰ ਸੁਣ ਕੇ ਇਨਸਾਨ ਦੀ ਰੂਹ ਤੱਕ ਕੰਬ ਜਾਂਦੀ ਹੈ। ਮੈਨੂੰ ਨਹੀਂ ਲੱਗਦਾ ਕਿ ਸਾਡੇ ਇਸ ਹੱਦ ਤੱਕ ਪਾਣੀ ਦੇ ਦੁਸ਼ਮਣ ਬਣਨ ਦੇ ਬਾਅਦ ਆਉਣ ਵਾਲੀਆਂ ਨਸਲਾਂ ਲਈ ਪਾਣੀ ਦਾ ਕੋਈ ਤੁਪਕਾ ਬਚ ਸਕੇਗਾ ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦੌਰਾਨ ਇਹ ਸਭ ਕੁਝ ਅਸੀਂ ਤਾਂ ਕਰ ਰਹੇ ਹਾਂ, ਜੇਕਰ ਸਾਡੇ ਕੋਲ ਅੱਜ ਪਾਣੀ ਹੈ। ਜੇਕਰ ਕੱਲ੍ਹ ਨੂੰ ਸਾਡੇ ਕੋਲ ਪਾਣੀ ਹੀ ਨਾ ਰਿਹਾ, ਤਾਂ ਅਸੀਂ ਇਹ ਗੱਲਾਂਬਾਤਾਂ ਤਾਂ ਦੂਰ ਦੀ ਗੱਲ, ਜ਼ਿੰਦਗੀ ਕਿਵੇਂ ਜਿਉਂ ਸਕਾਂਗੇ, ਇਹ ਇੱਕ ਵੱਡਾ ਸਵਾਲ ਹੈ। ਕੀ ਇਸ ਧਰਤੀ 'ਤੇ ਪਾਣੀ ਬਿਨਾਂ ਜ਼ਿੰਦਗੀ ਸੰਭਵ ਹੈ, ਸ਼ਾਇਦ ਇਸ ਦਾ ਉੱਤਰ ਨਾਂਹ ਵਿਚ ਮਿਲੇਗਾ ਪਰ ਸਮਝਣ ਨੂੰ ਕੋਈ ਵੀ ਤਿਆਰ ਨਹੀਂ। ਵਧੀਆ ਕਦਮ ਹੋਵੇਗਾ ਕਿ ਸਰਕਾਰ ਅਤੇ ਕਿਸਾਨ ਝੋਨੇ ਦੇ ਬੀਜ ਬਦਲ ਲੈਣ, ਪਾਣੀ ਪ੍ਰਤੀ ਹਰ ਇਨਸਾਨ ਆਪਣੀ ਜ਼ਿੰਮੇਵਾਰੀ ਸਮਝ ਕੇ ਇਸ ਦੀ ਦੁਰਵਰਤੋਂ ਨਾ ਕਰੇ। ਜੇਕਰ ਧਰਤੀ 'ਤੇ ਪਾਣੀ ਹੀ ਨਾ ਰਿਹਾ, ਤਾਂ ਫੈਕਟਰੀਆਂ ਕਿਵੇਂ ਚੱਲਣਗੀਆਂ। ਫਿਰ ਪਸ਼ੂਆਂ ਦੇ ਗੋਹੇ ਅਤੇ ਫਲੱਸ਼ਾਂ ਦਾ ਕੀ ਕਰਾਂਗੇ। ਕੀ ਕਾਰਾਂ, ਗੱਡੀਆਂ ਨੂੰ ਧੋਣ ਲਈ ਪਾਣੀ ਮਿਲ ਸਕੇਗਾ। ਖੇਤੀ ਕਿਵੇਂ ਹੋਵੇਗੀ। ਪਾਣੀ ਬਿਨਾਂ ਜ਼ਿੰਦਗੀ ਕਿਵੇਂ ਕੱਢਾਂਗੇ ਤੇ ਆਉਣ ਵਾਲੀਆਂ ਨਸਲਾਂ ਨੂੰ ਜਵਾਬ ਕੌਣ ਦੇਵੇਗਾ। ਭਾਵੇਂ ਇਹ ਸਵਾਲ ਬਹੁਤ ਵੱਡੇ ਹਨ, ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਨੂੰ ਕੋਈ ਵੀ ਤਿਆਰ ਨਹੀਂ। ਜੇਕਰ ਪਾਣੀ ਦੀ ਅਸਲ ਕੀਮਤ ਪਤਾ ਕਰਨੀ ਹੈ, ਤਾਂ ਰਾਜਸਥਾਨ ਦੇ 'ਕਾਤਲ ਟਿੱਬਿਆਂ' ਵਿਚ ਦੁਪਹਿਰ ਸਮੇਂ ਇਕ ਗੇੜਾ ਜ਼ਰੂਰ ਮਾਰ ਆਓ, ਤੁਹਾਨੂੰ ਪਾਣੀ ਦੀ ਕੀਮਤ ਦਾ ਅੰਦਾਜ਼ਾ ਆਪ ਹੀ ਲੱਗ ਜਾਵੇਗਾ। ਆਉ ਆਪਣੇ ਆਪ ਨੂੰ ਸਵਾਲ ਕਰੀਏ ਕਿ ਜੇਕਰ ਪਾਣੀ ਹੀ ਨਾ ਰਿਹਾ, ਤਾਂ ਬਾਅਦ ਵਿਚ ਕੀ ਕਰਾਂਗੇ। ਚੰਗਾ ਹੋਵੇਗਾ ਜੇਕਰ ਸਰਕਾਰ, ਸਮਾਜ ਸੇਵੀ ਜਥੇਬੰਦੀਆਂ, ਕਿਸਾਨ ਭਾਈਚਾਰਾ ਸਮਾਂ ਰਹਿੰਦਿਆਂ ਸਿਰ ਜੋੜ ਕੇ ਇਸ ਅਹਿਮ ਮਸਲੇ 'ਤੇ ਵਿਚਾਰ ਕਰਨ ਤੋਂ ਬਾਅਦ ਫ਼ੈਸਲਾ ਲੈਣ, ਜੋ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ।



# ਸੇਵਾ ਅਤੇ ਸਿਮਰਨ ਦੇ ਪੁੰਜ ਭਾਈ ਰੂਪ ਚੰਦ ਜੀ

ਭਾਈ ਰੂਪ ਚੰਦ ਦਾ ਜਨਮ ਗੁਰੂ ਹਰਗੋਬਿੰਦ ਜੀ ਦੇ ਅਸ਼ੀਰਵਾਦ ਨਾਲ ਸਿੱਧੂ (ਰਾਜਾ ਸਦਾ ਦਾ ਪੁੱਤਰ) ਅਤੇ ਬੀਬੀ ਸੁਰਤੀ ਦੇ ਘਰ ਹੋਇਆ। ਗੁਰੂ ਜੀ ਨੇ ਆਪ ਸੁੰਦਰ ਬਾਲਕ ਨੂੰ ਰੂਪ ਚੰਦ ਦਾ ਨਾਮ ਬਖ਼ਸ਼ਿਆ। ਭਾਈ ਰੂਪ ਚੰਦ ਅਤੇ ਉਨ੍ਹਾਂ ਦੇ ਪਿਤਾ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਪ੍ਰਤੀ ਬੇਮਿਸਾਲ ਸ਼ਰਧਾ ਦਿਖਾਈ। ਗੁਰੂ ਨਾਨਕ

-ਸੁਰਜੀਤ ਸਿੰਘ
ਫਲੋਰਾ
ਬਰੈਂਪਟਨ
647-829-9397
(Punjab Mail USA)



ਸਾਹਿਬ ਘਰ ਦੀ ਨਿਰਸਵਾਰਥ ਸੇਵਾ ਕਰਕੇ, ਗੁਰੂ ਹਰਗੋਬਿੰਦ ਜੀ ਨੇ ਉਨ੍ਹਾਂ ਨੂੰ ਇੱਕ ਘੋੜਾ, ਇੱਕ ਤਲਵਾਰ ਅਤੇ ਸਨਮਾਨ ਦੇ ਬਸਤਰ ਦਿੱਤੇ। 16 ਵੈਸਾਖ, 1687 ਬਿਕਰਮੀ (1630 ਈ.) ਨੂੰ ਗੁਰੂ ਹਰਗੋਬਿੰਦ ਜੀ ਨੇ ਭਾਈ ਰੂਪ ਚੰਦ ਦੇ ਨਾਂ 'ਤੇ ਪਿੰਡ ਭਾਈ ਰੂਪਾ (ਹੁਣ ਜ਼ਿਲ੍ਹਾ ਬਠਿੰਡਾ) ਦੀ ਨੀਂਹ ਰੱਖੀ। ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਬਾਅਦ ਭਾਈ ਰੂਪਾ ਗੁਰੂ ਹਰਿਰਾਇ ਜੀ ਦੀ ਹਾਜ਼ਰੀ ਵਿਚ ਰਹੇ। ਬਾਅਦ ਵਿਚ, ਭਾਈ ਰੂਪ ਚੰਦ ਅਤੇ ਉਨ੍ਹਾਂ ਦੇ ਪੁੱਤਰ ਧਰਮ ਚੰਦ ਅਤੇ ਪਰਮ ਚੰਦ ਨੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੀ ਉਸੇ ਜੋਸ਼ ਨਾਲ ਸੇਵਾ ਕੀਤੀ। ਉਹ ਗੁਰੂ ਤੇਗ ਬਹਾਦਰ ਜੀ ਦੇ ਨਾਲ ਅਸਾਮ ਚਲੇ ਗਏ। ਇੱਥੇ ਭਾਈ ਧਰਮ ਚੰਦ, ਗੁਰੂ ਤੇਗ ਬਹਾਦਰ ਜੀ ਦੇ ਆਸ਼ੀਰਵਾਦ ਨਾਲ ਯੁੱਧ ਕਰਨ ਵਾਲੇ ਰਾਜਿਆਂ ਵਿਚਕਾਰ ਸ਼ਾਂਤੀ ਬਹਾਲ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਸਨ।

ਇਹ ਸ਼ਾਇਦ ਸਾਰਿਆਂ ਨੂੰ ਪਤਾ ਨਾ ਹੋਵੇ ਕਿ ਇਹ ਭਾਈ ਰੂਪ ਚੰਦ ਸੀ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਗੁਰੂ ਕੀ ਲਾਹੌਰ ਵਿਖੇ ਕਰਵਾਇਆ ਸੀ। ਚਮਕੌਰ ਦੀ ਲੜਾਈ ਤੋਂ ਬਾਅਦ, ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਮਾਲਵੇ ਨੂੰ ਸੇਵਾਮੁਕਤ ਹੋ ਗਏ। ਇੱਥੇ ਫਿਰ, ਭਾਈ ਸਾਹਿਬ ਨੇ ਮਾਸਟਰ ਦੀ ਸੇਵਾ ਕਰਨ ਦਾ ਮੌਕਾ ਲਿਆ। ਭਾਈ ਰੂਪ ਚੰਦ ਨੇ ਉਨ੍ਹਾਂ ਨੂੰ ਪਹਿਰਾਵਾ ਅਤੇ ਹਥਿਆਰ ਭੇਟ ਕੀਤੇ, ਜੋ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਉਨ੍ਹਾਂ ਨੂੰ ਦਿੱਤੇ ਸਨ ਅਤੇ ਉਨ੍ਹਾਂ ਨੂੰ 10ਵੇਂ ਰੂਪ ਵਿਚ ਵਾਪਸ ਲੈਣ ਦਾ ਵਾਅਦਾ ਕੀਤਾ ਸੀ। ਗੁਰੂ ਜੀ ਨੇ ਭਾਈ ਰੂਪ ਚੰਦ ਨੂੰ ਭਾਈ ਰੂਪ ਸਿੰਘ ਅਤੇ ਉਨ੍ਹਾਂ ਦੇ ਪੁੱਤਰਾਂ ਨੂੰ ਪਰਮ ਸਿੰਘ ਅਤੇ ਧਰਮ ਸਿੰਘ ਵਜੋਂ ਅੰਮ੍ਰਿਤ ਛਕਾਇਆ। ਉਹ ਨਾਂਦੇੜ (ਮਹਾਰਾਸ਼ਟਰ) ਵਿਚ ਗੋਦਾਵਰੀ ਦੇ ਕੰਢੇ ਤੱਕ ਗੁਰੂ ਜੀ ਨਾਲ ਰਹੇ ਸਨ, ਜਦੋਂ ਤੱਕ ਉਨ੍ਹਾਂ ਨੇ ਪਾਣੀ ਨੂੰ ਪਾਰ ਨਹੀਂ ਸੀ ਕਰ ਲਿਆ। ਇਸ ਤੋਂ ਤੁਰੰਤ ਬਾਅਦ ਭਾਈ ਰੂਪ ਸਿੰਘ ਦੇ ਪੁੱਤਰ ਭਾਈ ਧਰਮ ਸਿੰਘ ਅਤੇ ਭਾਈ ਕਰਮ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਰਹਿੰਦ ਦੇ ਸੂਬੇਦਾਰ ਵਿਰੁੱਧ ਮੁਹਿੰਮ ਵਿਚ ਪੂਰਾ ਸਹਿਯੋਗ ਦਿੱਤਾ।






ਭਾਈ ਰੂਪ ਸਿੰਘ ਦੇ ਸੱਤ ਪੁੱਤਰ ਸਨ। ਉਨ੍ਹਾਂ ਆਪਣੇ ਪੁੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਵੱਖ-ਵੱਖ ਥਾਵਾਂ 'ਤੇ ਰਹਿ ਕੇ ਸਿੱਖੀ ਦੀ ਵਿਰਾਸਤ ਨੂੰ ਅੱਗੇ ਵਧਾਉਣ ਲਈ ਕਿਹਾ। ਆਪ ਜੀ ਨੇ ਨਾਭਾ ਨੇੜੇ ਪਿੰਡ ਦਿਆਲਪੁਰਾ (ਬਾਗੜੀਆਂ) ਦੀ ਨੀਂਹ ਰੱਖੀ। ਭਾਈ ਪਰੇਮ ਸਿੰਘ ਅਤੇ ਸੂਰਤੀਆ ਦੇ ਵੰਸ਼ਜ ਭਾਈ ਰੂਪਾ ਪਿੰਡ ਵਿਚ ਰਹਿੰਦੇ ਹਨ। ਮਹਾਨੰਦ ਦੇ ਵੰਸ਼ਜ ਕੋਠਾ ਗੁਰੂ, ਰਾਵਲਹੇੜੀ ਅਤੇ ਲਖਨੌਰ ਪਿੰਡਾਂ ਵਿਚ ਰਹਿੰਦੇ ਸਨ। ਭਾਈ ਸੁਖੀਆ ਦੇ ਵੰਸ਼ਜ ਸਮਾਧ ਭਾਈ ਪਿੰਡ ਵਿਚ ਰਹਿੰਦੇ ਹਨ। (ਭਾਈ ਰੂਪਾ ਜੀ ਦਾ ਇੱਥੇ ਸਸਕਾਰ ਕੀਤਾ ਗਿਆ ਸੀ)। ਭਾਈ ਕਰਮ ਸਿੰਘ ਦਾ ਪਰਿਵਾਰ ਸੀਰੀਆ ਵਾਲਾ, ਠੱਠੀ, ਕਲਿਆਣ ਅਤੇ ਤੋਲਾਵਾਲਾ ਵਿਚ ਰਹਿੰਦਾ ਹੈ। (ਇਹ ਸਾਰੇ ਪਿੰਡ ਬਠਿੰਡਾ, ਫਰੀਦਕੋਟ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਪੈਂਦੇ ਹਨ)।

ਭਾਈ ਰੂਪ ਸਿੰਘ ਦੇ ਵੰਸ਼ਜ ਭਾਈ ਅਰਜਨ ਸਿੰਘ ਨੂੰ ਸਿੱਖ ਧਰਮ ਲਈ ਆਪਣੀ ਸ਼ਾਨਦਾਰ ਸੇਵਾ ਲਈ ਜਾਣਿਆ ਜਾਂਦਾ ਹੈ। ਹੁਣ ਭਾਈ ਅਸ਼ੋਕ ਸਿੰਘ, ਇੱਕ ਦੂਰਅੰਦੇਸ਼ੀ, ਵਿਦਵਾਨ ਅਤੇ ਪਰਉਪਕਾਰੀ ਅਤੇ ਭਾਈ ਜੁਝਾਰ ਸਿੰਘ ਬਾਗੜੀਆਂ ਤੋਂ ਖਾਲਸਾ ਪੰਥ ਦੀ ਸੇਵਾ ਕਰ ਰਹੇ ਹਨ।

ਭਾਈ ਰੂਪਾ ਪਰਿਵਾਰ ਬਾਰੇ ਇੱਕ ਮਹੱਤਵਪੂਰਨ ਗੱਲ ਇਹ ਹੈ ਕਿ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਵੱਡੀ ਗਿਣਤੀ ਵਿਚ ਅਵਸ਼ੇਸ਼, ਹੱਥ-ਲਿਖਤਾਂ, ਕਲਾਕ੍ਰਿਤੀਆਂ, ਜੋ ਕਿ ਇਸਦੇ ਵੱਖ-ਵੱਖ ਮੈਂਬਰਾਂ ਕੋਲ ਹਨ। ਹੁਕਮਨਾਮੇ (ਗੁਰੂ ਸਾਹਿਬਾਨ ਦੇ ਪਵਿੱਤਰ ਸੰਦੇਸ਼) ਹਨ, ਜਿਨ੍ਹਾਂ ਵਿਚ, ਮਨੁੱਖ, ਧਨ ਅਤੇ ਸ਼ਸਤਰ ਮੰਗਣ ਤੋਂ ਇਲਾਵਾ, ਗੁਰੂ ਸਾਹਿਬਾਨ ਭਾਈ ਰੂਪਾ ਦੇ ਪਰਿਵਾਰ ਨੂੰ ਆਪਣਾ ਪਰਿਵਾਰ ਮੰਨਦੇ ਹਨ। ਪਰਿਵਾਰ ਕੋਲ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦਾ ਸਰੰਦਾ (ਗਿਟਾਰ) ਅਤੇ ਖਦਵਾਨ (ਲੱਕੜੀ ਦੀਆਂ ਜੁੱਤੀਆਂ) ਵੀ ਹਨ। ਗੁਰੂ ਸਾਹਿਬ ਦੇ ਸਮੇਂ ਦੀਆਂ ਕੁਝ ਤਸਵੀਰਾਂ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਨਾਲ ਸਬੰਧਤ ਚਿੱਤਰ ਵੀ ਪਰਿਵਾਰ ਕੋਲ ਮੌਜੂਦ ਹਨ। ਹੋਰ ਅਵਸ਼ੇਸ਼ਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਹੱਥ ਲਿਖਤ ਖਰੜਾ ਸ਼ਾਮਲ ਹੈ। ਇੱਕ ਕੜਸ਼ਾ (ਵੱਡਾ ਚਮਚਾ), ਕਟਾਰ (ਸਿਮਿਟਰ), ਅਤੇ ਬਿਸਤਰਾ, ਜੋ ਭਾਈ ਦਾ ਖਿਤਾਬ ਦੇਣ ਲਈ ਵਰਤਿਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹਸਤਾਖਰਿਤ ਇੱਕ ਪੋਥੀ (ਖਰੜਾ), ਇੱਕ ਰੁਮਾਲ, ਲੋਹ (ਪ੍ਰਸ਼ਾਦੇ ਪਕਾਉਣ ਲਈ ਗੋਲ ਸਟੀਲ ਦੀ ਪਲੇਟ), ਰੱਥ, ਜਿਸ ਵਿਚ ਮਾਤਾ ਗੰਗਾ ਜੀ (ਗੁਰੂ ਅਰਜਨ ਦੇਵ ਜੀ ਦੀ ਪਤਨੀ) ਬਾਬਾ ਬੁੱਢਾ ਜੀ (ਰੱਥ ਦੇ ਦਰਸ਼ਨ) ਦਾ ਆਸ਼ੀਰਵਾਦ ਲੈਣ ਲਈ ਗਏ ਸਨ। ਕਿਸੇ ਵੀ ਦਿਨ ਪਿੰਡ ਭਾਈ ਰੂਪਾ ਵਿਖੇ ਕੀਤਾ ਜਾ ਸਕਦਾ ਹੈ) ਹੋਰ ਬਹੁਤ ਵੱਡੀ ਇਤਿਹਾਸਕ ਅਤੇ ਵਿਰਾਸਤੀ ਕੀਮਤ ਵਾਲੀਆਂ ਵਸਤੂਆਂ ਹਨ। ਕੁੱਲ ਮਿਲਾ ਕੇ ਪਰਿਵਾਰ ਦੇ ਵੱਖ-ਵੱਖ ਮੈਂਬਰਾਂ ਨੂੰ ਵੱਖ-ਵੱਖ ਮੌਕਿਆਂ 'ਤੇ ਦਿੱਤੇ ਗਏ 101 ਲੇਖ ਭਾਈ ਰੂਪਾ ਦੇ ਵੱਖ-ਵੱਖ ਵੰਸ਼ਜਾਂ ਕੋਲ ਹਨ।

Do you know how to plan & secure your finances?
Book your free consultations for
- Tax free Retirement Planning
- College Education Planning
- Proper Protection
- Health & Disability (Long Term Care Planning)
- Annuities
- Will & Trust (Discounted for a limited time with conditions applied)
- Building Legacy

Harsimran Bajwa
Lic# 4267166
Call/Text: (916) 479-4783
Email: bajwahgi@gmail.com



Let's do the needful to secure our life and our family's future!



# 'ਪੰਜਾਬੀ ਕਹਾਣੀਕਾਰ ਡਾ. ਤੇਜਵੰਤ ਮਾਨ' ਪੁਸਤਕ ਮਨੁੱਖੀ ਜੱਦੋ-ਜਹਿਦ ਦੀ ਦਾਸਤਾਂ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਡਾ. ਸਤਿੰਦਰ ਕੌਰ ਮਾਨ ਦੁਆਰਾ ਸੰਪਾਦਿਤ ਪੁਸਤਕ 'ਪੰਜਾਬੀ ਕਹਾਣੀਕਾਰ ਡਾ.ਤੇਜਵੰਤ ਮਾਨ' ਵਿਚ 36 ਸਾਹਿਤਕਾਰਾਂ ਵੱਲੋਂ ਡਾ. ਤੇਜਵੰਤ ਮਾਨ ਦੀਆਂ ਕਹਾਣੀਆਂ ਦਾ ਆਲੋਚਨਾਤਮਿਕ ਵਿਸ਼ਲੇਸ਼ਣ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬੀ ਦੇ ਸਿਰਮੌਰ 33 ਸਾਹਿਤਕਾਰਾਂ ਵੱਲੋਂ ਡਾ. ਤੇਜਵੰਤ ਮਾਨ ਦੀਆਂ ਕਹਾਣੀਆਂ ਬਾਰੇ ਲਿਖੀਆਂ ਚਿੱਠੀਆਂ ਦੀਆਂ ਟਿੱਪਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਇੱਕ ਸਪੁੱਤਰੀ ਵੱਲੋਂ ਆਪਣੇ ਪਿਤਾ ਦੀਆਂ ਕਹਾਣੀਆਂ ਪ੍ਰਤੀ ਸਾਹਿਤਕਾਰਾਂ ਦੀਆਂ ਪ੍ਰਤੀਕ੍ਰਿਆਵਾਂ ਦੇ ਕੇ ਸਾਹਿਤਕ ਜਗਤ ਨੂੰ ਪੜਚੋਲ ਕਰਨ ਦਾ ਮੌਕਾ ਦਿੱਤਾ ਹੈ। ਇਸ ਪੁਸਤਕ ਵਿਚ ਬਹੁਤੇ ਸਾਹਿਤਕਾਰਾਂ ਨੇ ਤੇਜਵੰਤ ਮਾਨ ਦੇ ਪੰਜਾਂ ਕਹਾਣੀ ਸੰਗ੍ਰਹਿ ਵਿਚੋਂ ਤਿੰਨ ਕਹਾਣੀ ਸੰਗ੍ਰਹਿ, 'ਪਾਗਲ ਔਰਤ ਸਭਿਅ ਆਦਮੀ', 'ਆਧੁਨਿਕ ਦੰਦ ਕਥਾ' ਅਤੇ 'ਸਾਬਣਦਾਨੀ' ਬਾਰੇ ਹੀ ਆਪਣੇ ਵਿਚਾਰ ਦਿੱਤੇ ਹਨ। ਮੁੱਖ ਤੌਰ 'ਤੇ ਤੇਜਵੰਤ ਮਾਨ ਲੋਕ ਨਾਇਕ ਕਹਾਣੀਕਾਰ ਹੈ ਕਿਉਂਕਿ ਉਹ ਅਜਿਹੇ ਲੋਕਾਂ ਦੀ ਗੱਲ ਕਰਦਾ ਹੈ, ਜਿਹੜੇ ਲੋਕਾਂ ਨੂੰ ਸਮਾਜ ਨੇ ਅਣਡਿੱਠ ਕੀਤਾ ਹੋਇਆ ਹੈ। ਤੇਜਵੰਤ ਮਾਨ ਦੀਆਂ ਕਹਾਣੀਆਂ ਦੀ ਖ਼ੂਬੀ ਹੈ ਕਿ ਸਮਾਜ ਵਿਚ ਜਿਹੜੇ ਵਿਤਕਰੇ ਸਰਦੇ ਪੁਜਦੇ ਲੋਕਾਂ ਅਤੇ ਸ਼ਾਸ਼ਤ ਵਰਗ ਵੱਲੋਂ ਹੋ ਰਹੇ ਹਨ, ਉਨ੍ਹਾਂ ਨੂੰ ਹੂ-ਬ-ਹੂ ਲਿਖਣ ਤੋਂ ਗੁਰੇਜ਼ ਨਹੀਂ ਕਰਦਾ। ਭਾਵੇਂ ਕੁਝ ਆਲੋਚਕ ਅਜਿਹੀਆਂ ਘਟਨਾਵਾਂ ਨੂੰ ਸਾਹਿਤ ਹੀ ਨਹੀਂ ਮੰਨਦੇ ਪ੍ਰੰਤੂ ਤੇਜਵੰਤ ਮਾਨ ਬੇਬਾਕੀ ਨਾਲ ਲਿਖਦੇ ਹਨ। ਇਸ ਪੁਸਤਕ ਦੇ ਸ਼ੁਰੂ ਕਵਿਤਾ ਰਾਹੀਂ ਪ੍ਰਸਿੱਧ ਕਵੀ ਰਵਿੰਦਰ ਭੱਠਲ ਨੇ 'ਜਿਊਣੇ ਮੌੜ ਦੀ ਰੂਹ' ਦੇ ਸਿਰਲੇਖ ਹੇਠ ਡਾ. ਤੇਜਵੰਤ ਮਾਨ ਦੇ ਰੇਖਾ ਚਿੱਤਰ ਰਾਹੀਂ ਦ੍ਰਿਸ਼ਟਾਂਤਿਕ ਦਰਸ਼ਨ ਕਰਵਾ ਦਿੱਤੇ ਹਨ। ਉਨ੍ਹਾਂ ਡਾ. ਮਾਨ ਦੇ ਸਾਰੇ ਗੁਣ ਔਗੁਣ ਲਿਖਕੇ ਕਹਾਣੀ ਲਿਖਣ ਤੋਂ ਕਿਨਾਰਾਕਸ਼ੀ ਕਰਨ 'ਤੇ ਦੁੱਖ ਪ੍ਰਗਟ ਕੀਤਾ ਹੈ। ਪੁਸਤਕ ਦੀ ਸੰਪਾਦਕ ਡਾ. ਸਤਿੰਦਰ ਕੌਰ ਮਾਨ ਜੋ ਡਾ. ਤੇਜਵੰਤ ਮਾਨ ਦੀ ਸਪੁੱਤਰੀ ਹੈ, ਨੇ ਉਨ੍ਹਾਂ ਦੇ ਸਖ਼ਤ ਸੁਭਾਅ ਬਾਰੇ ਲਿਖਦਿਆਂ ਉਨ੍ਹਾਂ ਨੂੰ ਕਹਿਣੀ ਅਤੇ ਕਰਨੀ ਦਾ ਮਾਲਕ ਕਿਹਾ ਹੈ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਡਾ. ਤੇਜਵੰਤ ਮਾਨ ਆਪਣੀ ਵਿਚਾਰਧਾਰਾ ਆਪਣੇ ਪਾਤਰਾਂ ਰਾਹੀਂ ਪ੍ਰਗਟਾਉਂਦੇ ਹਨ। ਸੁਖਵਿੰਦਰ ਸੁੱਖੀ ਨੇ ਡਾ. ਤੇਜਵੰਤ ਮਾਨ ਨੂੰ ਮਨੁੱਖੀ ਰਿਸ਼ਤਿਆਂ ਖਾਸ ਤੌਰ 'ਤੇ ਔਰਤਾਂ ਦੀਆਂ ਤ੍ਰਾਸਦੀਆਂ ਦਾ ਚਿਤੇਰਾ ਕਿਹਾ ਹੈ, ਜੋ ਉਨ੍ਹਾਂ ਦੀਆਂ ਮਾਨਸਿਕ ਲਾਲਸਾਵਾਂ ਨੂੰ ਸੁਚੱਜੇ ਢੰਗ ਨਾਲ ਚਿਤਰ ਦਿੰਦੇ ਹਨ। ਤਰਸੇਮ ਨੇ 'ਪਾਗਲ ਔਰਤ ਸਭਿਅ ਆਦਮੀ ਕਹਾਣੀ' ਦੀਆਂ ਪਰਤਾਂ ਖੋਲ੍ਹਦਿਆਂ ਇਸ ਕਹਾਣੀ ਦੀ ਦੁੱਖਦੀ ਰਗ 'ਤੇ ਹੱਥ ਧਰਦਿਆਂ ਅਮੀਰ ਗ਼ਰੀਬ ਦਾ ਅੰਤਰ, ਅਮੀਰਾਂ ਦੀ ਗ਼ਰੀਬਾਂ ਬਾਰੇ ਮਾਨਸਿਕਤਾ, ਗ਼ਰੀਬ ਔਰਤਾਂ ਦਾ ਜਿਸਮਾਨੀ ਸ਼ੋਸ਼ਣ ਅਤੇ ਨਿਰਦੋਸ਼ ਲੋਕਾਂ ਨੂੰ ਸਜ਼ਾ ਵਰਗੇ ਮਹੱਤਵਪੂਰਨ ਨੁਕਤਿਆਂ ਦਾ ਵਰਣਨ ਕੀਤਾ ਹੈ। ਇਹ ਕਹਾਣੀ ਸਾਡੇ ਸਮਾਜਿਕ ਤਾਣੇ-ਬਾਣੇ ਦੇ ਦਰਦ ਦੀ ਤਰਜਮਾਨੀ ਕਰਦੀ ਹੈ। ਰਵਿੰਦਰ ਭੱਠਲ 'ਬਾਗੀ ਮਨੁੱਖ ਦਾ ਹੁੰਗਾਰਾ-ਪਾਗਲ ਔਰਤ ਸਭਿਅ ਆਦਮੀ' ਸਿਰਲੇਖ ਵਿਚ ਲਿਖਦੇ ਹਨ ਕਿ ਤੇਜਵੰਤ ਮਾਨ ਗ਼ਰੀਬ ਵਰਗ ਦੇ ਲੋਕਾਂ ਦੇ ਹਿੱਤਾਂ ਦੀ ਤਰਜਮਾਨੀ ਕਰਨ ਵਾਲੀਆਂ ਕਹਾਣੀਆਂ ਲਿਖਦਾ ਹੈ। ਇਕ ਸ਼ਬਦ ਜਾਂ ਵਾਕ ਵਿਚ ਸਾਰੀ ਕਹਾਣੀ ਦਾ ਸਾਰ ਦੇ ਦਿੰਦਾ ਹੈ। ਗੁਰਸ਼ਰਨ ਸਿੰਘ 'ਸਫਲ ਪਾਤਰ ਸਿਰਜਣ' ਸਿਰਲੇਖ ਅਧੀਨ ਲਿਖਦੇ ਹਨ ਕਿ ਕਹਾਣੀਕਾਰ ਕਮਾਲ ਦੇ ਪਾਤਰ ਸਿਰਜਦਾ ਹੈ, ਜਿਹੜੇ ਬਾਗੀ ਮਨੁੱਖ ਦਾ ਹੁੰਗਾਰਾ ਭਰਦੇ ਹਨ। ਡਾ. ਟੀ.ਆਰ. ਵਿਨੋਦ ਨੇ 'ਕਿਰਤੀ ਵਰਗ ਦੀ ਮਾਨਸਿਕਤਾ' ਵਿਚ ਲਿਖਿਆ ਹੈ ਕਿ ਤੇਜਵੰਤ ਮਾਨ ਕਿਰਤੀ ਵਰਗ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਕਹਾਣੀਆਂ ਲਿਖਦਾ ਹੈ। ਅਬਲਾ ਲੋਕਾਂ ਦਾ ਨੁਮਾਇੰਦਾ ਬਣਦਾ ਹੈ। ਅਬਦੁਲ ਗਫ਼ੂਰ ਕੁਰੈਸ਼ੀ ਲਿਖਦੇ ਹਨ ਕਿ ਕਹਾਣੀਕਾਰ ਇਕ ਸਤਰ ਵਿਚ ਕਹਾਣੀ ਕਹਿਣ ਦੀ ਕਲਾ ਹੈ। ਸੰਤ ਸਿੰਘ ਸੇਖ਼ੋਂ ਤੇਜਵੰਤ ਮਾਨ ਨੂੰ ਦੇਹ ਰੋਮਾਂਸਵਾਦ ਦਾ ਵਿਰੋਧੀ ਕਹਿੰਦਾ ਹੈ। ਈਸ਼ਰ ਸਿੰਘ ਅਟਾਰੀ 'ਚੁੱਪ ਅਤੇ ਖਾਮੋਸ਼ ਪਾਤਰਾਂ ਦੀ ਬਗ਼ਾਬਤ' ਸਿਰਲੇਖ ਵਿਚ ਕਹਿੰਦੇ ਹਨ ਕਿ ਡਾ. ਤੇਜਵੰਤ ਮਾਨ ਤਤਕਾਲੀ ਘਟਨਾਵਾਂ ਅਤੇ ਸਥਿਤੀਆਂ ਤਤਕਾਲੀ ਟਿਪਣੀਆਂ, ਚਰਚਾ, ਕਟਾਖ਼ਸ਼ ਅਤੇ ਚੋਟਾਂ ਕੱਸਦਾ ਹੈ। ਓਮ ਪ੍ਰਕਾਸ਼ ਗਾਸੋ ਕਹਾਣੀਕਾਰ ਦੀਆਂ ਕਹਾਣੀਆਂ ਦੀ ਮਰਯਾਦਾ ਸਰਾਪੀ ਹੋਈ ਜ਼ਿੰਦਗੀ ਦੇ ਹੱਕਾਂ ਦੀ ਆਵਾਜ਼ ਬਣਕੇ ਦਲਿਤ ਅਤੇ ਸ਼ੋਸ਼ਤ ਲੋਕਾਂ ਵਾਸਤੇ ਉਪਰਾਲਾ ਕਰਨਾ ਹੈ। ਸੁਰਜੀਤ ਬਰਾੜ ਕਹਿੰਦਾ ਮਾਨ ਆਪਣੇ ਇੱਛਤ ਯਥਾਰਥ ਦਾ ਪ੍ਰਸਾਰ ਤੇ ਪ੍ਰਚਾਰ ਕਰਨ ਵਾਲੀਆਂ ਕਹਾਣੀਆਂ ਲਿਖਦਾ ਹੈ। ਕਰਨਜੀਤ ਲਿਖਦਾ ਹੈ ਕਿ ਮਾਨ ਆਪਣੀਆਂ ਕਹਾਣੀਆਂ ਵਿਚ ਕਾਟਵਾਂ ਵਿਅੰਗ ਮਾਰਦਾ ਹੈ। ਮਾਨ ਦੀ ਸਮਾਜਿਕ ਪਰਿਵਰਤਨ ਲਈ ਤੀਬਰ ਇੱਛਾ ਹੈ। ਕਰਤਾਰ ਸਿੰਘ ਕੰਵਲ ਅਨੁਸਾਰ ਕਹਾਣੀਕਾਰ ਛੋਟੇ ਆਕਾਰ ਵਾਲੀ ਕਹਾਣੀ ਰਾਹੀਂ ਵੱਡੀ ਗੱਲ ਕਰ ਜਾਂਦਾ ਹੈ। ਬਘੇਲ ਸਿੰਘ ਬੱਲ ਕਹਿੰਦਾ ਮਾਨ ਦਾ ਦ੍ਰਿਸ਼ਟੀਕੋਣ ਸਮਾਜਿਕ-ਯਥਾਰਥਵਾਦੀ ਹੈ। ਜਗਜੀਤ ਸਿੰਘ ਛਾਬੜਾ ਨੇ ਕਿਹਾ ਹੈ ਕਿ ਤੇਜਵੰਤ ਮਾਨ ਨੇ ਮਿੰਨੀ ਕਹਾਣੀ ਦੀ ਨਵੀਂ ਤਕਨੀਕ ਅਪਣਾਈ ਹੈ। ਉਸ ਦੀਆਂ ਕਹਾਣੀਆਂ ਦੀ ਸਫਲਤਾ ਅਨੁਭਵ ਦੇ ਸੰਘਣੇ-ਪਣ ਅਤੇ ਤੀਬਰਤਾ ਕਰਕੇ ਹੈ। ਲੇਖਕ ਸਮਾਜਵਾਦੀ ਯਥਾਰਥ ਨੂੰ ਪੇਸ਼ ਕਰਦਾ ਹੈ। ਉਸ ਦੀ ਨੀਝ ਤਿੱਖੀ ਹੈ, ਜਿਸ ਕਰਕੇ ਕੌੜੇ ਯਥਾਰਥ ਦਾ ਡੂੰਘਾ ਅਧਿਐਨ ਪੇਸ਼ ਕਰਦਾ ਹੈ। ਪ੍ਰੋ. ਜੋਗਾ ਸਿੰਘ ਉਸ ਦੀਆਂ ਕਹਾਣੀਆਂ ਨੂੰ ਸਮਾਜਿਕ ਵਰਤਾਰਾ ਕਹਿੰਦਾ ਹੈ। ਮੁਖਤਾਰ ਗਿੱਲ ਤੇਜਵੰਤ ਮਾਨ ਦੀ ਕਲਮ ਨੂੰ ਜਾਨਦਾਰ ਮੰਨਦਾ ਹੈ। ਉਸ ਨੇ ਬਲਵਾਨ ਕਹਾਣੀਆਂ ਲਿਖਣ ਦੀ ਪਿਰਤ ਪਾਈ ਹੈ। ਸੁਰਜੀਤ ਸਿੰਘ ਸੇਠੀ ਤੇਜਵੰਤ ਮਾਨ ਨੂੰ ਕਰੂਡ ਅਤੇ ਲਾਊਡ ਡੰਗ ਮਾਰਨ ਵਾਲਾ ਕਹਾਣੀਕਾਰ ਕਹਿੰਦਾ ਹੈ। ਡਾ. ਪ੍ਰੀਤਮ ਸੈਨੀ ਕਹਾਣੀਕਾਰ ਨੂੰ ਮੱਧ ਸ਼੍ਰੇਣੀ ਦੇ ਹਾਸੋ-ਹੀਣੇ ਚਿਤਰ ਪੇਸ਼ ਕਰਨ ਦੇ ਨਾਲ ਨੀਵੀਂ ਸ਼੍ਰੇਣੀ ਦੇ ਜੀਵਨ ਵਲ ਕਰੁਣਾਮਈ ਸੰਕੇਤ ਕਰਦਾ ਹੈ। ਗੁਰਮੁਖ ਸਿੰਘ ਜੀਤ ਉਸ ਨੂੰ ਪ੍ਰਗਤੀਵਾਦ ਕਹਾਣੀਕਾਰ ਕਹਿੰਦਾ ਹੈ। ਡਾ. ਭਗਤ ਸਿੰਘ ਬੇਦੀ ਅਨੁਸਾਰ ਕਹਾਣੀਕਾਰ ਦੀਆਂ ਕਹਾਣੀਆਂ ਦੇ ਪਾਤਰ ਸਰਮਾਏਦਾਰਾਂ ਦੀਆਂ ਤਥਾ ਕਥਿਤ ਜੀਵਨ ਜਿਓਣ ਦੀਆਂ ਸ਼ਰਤਾਂ ਵਿਰੁੱਧ ਬਗਾਵਤ ਕਰਦੇ ਹਨ। ਡਾ. ਜੋਗਿੰਦਰ ਸਿੰਘ ਨਿਰਾਲਾ ਅਨੁਸਾਰ ਤੇਜਵੰਤ ਮਾਨ ਨੇ ਪੰਜਾਬੀ ਕਹਾਣੀ ਦੀ ਆਤਮਾ ਨੂੰ ਪਹਿਚਾਨ ਕੇ ਇਸ ਦੇ ਨਵੇਂ ਨਿਸ਼ਾਨੇ ਘੜਨ ਦੀ ਕੋਸ਼ਿਸ਼ ਕੀਤੀ ਹੈ। ਉਸ ਦੀਆਂ ਕਹਾਣੀਆਂ ਤਤਕਾਲੀਨ ਸਮੇਂ ਦਾ ਯਥਾਰਥ ਤੇ ਆਲੋਚਨਾਤਮਿਕ ਦਸਤਾਵੇਜ਼ ਹੋ ਨਿਬੜੀਆਂ ਹਨ। ਉਹ ਸਮਾਜ ਦੀਆਂ ਤੰਦਰੁਸਤ, ਅਗਾਂਹਵਧੂ ਤੇ ਮਾਨਵ-ਹਿਤੈਸ਼ੀ ਕਦਰਾਂ-ਕੀਮਤਾਂ ਨੂੰ ਸਮਰਪਿਤ ਲੇਖਕ ਹੈ। ਰਵਿੰਦਰ ਸੰਧੂ ਤੇਜਵੰਤ ਮਾਨ ਦਾ ਅੰਦਾਜ਼ ਦ੍ਰਿੜ੍ਹ ਸੰਕਲਪੀ ਅਤੇ ਨਿਸ਼ਚੇਵਾਦ ਰੁਝਾਨ ਵਾਲਾ ਕਹਿੰਦਾ ਹੈ। ਉਹ ਬੇਖ਼ੌਫ਼ ਹੋ ਕੇ ਕਹਾਣੀਆਂ ਲਿਖਦਾ ਹੈ। ਉਹ ਚੇਤਨ ਤੇ ਸੰਵੇਦਨਸ਼ੀਲ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਦੀ ਬੋਲੀ ਸਰਲ ਅਤੇ ਸਪੱਸ਼ਟ ਹੁੰਦੀ ਹੈ। ਨਿਰੰਜਣ ਬੋਹਾ ਤੇਜਵੰਤ ਮਾਨ ਦੀਆਂ ਕਹਾਣੀਆਂ ਮਨੁੱਖ ਨੂੰ ਆਪਣੇ ਅੰਦਰਲੀ ਸਦੀਵੀ ਜੁਝਾਰੂ ਸ਼ਕਤੀ ਦਾ ਅਹਿਸਾਸ ਕਰਵਾਉਣ ਵਾਲੀਆਂ ਕਹਿੰਦਾ ਹੈ। ਉਹ ਇਹ ਸਿੱਧ ਕਰਨ ਵਿਚ ਸਫਲ ਰਿਹਾ ਹੈ ਕਿ ਉਸ ਦੀਆਂ ਕਹਾਣੀਆਂ ਦੀ ਸਾਰਥਿਕਤਾ ਤੇ ਪ੍ਰਸੰਗਿਤਾ ਆਪਣੇ ਰਚਨਾ ਕਾਲ ਦੇ ਸਮੇਂ ਵਾਂਗ ਅੱਜ ਵੀ ਬਰਕਰਾਰ ਹੈ। ਤੀਰਥ ਸਿੰਘ ਢਿਲੋਂ ਤੇਜਵੰਤ ਮਾਨ ਨੂੰ ਸਮਾਜਿਕ ਦੰਭਾਂ, ਅਡੰਬਰਾਂ, ਜੁੱਗਰਦੀ ਤੇ ਦੋਗਲੇਪਨ ਦੇ ਪੜਛੇ ਉਧੇੜਨ ਵਾਲਾ ਕਹਾਣੀਕਾਰ ਕਹਿੰਦਾ ਹੈ। ਹਰਨੇਕ ਸਿੰਘ ਕੋਮਲ ਉਸ ਨੂੰ ਵੰਨ ਸੁਵੰਨੇ ਵਿਸ਼ਿਆਂ ਦਾ ਕਹਾਣੀਕਾਰ ਮੰਨਦੇ ਹਨ। ਉਸ ਕੋਲ ਨਵੀਂ ਤਕਨੀਕ ਦੀ ਨਿਪੁੰਨਤਾ ਅਤੇ ਅਧੁਨਿਕ ਭਾਵ-ਬੋਧ ਦੀ ਸੂਝ ਸਭ ਤੋਂ ਵੱਧ ਹੈ। ਸੁਰਿੰਦਰ ਕੈਲੇ ਅਨੁਸਾਰ ਤੇਜਵੰਤ ਮਾਨ ਅਗਾਂਹਗਧੂ, ਲੋਕ ਪੱਖੀ ਤੇ ਸਿਆਸਤੀ ਚਾਲਾਂ ਤੋਂ ਸੁਚੇਤ ਬੁੱਧੀਜੀਵੀ ਲੇਖਕ ਹੈ। ਸੰਪਾਦਕ ਨੇ ਇਸ ਪੁਸਤਕ ਵਿਚ ਵੱਖ-ਵੱਖ ਸਮੇਂ ਸਾਹਿਤਕਾਰਾਂ ਵੱਲੋਂ ਡਾ. ਤੇਜਵੰਤ ਮਾਨ ਨੂੰ ਲਿਖੀਆਂ ਚਿੱਠੀਆਂ ਵੀ ਸ਼ਾਮਲ ਕੀਤੀਆਂ ਹਨ। ਪਹਿਲੀ ਸੱਟੇ ਇਹ ਚਿੱਠੀਆਂ ਫਾਲਤੂ ਲੱਗਦੀਆਂ ਹਨ ਪ੍ਰੰਤੂ ਜੇਕਰ ਨੀਝ ਨਾਲ ਵਾਚਿਆ ਜਾਵੇ, ਤਾਂ ਇਹ ਚਿੱਠੀਆਂ ਬਹੁਤ ਹੀ ਸਾਰਥਿਕ ਹਨ ਕਿਉਂਕਿ ਕਈ ਵਾਰ ਸਾਹਿਤਕਾਰ ਆਪਣੀ ਗੱਲ ਨੂੰ ਥੋੜ੍ਹੇ ਸ਼ਬਦਾਂ ਵਿਚ ਵੱਡੀ ਗੱਲ ਕਹਿਣ ਵਿਚ ਵਿਸ਼ਵਾਸ ਰੱਖਦੇ ਹੁੰਦੇ ਹਨ। ਕਈ ਵਾਰ ਵੱਡੇ ਸਾਹਿਤਕਾਰਾਂ ਕੋਲ ਸਮੇਂ ਦੀ ਘਾਟ ਹੁੰਦੀ ਹੈ। ਫਿਰ ਉਹ ਚਿੱਠੀਆਂ ਲਿਖਕੇ ਹੀ ਆਪਣੀ ਰਾਇ ਭੇਜ ਦਿੰਦੇ ਹਨ। ਇਹ ਚਿੱਠੀਆਂ ਇਸ ਪੁਸਤਕ ਰਾਹੀਂ ਇਤਿਹਾਸ ਦਾ ਹਿੱਸਾ ਬਣ ਗਈਆਂ ਹਨ।

119 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਨਵਰੰਗ ਪਬਲੀਕੇਸ਼ਨਜ਼ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।






# ਸਿਆਸੀ ਪਾਰਟੀਆਂ ਲਈ ਪਰਖ ਦੀ ਘੜੀ ਹੋਵੇਗੀ ਜਲੰਧਰ ਦੀ ਜ਼ਿਮਨੀ ਚੋਣ









-ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
(Punjab Mail USA)



ਪੰਜਾਬ ਅੰਦਰ 10 ਮਈ ਨੂੰ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਹੋ ਰਹੀ ਹੈ, ਜਿਸ ਦਾ ਨਤੀਜਾ 13 ਮਈ ਨੂੰ ਪੰਜਾਬੀਆਂ ਦੇ ਸਾਹਮਣੇ ਹੋਵੇਗਾ। ਬਿਨਾਂ ਸ਼ੱਕ ਇਹ ਚੋਣ ਸਾਰੀਆਂ ਹੀ ਸਿਆਸੀ ਪਾਰਟੀਆਂ ਲਈ ਸਿਰੇ ਦੀ ਜੰਗ ਹੈ ਅਤੇ ਪਰਖ ਦੀ ਘੜੀ ਸਾਬਤ ਹੋਵੇਗੀ। ਕਿਉਂਕਿ ਸਾਰੀਆਂ ਹੀ ਸਿਆਸੀ ਧਿਰਾਂ ਇਸ ਚੋਣ ਨੂੰ ਆਪਣੇ ਵੱਕਾਰ ਦਾ ਸਵਾਲ ਬਣਾ ਕੇ ਲੜ ਰਹੀਆਂ ਹਨ, ਖਾਸਕਰ ਆਮ ਆਦਮੀ ਪਾਰਟੀ ਲਈ ਇਹ ਹੋਰ ਵੀ ਚੋਟੀ ਦੀ ਜੰਗ ਮੰਨੀ ਜਾਵੇਗੀ ਕਿਉਂਕਿ ਇਸ ਤੋਂ ਪਹਿਲਾਂ ਆਪ ਵੱਲੋਂ ਸੰਗਰੂਰ ਦੀ ਜ਼ਿਮਨੀ ਚੋਣ ਹਾਰੀ ਜਾ ਚੁੱਕੀ ਹੈ। ਭਾਵੇਂ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਭਾਰੀ ਬਹੁਮਤ ਨਾਲ ਰਾਜ ਕਰਦੀ ਹੈ ਤੇ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਇਨ੍ਹਾਂ ਸਰਕਾਰਾਂ ਨੂੰ ਕਿਸੇ ਵੀ ਕਿਸਮ ਦਾ ਕੋਈ ਖਤਰਾ ਨਹੀਂ ਜਾਪ ਰਿਹਾ ਪਰ ਫਿਰ ਵੀ ਜ਼ਿਮਨੀ ਚੋਣਾਂ ਕਿਸੇ ਵੀ ਸਰਕਾਰ ਅਤੇ ਸਿਆਸੀ ਪਾਰਟੀਆਂ ਲਈ ਖਾਸ ਅਹਿਮੀਅਤ ਰੱਖਦੀਆਂ ਹਨ। ਆਮ ਤੌਰ 'ਤੇ ਲੋਕਾਂ ਵਿਚ ਇੱਕ ਧਾਰਨਾਂ ਬਣ ਚੁੱਕੀ ਹੈ ਕਿ ਜ਼ਿਮਨੀ ਚੋਣ ਕਿਸੇ ਵੀ ਮੌਕੇ ਦੀ ਸਰਕਾਰ ਵੱਲੋਂ ਜਿੱਤੀ ਜਾਂਦੀ ਹੈ, ਜਦਕਿ ਕਈ ਚੋਣਾਂ ਵਿਚ ਧਾਰਨਾ ਟੁੱਟ ਵੀ ਚੁੱਕੀ ਹੈ।

ਜਲੰਧਰ ਰਿਜ਼ਰਵ ਹਲਕੇ ਤੋਂ ਕਾਂਗਰਸ ਦੇ ਸੀਨੀਅਰ ਆਗੂ ਚੌਧਰੀ ਸੰਤੋਖ ਸਿੰਘ ਮੈਂਬਰ ਪਾਰਲੀਮੈਂਟ ਸਨ, ਇਨ੍ਹਾਂ ਦੀ ਮੌਤ ਹੋ ਜਾਣ ਤੋਂ ਬਾਅਦ ਇਥੇ ਚੋਣਾਂ ਹੋ ਰਹੀਆਂ ਹਨ। ਕਾਂਗਰਸ ਪਾਰਟੀ ਵੱਲੋਂ ਉਨ੍ਹਾਂ ਦੀ ਧਰਮ ਪਤਨੀ ਨੂੰ ਟਿਕਟ ਦੇ ਕੇ ਨਿਵਾਜਿਆ ਗਿਆ ਹੈ। ਕਾਂਗਰਸ ਪਾਰਟੀ ਕਿਸੇ ਵੀ ਹਾਲਤ ਵਿਚ ਇਹ ਚੋਣ ਜਿੱਤਣ ਦੇ ਲਈ ਆਖਰੀ ਪੱਥਰ ਤੱਕ ਉਲਟਾ ਸਕਦੀ ਹੈ ਕਿਉਂਕਿ ਮੌਜੂਦਾ ਸਮੇਂ ਜੋ ਹਲਾਤ ਬਣ ਚੁੱਕੇ ਹਨ, ਉਨ੍ਹਾਂ ਨਾਲ ਨਜਿੱਠਣਾ ਕਾਂਗਰਸ ਪਾਰਟੀ ਲਈ ਬਹੁਤ ਜ਼ਰੂਰੀ ਹੈ। ਖ਼ਾਸਕਰ ਜਲੰਧਰ ਹਲਕੇ ਤੋਂ ਕਾਂਗਰਸ ਆਪਣੇ ਆਪ ਨੂੰ ਇਕ ਤਾਕਤਵਰ ਧਿਰ ਵੀ ਮੰਨਦੀ ਹੈ। ਨਵਜੋਤ ਸਿੰਘ ਸਿੱਧੂ ਦੇ ਜੇਲ੍ਹ ਵਿਚੋਂ ਬਾਹਰ ਆਉਣ ਤੋਂ ਬਾਅਦ ਕਾਂਗਰਸ ਵੱਲੋਂ ਹਮਲਾਵਰ ਰੁਖ਼ ਅਪਨਾ ਕੇ ਸਾਰਾ ਧਿਆਨ ਜਲੰਧਰ ਚੋਣ 'ਤੇ ਕੇਂਦਰਿਤ ਕਰ ਦਿੱਤਾ ਹੈ। ਬਿਨਾਂ ਸ਼ੱਕ ਨਵਜੋਤ ਸਿੰਘ ਸਿੱਧੂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਖਤ ਟੱਕਰ ਦੇ ਕੇ ਉਨ੍ਹਾਂ ਦੇ ਪੋਤੜੇ ਫਰੋਲੇ ਜਾ ਰਹੇ ਹਨ ਅਤੇ ਆਮ ਆਦਮੀ ਪਾਰਟੀ 'ਤੇ ਹਰ ਰੋਜ਼ ਸਿਆਸੀ ਹਮਲੇ ਕਰਦਿਆਂ ਉਨ੍ਹਾਂ ਤੋਂ ਸਵਾਲ ਜਵਾਬਾਂ ਦੀ ਮੰਗ ਕੀਤੀ ਜਾ ਰਹੀ ਹੈ। ਸਿੱਧੂ ਵੱਲੋਂ ਜਿਥੇ ਆਪਣੇ ਆਪ ਨੂੰ ਪਾਕ ਅਤੇ ਸਾਫ਼ ਦੱਸਦਿਆਂ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਿਆ ਜਾ ਰਿਹਾ ਹੈ, ਉਥੇ ਹੀ ਉਨ੍ਹਾਂ ਦਾ ਅਕਸ ਵੀ ਲੋਕਾਂ ਵਿਚ ਇਮਾਨਦਾਰੀ ਵਾਲਾ ਬਣ ਚੁੱਕਿਆ ਹੈ। ਨਵਜੋਤ ਸਿੰਘ ਸਿੱਧੂ ਹਰ ਰੋਜ ਲੋਕਾਂ ਵਿਚ ਜਾ ਕੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਕਟਾਖਸ਼ ਕਰਦੇ ਹਨ।

ਉਧਰ ਦੂਜੇ ਪਾਸੇ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਨੂੰ ਅੰਮ੍ਰਿਤਪਾਲ ਸਿੰਘ ਮਾਮਲੇ ਨੇ ਬੁਰੀ ਤਰ੍ਹਾਂ ਉਲਝਾ ਕੇ ਰੱਖ ਦਿੱਤਾ ਹੈ। ਸਿੱਖ ਮਨਾਂ ਅੰਦਰ ਆਮ ਆਦਮੀ ਪਾਰਟੀ ਲਈ ਇੱਕ ਤਰ੍ਹਾਂ ਦੀ ਨਫ਼ਰਤ ਪੈਦਾ ਹੋ ਚੁੱਕੀ, ਜਿਸ ਦਾ ਖਮਿਆਜਾ ਪਾਰਟੀ ਨੂੰ ਜਲੰਧਰ ਦੀ ਜ਼ਿਮਨੀ ਚੋਣ ਵਿਚ ਭੁਗਤਣਾ ਪੈ ਸਕਦਾ ਹੈ। ਭਾਵੇਂ ਕਿ ਆਮ ਆਦਮੀ ਪਾਰਟੀ ਵੱਲੋਂ ਕਾਂਗਰਸ ਦੀ ਲੀਡਰਸ਼ਿਪ ਨੂੰ ਟਿਕਟ ਦੇ ਕੇ ਚੋਣ ਮੈਦਾਨ ਵਿਚ ਉਤਾਰਿਆ ਜ਼ਰੂਰ ਹੈ ਪਰ ਕਿਤੇ ਨਾ ਕਿਤੇ ਲੋਕਾਂ ਦੇ ਮਨਾਂ ਅੰਦਰ ਇਹ ਗੱਲ ਘਰ ਕਰ ਚੁੱਕੀ ਹੈ ਕਿ ਉਹ ਕਾਂਗਰਸ ਪਾਰਟੀ ਛੱਡ ਕੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ, ਇਹ ਗੱਲ ਇਸ ਤੋਂ ਵੱਧ ਕੁੱਝ ਵੀ ਨਹੀਂ ਹੈ। ਅੰਮ੍ਰਿਤਪਾਲ ਸਿੰਘ ਮਾਮਲੇ 'ਤੇ ਬੁਰੀ ਤਰ੍ਹਾਂ ਘਿਰ ਚੁੱਕੀ ਆਮ ਆਦਮੀ ਪਾਰਟੀ ਨੂੰ ਕੋਈ ਵੀ ਰਸਤਾ ਦਿਖਾਈ ਨਹੀਂ ਦੇ ਰਿਹਾ, ਜਲੰਧਰ ਵਿਚ ਉਹ ਬੁਰੀ ਤਰ੍ਹਾਂ ਘਿਰ ਚੁੱਕੀ ਨਜ਼ਰ ਪੈਂਦੀ ਹੈ। ਕਿਉਂਕਿ ਆਮ ਤੌਰ 'ਤੇ ਪਹਿਲਾਂ ਲੋਕ ਕਾਂਗਰਸ ਪਾਰਟੀ ਨੂੰ ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਦਾ ਦੋਸ਼ੀ ਮੰਨਦੇ ਸਨ ਅਤੇ ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਇਸ ਕਰਕੇ ਵਿਰੋਧ ਹੋ ਰਿਹਾ ਹੈ। ਉਨ੍ਹਾਂ ਨੇ ਬਰਗਾੜੀ ਗੋਲੀ ਕਾਂਡ ਵਿਚ ਇਨਸਾਫ਼ ਨਹੀਂ ਦਿੱਤਾ। ਹੁਣ ਇਸੇ ਤਰ੍ਹਾਂ ਆਮ ਆਦਮੀ ਪਾਰਟੀ ਨੂੰ ਵੀ ਅੰਮ੍ਰਿਤਪਾਲ ਸਿੰਘ ਮਾਮਲੇ 'ਤੇ ਲੋਕਾਂ ਵੱਲੋਂ ਘੇਰ ਕੇ ਸਵਾਲ ਕੀਤੇ ਜਾ ਰਹੇ ਹਨ ਅਤੇ ਪੁੱਛਿਆ ਜਾ ਰਿਹਾ ਹੈ ਕਿ ਉਸ ਦੀ ਸਿੱਖਾਂ ਪ੍ਰਤੀ ਪਹੁੰਚ ਕੀ ਹੈ।

ਹੁਣ ਭਾਵੇਂ ਅੰਮ੍ਰਿਤਪਾਲ ਸਿੰਘ ਦੀ ਪਿੰਡ ਰੋਡੇ ਤੋਂ ਗ੍ਰਿਫਤਾਰੀ ਹੋਣ ਤੋਂ ਬਾਅਦ ਇੱਕ ਵਾਰ ਇਹ ਮਾਮਲਾ ਠੰਡਾ ਜ਼ਰੂਰ ਹੋਇਆ ਹੈ ਪਰ ਸਿੱਖਾਂ ਦੇ ਮਨਾਂ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰਤੀ ਕੋਈ ਖਾਸ ਲਗਾਅ ਨਹੀਂ ਰਿਹਾ। ਕਿਉਂਕਿ ਪੰਜਾਬ ਦੇ ਲੋਕਾਂ ਅਤੇ ਖਾਸਕਰ ਪ੍ਰਵਾਸੀ ਭਾਰਤੀਆਂ ਅੰਦਰ ਆਮ ਆਦਮੀ ਪਾਰਟੀ ਪ੍ਰਤੀ ਪਹਿਲਾਂ ਚੰਗਾ ਨਾਮ ਲਿਆ ਜਾਂਦਾ ਸੀ ਅਤੇ ਉਨ੍ਹਾਂ ਵੱਲੋਂ ਵੱਡੀ ਗਿਣਤੀ ਵਿਚ ਵੋਟਾਂ ਪਾ ਕੇ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਵਾਗਡੋਰ ਸੌਂਪੀ ਸੀ ਪਰ ਬਾਅਦ ਵਿਚ ਛੇਤੀ ਹੀ ਹੁਣ ਲੋਕਾਂ ਦਾ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬਹੁਤ ਸਾਰੇ ਮੁੱਦਿਆਂ 'ਤੇ ਗਲਤ ਸਟੈਂਡ ਲਿਆ ਸੀ। ਇਸ ਕਰਕੇ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਤੋਂ ਮੂੰਹ ਮੋੜ ਚੁੱਕੇ ਹਨ। ਇਸ ਤੋਂ ਪਹਿਲਾਂ ਵੀ ਰਾਜ ਸਭਾ ਦੇ ਮੈਂਬਰਾਂ ਦਾ ਮੁੱਦਾ ਚਰਚਾ ਵਿਚ ਆਉਣ 'ਤੇ ਵੀ ਪੰਜਾਬੀਆਂ ਨੇ ਇਕ ਵਾਰ ਆਮ ਆਦਮੀ ਪਾਰਟੀ ਨੂੰ ਚੰਗਾ ਰਗੜਾ ਲਾਇਆ ਸੀ, ਜਿਸ ਦਾ ਖਮਿਆਜਾ ਉਸਨੂੰ ਸੰਗਰੂਰ ਲੋਕ ਸਭਾ ਸੀਟ ਗੁਆ ਕੇ ਭੁਗਤਣਾ ਪਿਆ ਸੀ। ਹੋਰ ਵੀ ਕਈ ਮੁੱਦਿਆਂ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਖਿਲਾਫ ਭੁਗਤਾਨ ਕਰਕੇ ਆਮ ਲੋਕਾਂ ਨੇ ਉਨ੍ਹਾਂ ਨੂੰ ਰੋਕਿਆ ਟੋਕਿਆ ਸੀ ਅਤੇ ਕਈ ਵਿਧਾਇਕਾਂ ਦੀਆਂ ਆਪਹੁਦਰੀਆਂ ਗੱਲਾਂਬਾਤਾਂ ਵੀ ਲੋਕਾਂ ਨੂੰ ਰਾਸ ਨਹੀਂ ਆ ਰਹੀਆਂ।

ਜਲੰਧਰ ਦੀ ਜ਼ਿਮਨੀ ਚੋਣ ਦੇ ਵਿਚ ਇਨ੍ਹਾਂ ਪਾਰਟੀਆਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ, ਬਸਪਾ ਅਤੇ ਭਾਜਪਾ ਦੇ ਨਾਲ ਢੀਂਡਸਾ ਧੜੇ ਵੱਲੋਂ ਹੱਥ ਮਿਲਾ ਕੇ ਬਣਾ ਕੇ ਚੋਣ ਮੈਦਾਨ ਮੱਲਿਆ ਹੈ। ਸੰਗਰੂਰ ਦੀ ਜ਼ਿਮਨੀ ਚੋਣ ਦੇ ਵਿਚ ਵੀ ਭਾਜਪਾ ਅਤੇ ਢੀਂਡਸਾ ਧੜੇ ਵੱਲੋਂ ਚੰਗਾ ਪ੍ਰਦਰਸ਼ਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਉੱਪਰ ਵੋਟ ਹਾਸਲ ਕੀਤੀ ਸੀ, ਜੋ ਆਪਣੇ ਆਪ ਵਿਚ ਇੱਕ ਰਿਕਾਰਡ ਹੈ। ਅਕਾਲੀ ਦਲ ਬਾਦਲ ਅਤੇ ਬਸਪਾ ਵੱਲੋਂ ਡਾਕਟਰ ਸੁਖਵਿੰਦਰ ਸਿੰਘ ਸੁੱਖੀ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਬਿਨਾਂ ਸ਼ੱਕ ਉਹ ਅਕਾਲੀ ਦਲ ਦੇ ਪੁਰਾਣੇ ਲੀਡਰ ਹਨ ਅਤੇ ਮੌਜੂਦਾ ਸਮੇਂ ਵਿਧਾਇਕ ਵੀ ਹਨ। ਅਕਾਲੀ ਦਲ ਦੀ ਹਾਲਤ ਪ੍ਰਤੀ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ, ਉਨ੍ਹਾਂ ਦਾ ਸੰਗਰੂਰ ਵਿਚ ਪ੍ਰਦਰਸ਼ਨ ਵੀ ਮਾੜਾ ਰਿਹਾ ਸੀ। ਭਾਵੇਂ ਕਿ ਉਨ੍ਹਾਂ ਨੂੰ ਲੰਬਾ ਸਮਾਂ ਪਾਰਟੀ ਉਮੀਦਵਾਰ ਦੀ ਭਾਲ ਵੀ ਕਰਨੀ ਪਈ ਅਤੇ ਉਨ੍ਹਾਂ ਦੇ ਵੱਡੇ ਲੀਡਰ ਵੀ ਅਕਾਲੀ ਦਲ ਵਿਚੋਂ ਬਾਹਰ ਹੋ ਚੁੱਕੇ ਹਨ। ਇਸ ਲਈ ਉਨ੍ਹਾਂ ਦੀ ਜਿੱਤ ਨੂੰ ਕਿਸੇ ਵੀ ਪੱਖੋਂ ਯਕੀਨੀ ਨਹੀਂ ਮੰਨਿਆ ਜਾ ਸਕਦਾ। ਅਕਾਲੀ ਦਲ ਦੇ ਬਹੁਤ ਸਾਰੇ ਸੀਨੀਅਰ ਲੀਡਰ ਉਨ੍ਹਾਂ ਨੂੰ ਅਲਵਿਦਾ ਆਖ ਕੇ ਪਹਿਲਾਂ ਹੀ ਆਪੋ-ਆਪਣੇ ਰਾਹ ਜਾ ਚੁੱਕੇ ਹਨ ਕਿਉਂਕਿ ਉਨ੍ਹਾਂ ਵੱਲੋਂ ਆਖਿਆ ਜਾ ਰਿਹਾ ਹੈ ਕਿ ਜੇਕਰ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਪ੍ਰਧਾਨ ਰਹਿਣਗੇ, ਤਾਂ ਉਹਦੇ ਨਾਲ ਨਹੀਂ ਚੱਲ ਸਕਦੇ।

ਭਾਰਤੀ ਜਨਤਾ ਪਾਰਟੀ ਅਤੇ ਢੀਂਡਸਾ ਧੜੇ ਵੱਲੋਂ ਅਕਾਲੀ ਆਗੂ ਅਤੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਦੇ ਸਪੁੱਤਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਚੋਣ ਮੈਦਾਨ 'ਚ ਥਾਪੀ ਦਿੱਤੀ ਗਈ ਹੈ, ਜੋ ਆਪਣੇ ਆਪ ਵਿਚ ਇਕ ਵੱਡੀ ਗੱਲ ਹੈ ਕਿਉਂਕਿ ਸ਼ਹਿਰੀ ਵੋਟ ਹੋਣ ਕਾਰਨ ਭਾਜਪਾ ਆਪਣੇ ਦਮ 'ਤੇ ਚੋਣ ਮੈਦਾਨ ਮਾਰਨ ਦੀ ਆਸ ਨਾਲ ਮੈਦਾਨ ਵਿਚ ਆਈ ਹੈ। ਇਥੇ ਹੀ ਪਿੰਡਾਂ ਅੰਦਰ ਢੀਂਡਸਾ ਧੜੇ ਦਾ ਵੀ ਕਾਫ਼ੀ ਬੋਲਬਾਲਾ ਦੁਆਬੇ ਅੰਦਰ ਵੇਖਣ ਨੂੰ ਮਿਲ ਰਿਹਾ ਹੈ ਅਤੇ ਉਸ ਵੱਲੋਂ ਚੰਗੇ ਪ੍ਰਦਰਸ਼ਨ ਦੀ ਆਸ ਕੀਤੀ ਜਾ ਸਕਦੀ ਹੈ। ਅਟਵਾਲ ਵੱਲੋਂ ਅਕਾਲੀ ਦਲ ਬਾਦਲ ਨੂੰ ਅਲਵਿਦਾ ਆਖ ਕੇ ਕੁਝ ਦਿਨ ਪਹਿਲਾਂ ਹੀ ਭਾਜਪਾ ਵਿਚ ਸ਼ਾਮਲ ਹੁੰਦਿਆਂ ਉਮੀਦਵਾਰ ਬਣਨ ਦਾ ਰਾਹ ਪੱਧਰਾ ਕੀਤਾ ਹੈ। ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ ਦਾ ਵੋਟ ਬੈਂਕ ਵੀ ਦੁਆਬੇ ਅੰਦਰ ਕਾਫੀ ਹੈ ਅਤੇ ਖਾਸ ਕਰ ਦੁਆਬੇ ਨੂੰ ਉਨ੍ਹਾਂ ਨੇ ਆਪਣਾ ਮੰਨ ਕੇ ਕਾਫ਼ੀ ਕੁਝ ਪਿਛਲੇ ਸਮੇਂ ਅੰਦਰ ਕੀਤਾ ਵੀ ਹੈ ਪਰ ਕਿ ਜਲੰਧਰ ਦੇ ਦਫਤਰ ਸ਼੍ਰੋਮਣੀ ਅਕਾਲੀ ਦਲ ਜਾਂ ਭਾਜਪਾ ਦੇ ਉਮੀਦਵਾਰ ਨੂੰ ਵੋਟ ਦਿੰਦੇ ਹਨ, ਇਹ ਤਾਂ ਪਤਾ ਬਾਅਦ ਵਿਚ ਹੀ ਲੱਗੇਗਾ। ਕੁੱਲ ਮਿਲਾ ਕੇ ਸਾਰੀਆਂ ਹੀ ਸਿਆਸੀ ਪਾਰਟੀਆਂ ਦਾ ਮੁਕਾਬਲਾ ਸਖਤ ਹੈ। ਕਾਂਗਰਸ ਪਾਰਟੀ ਦੇ ਆਗੂਆਂ ਦੇ ਜਲੰਧਰ ਵੱਜ ਰਹੇ ਗੇੜੇ ਕਿਸੇ ਆਉਣ ਵਾਲੀ ਚੰਗੀ ਗੱਲ ਦਾ ਪ੍ਰਤੀਕ ਜ਼ਰੂਰ ਮੰਨੇ ਜਾ ਸਕਦੇ ਹਨ।

ਭਾਵੇਂ ਕਿ ਸਾਰੀਆਂ ਹੀ ਸਿਆਸੀ ਧਿਰਾਂ ਵੱਲੋਂ ਆਪਣੀ ਹੋਂਦ ਨੂੰ ਮੁੱਖ ਰੱਖਕੇ ਜਲੰਧਰ ਦੀ ਚੋਣ 'ਚ ਹਿੱਸਾ ਲਿਆ ਜਾ ਰਿਹਾ ਹੈ। ਜੇਕਰ ਗੱਲ ਕਰੀਏ ਤਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਹੀ ਮੁੱਖ ਮੁਕਾਬਲਾ ਮੰਨਿਆ ਜਾਵੇਗਾ ਅਤੇ ਅੰਮ੍ਰਿਤਪਾਲ ਸਿੰਘ ਦੇ ਤਾਜ਼ਾ ਮਾਮਲੇ ਦਾ ਆਮ ਆਦਮੀ ਪਾਰਟੀ ਨੂੰ ਵੱਡਾ ਘਾਟਾ ਪਵੇਗਾ, ਇਹ ਗੱਲ ਕਿਸੇ ਤੋਂ ਲੁਕੀ ਨਹੀਂ ਹੈ ਅਤੇ ਇਸ ਦਾ ਲਾਹਾ ਲੈਣ ਦੀ ਤਾਕ ਵਿਚ ਕਾਂਗਰਸ ਹੈ। ਉਸ ਤੋਂ ਬਾਅਦ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਮਾਮਲਾ ਭੀ ਉਸ ਦੇ ਪਿਤਾ ਵੱਲੋਂ ਖੁੱਲ੍ਹ ਕੇ ਉਭਾਰਿਆ ਜਾ ਰਿਹਾ ਹੈ ਅਤੇ ਸਿੱਧੂ ਦੇ ਪਿਤਾ ਵੱਲੋਂ ਸ਼ਰੇਆਮ ਆਮ ਆਦਮੀ ਪਾਰਟੀ ਦਾ ਵਿਰੋਧ ਕਰਕੇ ਉਨ੍ਹਾਂ ਨੂੰ ਵੋਟਾਂ ਨਾ ਪਾਉਣ ਦੀ ਕੀਤੀ ਜਾ ਰਹੀ ਅਪੀਲ ਵੀ ਕਿਤੇ ਨਾ ਕਿਤੇ ਵੱਡਾ ਰੰਗ ਲਿਆਵੇਗੀ। ਆਮ ਆਦਮੀ ਪਾਰਟੀ ਅਤੇ ਇਸਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪ੍ਰਵਾਸੀਆਂ ਦੇ ਦਿਲਾਂ ਅੰਦਰੋਂ ਵੀ ਪੂਰੀ ਤਰ੍ਹਾਂ ਉਤਰ ਚੁੱਕੇ ਹਨ। ਇਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ ਜਲੰਧਰ ਦੀ ਚੋਣ ਵਿਚ ਕਿਉਂਕਿ ਹਰ ਚੋਣ ਵਿਚ ਪ੍ਰਵਾਸੀ ਭਾਰਤੀਆਂ ਦਾ ਬੜਾ ਯੋਗਦਾਨ ਹੁੰਦਾ ਹੈ। ਬਾਕੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਊਠ ਕਿਸ ਕਰਵਟ ਬੈਠਦਾ ਹੈ। ਹਾਂ, ਹਲਕੇ ਦੇ ਲੋਕਾਂ ਦੀ ਜ਼ੁਬਾਨ 'ਤੇ ਇੱਕ ਗੱਲ ਜ਼ਰੂਰ ਹੈ ਕਿ ਇਹ ਚੋਣ ਕਾਂਗਰਸ ਪਾਰਟੀ ਜਿੱਤ ਸਕਦੀ ਹੈ, ਬਾਕੀ ਸਭ ਕੁੱਝ ਸਮੇਂ ਦੇ ਗਰਭ ਵਿਚ ਲੁੱਕਿਆ ਹੈ, ਜਿਸ ਦਾ ਪਤਾ ਕੁਝ ਦਿਨ ਨੂੰ ਲੱਗ ਜਾਵੇਗਾ। ਕੁੱਲ ਮਿਲਾ ਕੇ ਇਹ ਚੋਣ ਕਈ ਸਿਆਸੀ ਪਾਰਟੀਆਂ ਲਈ ਪਰਖ ਦੀ ਘੜੀ ਸਾਬਤ ਹੋਵੇਗੀ ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ


e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਘਰ ਦੀ ਸ਼ਾਨ ਬਰਕਰਾਰ ਕਿਵੇਂ ਰਹੇ?

ਆਸਟ੍ਰੇਲੀਆ ਤੋਂ
ਰਣਜੀਤ ਚੱਕ ਤਾਰੇ ਵਾਲਾ
ਜ਼ਿਲ੍ਹਾ ਮੋਗਾ
82646-05441
(Punjab Mail USA)



ਅਜੋਕੇ ਮਰਦ ਪ੍ਰਧਾਨ ਸਮਾਜ ਵਿਚਦੀ ਗੁਜ਼ਰਦੀ ਔਰਤ ਆਪਣੇ ਜੀਵਨ ਵਿਚ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਤੇ ਤੰਗੀਆਂ-ਤੁਰਸ਼ੀਆਂ ਬਾਰੇ ਇਕ ਔਰਤ ਹੀ ਸਮਝ ਸਕਦੀ ਹੈ। 'ਜਿਸ ਤਨ ਲਾਗੇ ਸੋਈ ਜਾਣੇ'। ਕਿਹਾ ਤਾਂ ਇਹ ਜਾਂਦਾ ਹੈ ਕਿ ਘਰਾਂ ਵਿਚ ਸਾਰੇ ਅਸੀਂ ਇਕ ਬਰਾਬਰ ਹਾਂ ਪਰ ਇਹ ਬਰਾਬਰਤਾ ਵਾਲਾ ਬਿਰਤਾਂਤ ਜਦ ਘਰ ਵਿਚ ਨਜ਼ਰ ਮਾਰ ਕੇ ਵੇਖੀਏ, ਤਾਂ ਨਤੀਜੇ ਕਥਨ ਦੇ ਉਲਟ ਹੀ ਹੋਣਗੇ।

ਸਾਫ਼ ਗੱਲ ਹੈ ਕਿ ਜਿਸ ਨਾਰੀ ਨੂੰ ਗੁਰੂ ਸਾਹਿਬ ਨੇ 'ਜੱਗ ਜਨਨੀ' ਦੇ ਖ਼ਿਤਾਬ ਨਾਲ ਨਿਵਾਜਿਆ ਹੋਵੇ, ਉਸ ਔਰਤ ਜਾਤੀ ਪ੍ਰਤੀ ਮਰਦ ਦੀ ਬੌਣੀ ਤੇ ਗਿਰੀ ਹੋਈ ਮਾਨਸਿਕਤਾ ਆਪਣਾ ਕੀ ਰਵੱਈਆ ਰੱਖਦੀ ਹੈ, ਆਪਾਂ ਭਲੀ-ਭਾਂਤ ਸਾਰੇ ਜਾਣਦੇ ਹਾਂ।

ਔਰਤ ਸਮਾਜ ਦਾ ਇਕ ਹਿੱਸਾ ਹੀ ਨਹੀਂ, ਬਲਕਿ ਇਕ ਮਜ਼ਬੂਤ ਧੁਰਾ ਹੈ। ਉਹ ਧੁਰਾ, ਜਿਸ ਦੁਆਲੇ ਸੰਸਾਰਿਕ ਜੀਵ ਆਪਣੀ ਜ਼ਿੰਦਗੀ ਦਾ ਪੂਰਾ ਚੱਕਰ ਕੱਟਦਾ ਹੈ। ਇਕ ਘਰੇਲੂ ਔਰਤ ਤੋਂ ਲੈ ਕੇ ਅੱਜ ਦੀ ਪੜ੍ਹੀ-ਲਿਖੀ ਔਰਤ ਦੇ ਜੀਵਨ-ਜਾਚ ਦੀ ਪੜਚੋਲ ਕਰੀਏ, ਤਾਂ ਅੱਜ ਦੀ ਔਰਤ ਮਰਦ ਨਾਲੋਂ ਵਧੇਰੇ ਦ੍ਰਿੜ੍ਹ, ਸਿਦਕਵਾਨ, ਮਿਹਨਤਕਸ਼ ਤੇ ਹੋਂਦ-ਪੂਰਵਕ ਹੈ।

ਇਕ ਘਰੇਲੂ ਔਰਤ ਦੇ ਜੀਵਨ 'ਤੇ ਝਾਤ ਮਾਰ ਕੇ ਵੇਖੀਏ, ਤਾਂ ਘਰ ਵਿਚ ਕਿਹੜੀ ਜ਼ਿੰਮੇਵਾਰੀ ਹੈ, ਜਿਹੜੀ ਨੂੰ ਉਹ ਸਫ਼ਲਤਾਪੂਰਵਕ ਨਹੀਂ ਨਿਭਾ ਰਹੀ? ਘਰ ਵਿਚ ਚੁੱਲ੍ਹੇ-ਚੌਂਕੇ ਦੇ ਕੰਮ-ਕਾਰ ਦੇ ਨਾਲ-ਨਾਲ ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ, ਘਰ ਤੇ ਪਰਿਵਾਰਕ ਜ਼ਿੰਮੇਵਾਰੀਆਂ ਵਿਚ ਆ ਰਹੀਆਂ ਤੰਗੀਆਂ-ਤੁਰਸ਼ੀਆਂ ਨਾਲ ਜੂਝਦਿਆਂ ਆਪਣੇ ਜੀਵਨ-ਸਾਥੀ ਦੇ ਮੋਢੇ ਨਾਲ ਮੋਢਾ ਜੋੜ ਕੇ ਹੱਡ-ਤੋੜਵੀਂ ਕਮਾਈ ਕਰਨੀ, ਖੇਤੀ ਨਾਲ ਜੁੜੇ ਕਈ ਸਹਾਇਕ ਧੰਦੇ ਜਿਵੇਂ ਘਰ ਵਿਚ ਰੱਖੇ ਮਾਲ-ਡੰਗਰ ਦੀ ਸਾਂਭ-ਸੰਭਾਲ, ਮੁਰਗੀ ਪਾਲਣ ਤੇ ਸਬਜ਼ੀਆਂ ਦੀ ਕਾਸ਼ਤ ਕਰਨਾ ਤੇ ਫੇਰ ਉਸ ਧੰਦੇ ਤੋਂ ਆਈ ਆਮਦਨ ਨਾਲ ਘਰ ਤੇ ਬੱਚਿਆਂ ਦੀ ਪੜ੍ਹਾਈ 'ਤੇ ਆ ਰਹੇ ਖਰਚ-ਖੇਚਲ ਨੂੰ ਬੜੀ ਸੂਝ-ਸਮਝ ਨਾਲ ਚਲਾਉਣਾ। ਮੈਂ ਸਮਝਦਾ ਹਾਂ ਕਿ ਅਜਿਹਾ ਕਾਰਜ ਇਕ ਬੜੀ ਹੀ ਮਿਹਨਤੀ ਤੇ ਸੂਝਵਾਨ ਔਰਤ ਦੇ ਹਿੱਸੇ ਹੀ ਆਉਂਦਾ ਹੈ। ਇਹ ਔਰਤ ਵਰਗ ਲਈ ਬੜੀ ਹੀ ਮਾਣ ਮਹਿਸੂਸ ਕਰਨ ਵਾਲੀ ਗੱਲ ਹੈ।

ਮੈਨੂੰ ਇੱਥੇ ਇਹ ਲਿਖਦਿਆਂ ਬੜਾ ਮਾਣ ਤੇ ਖ਼ੁਸ਼ੀ ਮਹਿਸੂਸ ਹੁੰਦੀ ਹੈ ਕਿ ਜਿਨ੍ਹਾਂ ਘਰਾਂ-ਪਰਿਵਾਰਾਂ ਵਿਚ ਅਜਿਹੀਆਂ ਹੋਣਹਾਰ, ਮਿਹਨਤਕਸ਼ ਤੇ ਖ਼ੂਬਸੂਰਤ ਮੁਟਿਆਰਾਂ ਦਾ ਵਸੇਬਾ ਹੁੰਦਾ ਹੈ, ਬਿਨਾਂ ਸ਼ੱਕ ਉਹ ਪਰਿਵਾਰ ਆਨੰਦਿਤ ਤੇ ਖ਼ੁਸ਼ਹਾਲ ਜ਼ਿੰਦਗੀ ਜਿਉਂਦੇ ਹਨ ਤੇ ਅੱਗੇ ਇਹ ਉਮੀਦ ਵੀ ਰੱਖੀ ਜਾਵੇ ਕਿ ਅਜਿਹਾ ਵਰਤਾਰਾ ਗੁਰੂ ਪਾਤਸ਼ਾਹ ਹਰੇਕ ਪਰਿਵਾਰ ਵਿਚ ਨਿਰੰਤਰ ਜਾਰੀ ਰੱਖੇ।

ਅੱਜ ਪੜ੍ਹਾਈ ਦਾ ਯੁੱਗ ਪੂਰੇ ਜ਼ੋਬਨ 'ਤੇ ਹੈ। ਅੱਜ ਸਾਡੀ ਨੌਜਵਾਨ ਪੀੜ੍ਹੀ ਨੇ ਪੜ੍ਹ-ਲਿਖ ਕੇ ਖ਼ਾਸ ਕਰਕੇ ਸਾਡੀਆਂ ਹੋਣਹਾਰ ਬੱਚੀਆਂ ਨੇ ਦੇਸ਼ ਤੋਂ ਬਾਹਰ ਵਿਦੇਸ਼ਾਂ ਵਿਚ ਜਾ ਕੇ ਬੜੇ ਉੱਚੇ ਮੁਕਾਮ ਹਾਸਿਲ ਕੀਤੇ ਹਨ।

ਅੱਜ ਦੀਆਂ ਪੜ੍ਹੀਆਂ-ਲਿਖੀਆਂ ਲੜਕੀਆਂ ਡਾਕਟਰ, ਅਧਿਆਪਕ, ਲੇਖਕਾ, ਵਕੀਲ, ਜੱਜ, ਪੁਲਿਸ ਅਫ਼ਸਰ ਜਾਂ ਫੌਜ ਸਮੇਤ ਹਰ ਖੇਤਰ ਵਿਚ ਅਜਿਹੇ ਕਈ ਉੱਚੇ ਤੇ ਮਾਣਯੋਗ ਅਹੁਦੇ ਹਾਸਲ ਕਰਕੇ ਇਕ ਮਿਸਾਲ ਕਾਇਮ ਕਰਕੇ ਵਿਖਾ ਦਿੱਤੀ ਹੈ ਤੇ ਅਜੋਕੇ ਮਰਦ ਪ੍ਰਧਾਨ ਸਮਾਜ ਦੇ ਅਲੰਬਰਦਾਰਾਂ ਨੂੰ ਸ਼ੀਸ਼ਾ ਵੀ ਵਿਖਾ ਦਿੱਤਾ ਹੈ ਕਿ ਮੈਂ ਕੀ ਨਹੀਂ ਕਰ ਸਕਦੀ? ਕੀ ਮੈਂ ਬੱਚਿਆਂ ਨੂੰ ਜਨਮ ਦੇ ਕੇ ਉਨ੍ਹਾਂ ਨੂੰ ਪਾਲਦੀ ਨਹੀਂ? ਘਰ ਤੇ ਪਰਿਵਾਰ, ਬਾਕੀ ਜ਼ਿੰਮੇਵਾਰੀਆਂ ਨਹੀਂ ਨਿਭਾਉਂਦੀ? ਪਰ ਫੇਰ ਵੀ ਮੇਰੀ ਅਕਲ 'ਤੇ ਜਾਣ-ਬੁੱਝ ਕੇ ਪੋਚਾ ਕਿਉਂ ਫੇਰਿਆ ਜਾ ਰਿਹਾ ਹੈ? ਮੇਰੇ ਅਕਸ ਨੂੰ ਚਮਕਾਉਣ ਦੀ ਬਜਾਏ ਧੁੰਦਲਾ ਕਿਉਂ ਕੀਤਾ ਜਾ ਰਿਹਾ ਹੈ? ਮੇਰੇ ਬਣਦੇ ਹੱਕ-ਹਕੂਕ ਉੱਪਰ ਡਾਕਾ ਕਿਉਂ ਮਾਰਿਆ ਜਾ ਰਿਹਾ ਹੈ? ਇਹ ਇਕ ਸਵਾਲ ਨਹੀਂ, ਅਣਗਿਣਤ ਸਵਾਲ ਹਨ, ਜਿਹੜੇ ਔਰਤ ਵਰਗ ਨੂੰ ਬਣਦੇ ਅਧਿਕਾਰ ਤੋਂ ਵਾਂਝਾ ਰੱਖੇ ਜਾਣ ਦੀ ਗਵਾਹੀ ਭਰਦੇ ਹਨ। ਇਹ ਸਿੱਧੇ ਰੂਪ ਵਿਚ ਔਰਤ ਨਾਲ ਘੋਰ ਅਨਿਆਇ ਹੈ।

ਅੱਜ ਦੀ ਪੜ੍ਹੀ-ਲਿਖੀ ਮੁਟਿਆਰ ਇਹ ਸਾਰੇ ਸਵਾਲ ਸਮਾਜ ਮੂਹਰੇ ਰੱਖ ਰਹੀ ਹੈ। ਉਹ ਇਹ ਸਵਾਲ ਰੱਖੇ ਵੀ ਕਿਉਂ ਨਾ? ਜਦੋਂ ਉਹ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਵਫ਼ਾਦਾਰ ਤੇ ਆਪਣੇ ਹਰੇਕ ਕਾਰਜ ਵਿਚ ਨਿਪੁੰਨ ਹੈ। ਅੱਜ ਉਹ ਹਰ ਮੁਸ਼ਕਿਲ ਤੇ ਮੁਸੀਬਤ ਦਾ ਟਾਕਰਾ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। ਉਹ ਆਪਣਾ ਬੁਰਾ-ਭਲਾ ਸਭ ਜਾਣਦੀ ਹੈ। ਉਹ ਇਹ ਵੀ ਜਾਣਦੀ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਕੁੱਝ ਹਲਕੀ ਤੇ ਗਿਰੀ ਹੋਈ ਮਾਨਸਿਕਤਾ ਵਾਲੇ ਲੋਕਾਂ ਨਾਲ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਤੇ ਛਾਤੀ ਤਾਣ ਕੇ ਜਿਉਣ ਲਈ ਕਿਵੇਂ ਵਿਚਰਨਾ ਹੈ? ਆਪਣੇ ਆਪ ਨੂੰ ਸੁਰੱਖਿਅਤ ਕਿਵੇਂ ਰੱਖਣਾ ਹੈ?

ਸੋ, ਅੱਗੇ ਵਧੀਏ। ਘਰ-ਪਰਿਵਾਰ ਤੇ ਗ੍ਰਹਿਸਥ ਜੀਵਨ ਨੂੰ ਬਸਰ ਕਰਨ ਲਈ ਇਕਸੁਰਤਾ ਤੇ ਬਰਾਬਰਤਾ ਦੀ ਡਾਢੀ ਲੋੜ ਹੁੰਦੀ ਹੈ। ਪਰਿਵਾਰਕ ਜੀਵਨ ਵਿਸ਼ਵਾਸ 'ਤੇ ਨਿਰਭਰ ਹੁੰਦਾ ਹੈ, ਜਿਸਨੂੰ ਬਰਕਰਾਰ ਰੱਖਣਾ ਪਤੀ-ਪਤਨੀ ਦੋਵਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿਉਂਕਿ ਘਰ ਵਿਚ ਦੋਵੇਂ ਬਰਾਬਰ ਦੇ ਹੱਕਦਾਰ ਹੁੰਦੇ ਹਨ। ਇਸਨੂੰ ਕਾਇਮ ਰੱਖਣ ਲਈ ਸੰਜਮ, ਧੀਰਜ ਤੇ ਬੇਹੱਦ ਹੌਂਸਲੇ ਦੀ ਜ਼ਰੂਰਤ ਹੁੰਦੀ ਹੈ।

ਇਨਸਾਨ ਗਲਤੀ ਦਾ ਪੁਤਲਾ ਹੁੰਦਾ ਹੈ। ਨਿੱਕੀ-ਮੋਟੀ ਗਲਤੀ ਘਰ 'ਚ ਕਿਸੇ ਕੋਲੋਂ ਵੀ ਹੋ ਸਕਦੀ ਹੈ ਪਰ ਗੱਲ ਨੂੰ ਸੋਚੇ-ਸਮਝੇ ਜਾਂ ਜਲਦਬਾਜ਼ੀ ਵਿਚ ਇਕ-ਦੂਸਰੇ 'ਤੇ ਇਲਜ਼ਾਮ-ਤਰਾਸ਼ੀ ਨਾ ਕਰੋ। ਕਈ ਵਾਰ ਵੇਖਣ ਵਿਚ ਆਉਂਦਾ ਹੈ ਕਿ ਨਿੱਕੀ-ਨਿੱਕੀ ਗੱਲ 'ਤੇ ਘਰਾਂ ਵਿਚ ਮਾਹੌਲ ਅਸ਼ਾਂਤ ਤੇ ਖਿੱਚੋਤਾਣ ਵਾਲਾ ਬਣਿਆ ਰਹਿੰਦਾ ਹੈ। ਇਹ ਵਰਤਾਰਾ ਠੀਕ ਨਹੀਂ ਹੈ। ਘੱਟੋ-ਘੱਟ ਵਿਚਾਰਾਂ ਵਿਚ ਤਾਲਮੇਲ ਜ਼ਰੂਰ ਬਣਾਉ। ਗੱਲ-ਗੱਲ 'ਤੇ ਸ਼ੋਰ ਨਾ ਮਚਾਓ। ਅੰਦਰ ਬੈਠੋ ਤੇ ਪਿਆਰ ਨਾਲ ਗੱਲ-ਬਾਤ ਕਰੋ। ਗਲੀ-ਗੁਆਂਢ 'ਚ ਤਮਾਸ਼ਬੀਨ ਨਾ ਬਣੋ। ਧਿਆਨ ਰੱਖੋ, ਬੱਚਿਆਂ ਸਾਹਮਣੇ ਕਦੇ ਵੀ ਨਾ ਤਾਂ ਗੁੱਸੇਖ਼ੋਰ ਸੁਭਾਅ ਦਾ ਪ੍ਰਦਰਸ਼ਨ ਕਰੋ ਤੇ ਨਾ ਹੀ ਭੱਦੀ ਤੇ ਅਸ਼ਲੀਲ ਸ਼ਬਦਾਵਲੀ (ਗਾਲੀ-ਗਲੋਚ) ਦੀ ਵਰਤੋਂ ਕਰੋ। ਬੱਸ ਇਹੋ ਸਮਝ ਕੇ ਚੱਲੋ ਕਿ ਜ਼ਿੰਦਗੀ ਮੁਸੀਬਤਾਂ ਭਰਪੂਰ ਹੁੰਦੀ ਹੈ। ਕਦੇ ਪ੍ਰਵਾਹ ਨਾ ਕਰੋ, ਹਮੇਸ਼ਾ ਖ਼ੁਸ਼ ਰਹੋ, ਸਗੋਂ ਮਾਰੋ-ਮਾਰ ਕਰਦੇ ਮੰਜ਼ਿਲਾਂ ਸਰ ਕਰਦੇ ਜਾਓ।

ਚਿੰਤਾ ਦੀ ਬੁੱਕਲ ਮਾਰ ਕੇ ਨਾ ਬੈਠੋ। ਅੱਗੇ ਵਧੋ। ਕਹਾਵਤ ਹੈ ਕਿ ਜਿੱਥੇ ਦੋ ਭਾਂਡੇ ਹੋਣਗੇ, ਖੜਕਦੇ ਵੀ ਰਹਿਣਗੇ। ਬਿਲਕੁਲ ਠੀਕ ਹੈ ਕਿ ਸਾਡੇ ਆਵਦੇ ਘਰੇ ਵੀ ਦਿਨ ਵਿਚ ਇਕ ਵਾਰ ਇਸ ਤਰ੍ਹਾਂ ਦੇ ਭਾਂਡੇ ਜ਼ਰੂਰ ਖੜਕਦੇ ਨੇ ਪਰ ਮੇਰਾ ਮੰਨਣਾ ਹੈ ਕਿ ਬਿਨਾਂ ਮਤਲਬ ਇਹ ਖੜਕਦੇ ਰਹਿਣਾ ਵੀ ਠੀਕ ਨਹੀਂ। ਬੇਫ਼ਿਕਰੀ ਨਾਲ ਜ਼ਿੰਦਗੀ ਦਾ ਆਨੰਦ ਮਾਣੋ।

ਕਈ ਵਾਰੀ ਜਲਦਬਾਜ਼ੀ ਜਾਂ ਬੇ-ਸਮਝੀ ਨਾਲ ਘਰ ਚਲਾਉਂਦਿਆਂ ਪਰਿਵਾਰ ਵਿਚ ਨਫ਼ੇ-ਨੁਕਸਾਨ ਵਾਲੀ ਸਥਿਤੀ ਬਣ ਜਾਂਦੀ ਹੈ। ਉੱਥੇ ਘਬਰਾਉਣ ਜਾਂ ਮੁਖੀ ਮੈਂਬਰ ਨੂੰ ਦੋਸ਼ ਦੇਣ ਦੀ ਲੋੜ ਨਹੀਂ, ਸਗੋਂ ਉਸ ਨੁਕਤੇ 'ਤੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ ਕਿ ਕਿੱਥੇ ਇਹ ਤਾਣਾ-ਬਾਣਾ ਉਲਝਿਆ ਹੈ? ਬੱਸ ਇਹ ਸਮਝ ਲੈਣਾ ਸਮੱਸਿਆ ਦਾ ਹੱਲ ਹੁੰਦਾ ਹੈ।

ਸਿਆਣੇ ਲੋਕ ਤਾਂ ਇਹੋ ਸਲਾਹ ਦਿੰਦੇ ਹਨ ਕਿ ਘਰ-ਪਰਿਵਾਰ ਵਿਚ ਕੋਈ ਵੀ ਕਾਰਜ ਪਰਿਵਾਰਕ ਰਾਇ ਬਗੈਰ ਆਪਹੁਦਰੇ ਹੋ ਕੇ ਨਾ ਕਰੋ, ਜਿਸ ਵਿਚ ਪਿਆ ਘਾਟਾ ਜਾਂ ਨਫ਼ਾ-ਨੁਕਸਾਨ ਤੁਹਾਡੇ ਅਤੇ ਪੂਰੇ ਪਰਿਵਾਰ ਲਈ ਨਮੋਸ਼ੀ ਦਾ ਕਾਰਨ ਬਣੇ।

ਖ਼ੁਸ਼-ਮਿਜ਼ਾਜ ਜ਼ਿੰਦਗੀ ਬਸ਼ਰ ਕਰਨ ਲਈ ਹਉਮੈ ਅਤੇ ਜ਼ਿੱਦ ਨੂੰ ਆਪਣੇ ਦਿਲ-ਦਿਮਾਗ 'ਤੇ ਕਦੇ ਭਾਰੂ ਨਾ ਹੋਣ ਦਿਉ। ਕੋਈ ਵੀ ਕੰਮ ਕਰਨ ਤੋਂ ਪਹਿਲਾਂ ਆਪਣੀ ਜੇਬ ਦਾ ਧਿਆਨ ਜ਼ਰੂਰ ਰੱਖੋ। ਚਾਦਰ ਵੇਖ ਕੇ ਪੈਰ ਪਸਾਰੋ। ਕਿਤੇ ਇਹ ਨਾ ਹੋਵੇ ਕਿ ਅੱਗੇ ਦੌੜ ਤੇ ਪਿੱਛਾ ਚੌੜ ਵਾਲੀ ਗੱਲ ਬਣੇ।

ਬੱਸ ਏਨਾ ਹੀ, ਬਾਕੀ ਫੇਰ ਕਿਤੇ...।

# ਸ਼ੇਰ ਅਤੇ ਬਾਬੂ

## 2 ਮਿੰਨੀ ਕਹਾਣੀਆਂ

ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)





ਇੱਕ ਵਾਰ ਇੱਕ ਮਰੀਅਲ ਜਿਹਾ ਸ਼ੇਰ ਛੱਤਬੀੜ ਚਿੜੀਆਘਰ ਤੋਂ ਭੱਜ ਗਿਆ। ਜਦੋਂ ਉਹ ਕਈ ਦਿਨਾਂ ਤੱਕ ਵਾਪਸ ਨਾ ਆਇਆ ਤਾਂ ਬਾਕੀ ਦੇ ਸ਼ੇਰਾਂ ਨੇ ਸੋਚਿਆ ਕਿ ਜਾਂ ਤਾਂ ਉਹ ਹਿਮਾਚਲ ਦੇ ਪਹਾੜਾਂ ਵੱਲ ਨਿਕਲ ਗਿਆ ਹੈ ਤੇ ਜਾਂ ਉਸ ਨੂੰ ਸ਼ਿਕਾਰੀਆਂ ਨੇ ਮਾਰ ਮੁਕਾਇਆ ਹੈ। ਪਰ ਦਸ ਕੁ ਦਿਨਾਂ ਬਾਅਦ ਉਹ ਭਗੌੜਾ ਸ਼ੇਰ ਪਕੜਿਆ ਗਿਆ ਤੇ ਵਾਪਸ ਛੱਤਬੀੜ ਪਹੁੰਚਾ ਦਿੱਤਾ ਗਿਆ। ਦਸਾਂ ਦਿਨਾਂ ਵਿਚ ਹੀ ਉਹ ਖ਼ੂਬ ਹੱਟਾ-ਕੱਟਾ ਹੋ ਗਿਆ ਸੀ। ਜਦੋਂ ਨਾਲ ਦੇ ਸ਼ੇਰਾਂ ਨੇ ਉਸ ਨੂੰ ਪੁੱਛਿਆ ਕਿ ਐਨੇ ਦਿਨ ਕਿੱਥੇ ਰਿਹਾ ਹੈ, ਤਾਂ ਉਸ ਨੇ ਜਵਾਬ ਦਿੱਤਾ ਕਿ ਉਹ ਇਥੋਂ ਭੱਜ ਕੇ ਸਿੱਧਾ ਚੰਡੀਗੜ੍ਹ ਗਿਆ ਤੇ ਪੰਜਾਬ-ਹਰਿਆਣਾ ਸਿਵਲ ਸੈਕਟਰੀਏਟ ਵਿਚ ਲੁੱਕ ਗਿਆ ਸੀ। ਉਸ ਦੀ ਸਿਹਤ ਵੇਖ ਕੇ ਈਰਖਾਲੂ ਸ਼ੇਰਾਂ ਨੇ ਪੁੱਛਿਆ ਕਿ ਉਥੇ ਉਹ ਕੀ ਖਾਂਦਾ-ਪੀਂਦਾ ਰਿਹਾ ਹੈ? ਸ਼ਿਕਾਰ ਤਾਂ ਉਥੇ ਹੈ ਕੋਈ ਨਹੀਂ। ਸ਼ੇਰ ਨੇ ਜਵਾਬ ਦਿੱਤਾ, "ਸੈਕਟਰੀਏਟ ਵਿਚ ਸਾਰੇ ਪਾਸੇ ਬਾਬੂਆਂ ਦੀਆਂ ਧਾੜਾਂ ਫਿਰਦੀਆਂ ਹਨ। ਮੈਂ ਰੋਜ਼ ਚੁੱਪਚਾਪ ਇੱਕ ਬਾਬੂ ਨੂੰ ਪਕੜ ਕੇ ਖਾ ਜਾਂਦਾ ਸੀ।" ਇੱਕ ਤੇਜ਼ ਜਿਹੇ ਸ਼ੇਰ ਨੇ ਠਹਾਕਾ ਮਾਰਿਆ, "ਮਾਮਾ, ਬਾਬੂਆਂ ਨੂੰ ਖਾਣ ਦਾ ਪੰਗਾ ਲੈਣ ਦੀ ਕੀ ਲੋੜ ਸੀ? ਤਾਂ ਈ ਫਸ ਗਿਆ।"

ਸ਼ੇਰ ਨੇ ਸਿਰ ਮਾਰ ਕੇ ਜਵਾਬ ਦਿੱਤਾ, "ਉ ਨਈਂ ਭਰਾ। ਬਾਬੂ ਖਾਣ ਦਾ ਤਾਂ ਕਿਸੇ ਨੂੰ ਕੁਝ ਪਤਾ ਈ ਨਹੀਂ ਸੀ ਲੱਗਿਆ। ਐਨੀ ਭੀੜ ਵਿਚ ਦੋ-ਚਾਰ ਬਾਬੂ ਗਾਇਬ ਹੋਣ ਦਾ ਕਿਸੇ ਨੇ ਕੋਈ ਨੋਟਿਸ ਨਹੀਂ ਸੀ ਲਿਆ। ਮੈਂ ਵੈਸੇ ਵੀ ਉਸ ਬਾਬੂ ਨੂੰ ਖਾਂਦਾ ਸੀ, ਜੋ ਰੱਜ ਕੇ ਭ੍ਰਿਸ਼ਟ ਹੁੰਦਾ ਸੀ ਤੇ ਜਿਸ ਨੂੰ ਸਾਰੇ ਗਾਲ੍ਹਾਂ ਕੱਢਦੇ ਸੀ। ਇਹੋ ਜਿਹੇ ਬੰਦੇ ਦੇ ਗਾਇਬ ਹੋਣ ਨਾਲ ਤਾਂ ਲੋਕ ਸਗੋਂ ਖ਼ੁਸ਼ ਹੀ ਹੁੰਦੇ ਸਨ। ਮੈਂ ਤਾਂ ਆਪਣੀ ਹੀ ਗਲਤੀ ਕਾਰਨ ਪਕੜਿਆ ਗਿਆ।" ਦੂਸਰੇ ਸ਼ੇਰ ਨੇ ਕਾਹਲਾ ਪੈਂਦੇ ਹੋਏ ਕਿਹਾ, "ਫਿਰ ਹੋਇਆ ਕੀ? ਜਲਦੀ ਦੱਸ ਐਵੇਂ ਸਸਪੈਂਸ ਨਾ ਵਧਾਈ ਜਾ।" ਸ਼ੇਰ ਨੇ ਮਨ ਹੀ ਮਨ ਮੋਟੇ ਤਾਜ਼ੇ ਰਸਦਾਰ ਬਾਬੂਆਂ ਨੂੰ ਯਾਦ ਕਰ ਕੇ ਹਾਉਕਾ ਭਰਿਆ ਤੇ ਕਿਹਾ, "ਯਾਰ ਇੱਕ ਦਿਨ ਮੈਂ ਗਲਤੀ ਨਾਲ ਬਾਬੂਆਂ ਨੂੰ ਚਾਹ ਪਾਣੀ ਪਿਆਉਣ ਵਾਲੇ ਮੁੰਡੂ ਨੂੰ ਖਾ ਲਿਆ। ਜਦੋਂ ਬਾਬੂਆਂ ਨੂੰ ਚਾਹ ਨਾ ਮਿਲੀ, ਤਾਂ ਸਾਰੇ ਪਾਸੇ ਹਾਹਾਕਾਰ ਮੱਚ ਗਈ। ਬੱਸ ਫਿਰ ਕੀ ਸੀ? ਤਲਾਸ਼ੀ ਸ਼ੁਰੂ ਹੋ ਗਈ ਤੇ ਮੇਰਾ ਪਤਾ ਲੱਗ ਗਿਆ।"

## ਦਾਦੇ ਦੀ ਤਸਵੀਰ




ਜੱਗੂ ਇੱਕ ਦਿਨ ਇੱਕ ਪ੍ਰਸਿੱਧ ਪੇਂਟਰ ਦੀ ਪ੍ਰਦਰਸ਼ਨੀ ਵੇਖਣ ਲਈ ਗਿਆ। ਉਥੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਵਿਅਕਤੀ ਦੀ ਰਾਜਸੀ ਕੱਪੜਿਆਂ ਵਿਚ ਤਸਵੀਰ ਵਿਕਰੀ ਵਾਸਤੇ ਲੱਗੀ ਹੋਈ ਸੀ। ਜੱਗੂ ਦਾ ਦਿਲ ਉਸ ਨੂੰ ਖਰੀਦਣ ਲਈ ਮਚਲਣ ਲੱਗ ਪਿਆ। ਪੁੱਛਣ 'ਤੇ ਪਤਾ ਲੱਗਾ ਕਿ ਉਸ ਤਸਵੀਰ ਦੀ ਕੀਮਤ ਪੰਜਾਹ ਹਜ਼ਾਰ ਰੁਪਏ ਸੀ ਪਰ ਜੱਗੂ ਦੀ ਜੇਬ ਵਿਚ ਸਿਰਫ ਤੀਹ ਹਜ਼ਾਰ ਰੁਪਏ ਸਨ। ਵਿਚਾਰਾ ਮਨ ਮਸੋਸ ਕੇ ਘਰ ਨੂੰ ਆ ਗਿਆ। ਦੋ ਕੁ ਦਿਨਾਂ ਬਾਅਦ ਉਹ ਆਪਣੇ ਦੋਸਤ ਗੋਲਡੀ ਦੇ ਘਰ ਗਿਆ, ਤਾਂ ਵੇਖਿਆ ਕਿ ਉਹ ਹੀ ਤਸਵੀਰ ਉਸ ਦੇ ਘਰ ਡਰਾਇੰਗ ਰੂਮ ਵਿਚ ਲੱਗੀ ਹੋਈ ਹੈ। ਜੱਗੂ ਨੇ ਅਣਜਾਣ ਜਿਹੇ ਬਣ ਕੇ ਗੋਲਡੀ ਨੂੰ ਪੁੱਛਿਆ ਕਿ ਇਹ ਕਿਸ ਦੀ ਤਸਵੀਰ ਹੈ?

ਗੋਲਡੀ ਨੇ ਅੱਗੋਂ ਪੂਰੇ ਆਤਮ ਵਿਸ਼ਵਾਸ ਨਾਲ ਫੁਕਰੀ ਮਾਰੀ, "ਤੈਨੂੰ ਨਹੀਂ ਪਤਾ? ਇਹ ਤਸਵੀਰ ਮੇਰੇ ਦਾਦਾ ਜੀ ਦੀ ਹੈ। ਉਹ ਅੰਗਰੇਜ਼ ਰਾਜ ਸਮੇਂ ਜ਼ੈਲਦਾਰ ਹੁੰਦੇ ਸੀ।" ਇਹ ਸੁਣ ਕੇ ਜੱਗੂ ਨੇ ਨਿੰਮਾ ਜਿਹਾ ਹੱਸ ਕੇ ਕੁਟਿਲ ਮੁਸਕਾਨ ਨਾਲ ਜਵਾਬ ਦਿੱਤਾ, "ਭਰਾਵਾ ਜੇ ਪਰਸੋਂ ਮੇਰੇ ਕੋਲ ਵੀਹ ਹਜ਼ਾਰ ਰੁਪਏ ਹੋਰ ਹੁੰਦੇ, ਤਾਂ ਇਸ ਨੇ ਮੇਰੇ ਦਾਦਾ ਜੀ ਹੋਣਾ ਸੀ।"

# ਮਜ਼ਦੂਰ ਦਿਵਸ ਦੀ ਮਹੱਤਤਾ ਤੇ ਹਕੀਕਤ

ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969
(Punjab Mail USA)





ਕਿਸੇ ਵੀ ਦਿਵਸ ਨੂੰ ਮਨਾਉਣ ਦੇ ਪਿੱਛੇ ਮੁੱਖ ਕਾਰਨ ਉਸ ਨਾਲ਼ ਜੁੜੀਆਂ ਗਤੀਵਿਧੀਆਂ ਵਿਚ ਸੁਧਾਰ ਲਿਆਕੇ ਉਸ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਸਰਵਪੱਖੀ ਬਣਾਉਣਾ ਹੁੰਦਾ ਹੈ। ਭਾਰਤ ਵਿਚ ਹਰੀ ਕ੍ਰਾਂਤੀ ਦੇ ਮੋਢੀ ਜਾਣੇ ਜਾਂਦੇ ਪ੍ਰੋ. ਐੱਮ.ਐੱਸ. ਸਵਾਮੀਨਾਥਨ ਜੀ ਦੇ ਸ਼ਬਦਾਂ ਅਨੁਸਾਰ ਲੈਬ ਵਿਚ ਕੀਤੀਆਂ ਜਾਂਦੀਆਂ ਖੋਜਾਂ ਨੂੰ ਖ਼ੇਤਾਂ ਵਿਚ ਪਹੁੰਚਾ ਕੇ ਹੀ ਅਸੀਂ ਕਿਸਾਨਾਂ ਅਤੇ ਦੇਸ਼ ਵਾਸੀਆਂ ਦੇ ਸੱਚੇ ਹਮਦਰਦ ਬਣਦੇ ਹੋਏ ਦੇਸ਼ ਭਗਤਾਂ ਦੀ ਮੁੱਢਲੀ ਕਤਾਰ ਵਿਚ ਸ਼ਾਮਲ ਹੋ ਸਕਦੇ ਹਾਂ। ਕਿਸਾਨਾਂ ਦੇ ਨਾਲ-ਨਾਲ ਮਜ਼ਦੂਰਾਂ ਦੀ ਵੀ ਦੇਸ਼ ਦੀ ਆਰਥਿਕਤਾ ਵਿਚ ਆਪਣੀ ਭੂਮਿਕਾ ਹੈ। ਕਿਸਾਨਾਂ ਵਾਂਗ ਮਜ਼ਦੂਰ ਵੀ ਦੇਸ਼ ਲਈ ਰੀੜ੍ਹ ਦੀ ਹੱਡੀ ਦਾ ਕੰਮ ਕਰਦੇ ਹਨ। ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕਾਂ, ਅਧਿਕਾਰਾਂ ਅਤੇ ਸਰਕਾਰਾਂ ਵੱਲੋਂ ਮਜ਼ਦੂਰਾਂ ਦੇ ਹਿੱਤਾਂ ਲਈ ਚਲਾਈਆਂ ਜਾਂਦੀਆਂ ਯੋਜਨਾਵਾਂ ਨੂੰ ਉਨ੍ਹਾਂ ਤੱਕ ਪਹੁੰਚਾਉਣ ਲਈ ਮਜ਼ਦੂਰ ਦਿਵਸ਼ ਦਾ ਮਹੱਤਵਪੂਰਨ ਯੋਗਦਾਨ ਹੈ ਪਰ ਇਹ ਮਜ਼ਦੂਰ ਦਿਵਸ਼ ਹਮੇਸ਼ਾ ਹੀ ਖ਼ੁਸ਼ੀ ਵਿਚ ਨਹੀਂ ਮਨਾਇਆ ਗਿਆ। ਇਹ ਮਜ਼ਦੂਰ ਦਿਵਸ਼ ਕੁਰਬਾਨੀਆਂ, ਜਜ਼ਬੇ, ਹੌਂਸਲੇ ਅਤੇ ਸ਼ਹਾਦਤਾਂ ਵਿਚੋਂ ਉਪਜਿਆ ਹੈ, ਇਹ ਬਲੀਦਾਨ ਦਾ ਪ੍ਰਤੀਕ ਹੈ।

ਇਤਿਹਾਸ ਦੇ ਝਰੋਖੇ ਵਿਚੋਂ ਦੇਖਿਆ ਜਾਵੇ, ਤਾਂ 1986 ਵਿਚ ਅਮਰੀਕਾ ਦੇ ਸ਼ਿਕਾਗੋ ਵਿਚ ਇਸ ਦੀ ਸ਼ੁਰੂਆਤ ਹੋਈ। ਮਜ਼ਦੂਰਾਂ ਨੇ ਅੱਠ ਘੰਟੇ ਕੰਮ ਕਰਨ ਨੂੰ ਪਹਿਲ ਦਿੱਤੀ ਅਤੇ ਇਸ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਦਾ ਰਾਹ ਅਪਣਾਇਆ ਪਰ ਕਾਰਪੋਰੇਟ ਨੇ ਪੂਰਾ ਜ਼ੋਰ ਲਗਾਇਆ ਕਿ ਅੰਦੋਲਨ ਨੂੰ ਦਬਾਇਆ ਜਾਵੇ, ਮਜ਼ਦੂਰਾਂ ਦੇ ਬੁਲੰਦ ਹੌਂਸਲਿਆਂ ਦੇ ਸਾਹਮਣੇ ਪੂੰਜੀਵਾਦ ਦੀ ਇੱਕ ਨਾ ਚੱਲੀ ਅਤੇ ਅੰਤ ਵਿਚ ਕੰਮ ਕਰਨ ਦੇ ਅੱਠ ਘੰਟੇ ਨਿਸ਼ਚਿਤ ਹੋਏ। ਭਾਰਤ ਵਿਚ ਮਜ਼ਦੂਰ ਦਿਵਸ ਦੀ ਸ਼ੁਰੂਆਤ 1 ਮਈ 1923 ਵਿਚ ਚੇਨੱਈ ਵਿਚ ਹੋਈ, ਜਿਸਨੂੰ ਪਹਿਲਾਂ ਚੇਨਈ ਦਿਵਸ ਦਾ ਨਾਮ ਵੀ ਦਿੱਤਾ ਗਿਆ। ਇਸ ਨੂੰ ਭਾਰਤ ਵਿਚ ਮਨਾਉਣ ਦਾ ਸਿਹਰਾ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਆਗੂ ਕਾਮਰੇਡ ਸਿੰਗਰਾਵੇਲ ਚੇਟਿਅਰ ਦੇ ਸਿਰ ਬੱਝਦਾ ਹੈ। ਇਸ ਪ੍ਰਕਾਰ ਅਮਰੀਕਾ ਦੀਆਂ ਬਰੂਹਾਂ ਤੋਂ ਚੱਲਦਾ ਹੋਇਆ ਮਜ਼ਦੂਰ ਦਿਵਸ ਹੁਣ ਪੂਰੀ ਦੁਨੀਆਂ ਵਿਚ ਮਨਾਇਆ ਜਾਂਦਾ ਹੈ।

ਮਜ਼ਦੂਰ ਦਿਵਸ ਜਾਂ ਮਈ ਦਿਵਸ ਨੂੰ ਮਨਾਉਣ ਦਾ ਮੁੱਖ ਕਾਰਨ ਮਜ਼ਦੂਰ ਨੂੰ ਆਪਣੇ ਹੱਕਾਂ ਲਈ ਇਕਜੁੱਟ ਹੋਣ ਦਾ ਸੱਦਾ ਦਿੰਦਾ ਹੈ। ਜਾਤ, ਮਜ਼੍ਹਬ ਦਾ ਭੇਦਭਾਵ ਮਿਟਾਕੇ ਬਰਾਬਰ ਸਮੇਂ ਲਈ ਬਰਾਬਰ ਤਨਖਾਹ ਦਾ ਪੈਗਾਮ ਦਿੰਦਾ ਹੈ। ਮਜ਼ਦੂਰਾਂ ਨੂੰ ਸਮੇਂ ਸਿਰ ਤਨਖਾਹ ਦੇਣਾ, ਉਨ੍ਹਾਂ ਦੇ ਪਰਿਵਾਰਾਂ ਦੀ ਦੇਖਭਾਲ ਕਰਨਾ ਇਸ ਵਿਚ ਸ਼ਾਮਲ ਹਨ।

ਉਦਯੋਗਾਂ, ਕਾਰਖਾਨਿਆਂ ਅਤੇ ਇਸ ਨਾਲ ਲੱਗਦੇ ਹੋਰ ਕਈ ਪ੍ਰਕਾਰ ਦੇ ਖੇਤਰਾਂ ਵਿਚ ਮਜ਼ਦੂਰਾਂ ਦੀ ਮਿਹਨਤ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਮਜ਼ਦੂਰ ਆਪਣੀ ਮਿਹਨਤ ਵੇਚਦੇ ਹਨ, ਭੁੱਖ, ਪਿਆਸ ਵਿਚ ਰਹਿ ਕੇ ਕਿਰਤ ਕਰਦੇ ਹਨ ਪਰ ਫ਼ਿਰ ਵੀ ਕਾਰਪੋਰੇਟ ਦੀਆਂ ਮਜ਼ਦੂਰ ਮਾਰੂ ਨੀਤੀਆਂ ਦੇ ਹਮੇਸ਼ਾ ਸ਼ਿਕਾਰ ਹੁੰਦੇ ਰਹੇ ਹਨ।

ਅਜੋਕਾ ਸਮਾਂ ਜਦੋਂ ਅਸੀਂ ਡਿਜੀਟਲ ਭਾਰਤ ਦੀ ਗੱਲ ਕਰਦੇ ਹਾਂ, ਚੰਨ ਤੇ ਪੁਲਾੜ ਖ਼ਰੀਦਣ ਅਤੇ ਮੰਗਲ 'ਤੇ ਕਾਲੋਨੀਆਂ ਵਸਾਉਣ ਦੇ ਸੁਪਨੇ ਲਏ ਰਹੇ ਹਾਂ, ਉਸ ਸਮੇਂ ਮਜ਼ਦੂਰ ਦੋ ਵਕਤ ਦੀ ਰੋਟੀ ਲਈ ਸੰਘਰਸ਼ ਦਾ ਰਾਹ ਪੱਧਰਾ ਕਰ ਰਿਹਾ ਹੈ।

ਮਜ਼ਦੂਰ ਦਿਵਸ਼ ਨੂੰ ਮਨਾਉਣ ਦਾ ਮੁੱਖ ਕਾਰਨ ਮਜ਼ਦੂਰਾਂ ਦੀ ਜ਼ਿੰਦਗੀ ਵਿਚ ਸੁਧਾਰ ਲਿਆਉਣਾ ਹੈ, ਉਨ੍ਹਾਂ ਨੂੰ ਵੀ ਬਾਕੀ ਨਾਗਰਿਕਾਂ ਵਾਂਗ ਬਰਾਬਰੀ ਦਾ ਹੱਕ ਦੇਣਾ ਹੈ, ਤਾਂ ਜੋ ਮਜ਼ਦੂਰ ਦਿਵਸ ਨੂੰ ਮਨਾਉਣ ਦਾ ਮਕਸਦ ਪੂਰਾ ਹੋ ਸਕੇ।

# ਜਿਨ੍ਹਾਂ 'ਤੇ ਮਾਣ ਪੰਜਾਬੀਆਂ ਨੂੰ

ਗੁਰਮੀਤ ਪਲਾਹੀ
# ਮੋਬਾਈਲ : 98158-02070
E-mail : gurmitpalahi@yahoo.com
(Punjab Mail USA)



ਪੰਜਾਬੀ ਖੋਜੀ ਸੁਭਾਅ ਦੇ ਮਾਲਕ ਹਨ, ਦੁਨੀਆਂ ਦੇ ਜਿਸ ਖਿੱਤੇ 'ਚ ਵੀ ਉਨ੍ਹਾਂ ਪੈਰ ਧਰਿਆ, ਨਵੇਂ ਦਿਸਹੱਦੇ ਸਿਰਜੇ। ਰੱਜਕੇ ਕਮਾਈ ਕੀਤੀ, ਬੀਤਿਆ ਯਾਦ ਕਰਕੇ, ਉਨ੍ਹਾਂ ਸੁਪਨਿਆਂ ਨੂੰ ਸਕਾਰ ਕੀਤਾ, ਜਿਨ੍ਹਾਂ ਤੋਂ ਊਣੇ ਉਨ੍ਹਾਂ ਆਪਣੀ ਜਨਮ ਭੂਮੀ ਨੂੰ ਚੰਗੇ ਭਵਿੱਖ ਲਈ ਜਾਂ ਮਜਬੂਰੀ ਵੱਸ ਛੱਡਿਆ ਸੀ।

ਮਿਲਦੇ ਰਿਕਾਰਡ ਅਨੁਸਾਰ 6 ਅਪ੍ਰੈਲ 1999 ਨੂੰ ਚਾਰ ਸਿੱਖਾਂ ਨੂੰ ਯੂ.ਐੱਸ.ਏ. ਦੀ ਸਰਕਾਰ ਨੇ ਕੈਲੀਫੋਰਨੀਆ 'ਚ ਵੜਨ ਦੀ ਆਗਿਆ ਦਿੱਤੀ ਸੀ। ਇਹ ਚਾਰੇ ਸਿੱਖ ਪੰਜਾਬ ਦੇ ਬਾਸ਼ਿੰਦੇ ਸਨ, ਜਿਹੜੇ ਆਪਣੀ ਮੰਦੀ ਆਰਥਿਕ ਸਥਿਤੀ ਦੇ ਚਲਦਿਆਂ ਘਰੋਂ ਨਿਕਲੇ ਸਨ।

ਅੱਜ ਹਜ਼ਾਰਾਂ ਦੀ ਗਿਣਤੀ 'ਚ ਪੰਜਾਬੀ ਖੁਸ਼ਹਾਲ ਧਰਤੀ ਕੈਲੀਫੋਰਨੀਆ ਦੇ ਪੱਕੇ ਵਸਨੀਕ ਹਨ। ਪੰਜਾਬੀਆਂ ਦੇ ਆਪਣੇ ਕਾਰੋਬਾਰ ਹਨ। ਚੰਗੀਆਂ ਨੌਕਰੀਆਂ ਹਨ। ਸਿਆਸੀ ਤੌਰ 'ਤੇ ਉਹ ਚੇਤੰਨ ਹਨ। ਆਪੋ-ਆਪਣੇ ਧਾਰਮਿਕ ਅਕੀਦਿਆਂ ਨੂੰ ਮਨ 'ਚ ਧਾਰਕੇ, ਸਮਾਜ ਸੁਧਾਰ ਦੇ ਕੰਮਾਂ 'ਚ ਲੀਨ ਕਰਕੇ ਇਹ ਪੰਜਾਬੀ ਜੀਊੜੇ, ਸਥਾਨਕ ਲੋਕਾਂ ਨਾਲ ਜੁੜਕੇ ਇਥੋਂ ਦੀਆਂ ਸੱਭਿਆਚਾਰਕ ਰਹੁ-ਰੀਤਾਂ ਦਾ ਧਿਆਨ ਰੱਖਦਿਆਂ, ਆਪਣੀ ਮਾਂ ਬੋਲੀ, ਆਪਣੇ ਧਰਮ, ਆਪਣੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਦਿਲੋਂ, ਮਨੋਂ ਸਮਰਪਿਤ ਹਨ। ਇਨ੍ਹਾਂ ਵਿਚੋਂ ਕੁਝ ਇੱਕ ਦੀ ਜਾਣ ਪਛਾਣ ਕਰਾਉਣ ਦੀ ਖੁਸ਼ੀ ਲੈ ਰਹੇ ਹਾਂ:-

## ਪੰਜਾਬ ਨੂੰ ਪ੍ਰਣਾਇਆ- ਰਾਜ ਭਨੋਟ



ਸੱਤਰ ਵਰ੍ਹੇ ਪਾਰ ਕਰ ਚੁੱਕਿਆ ਰਾਜ ਭਨੋਟ ਪਿਛਿਓਂ ਦੁਆਬੇ ਦੇ ਦਿਲ ਕਸਬੇ ਔੜ ਦਾ ਵਸਨੀਕ ਹੈ। ਖੁੱਲ੍ਹੇ-ਡੁੱਲੇ, ਦਿਲ ਖਿੱਚਵੇਂ ਅੰਦਾਜ਼ 'ਚ ਸਭ ਨੂੰ ਪਿਆਰਨ ਵਾਲਾ ਸੱਚੇ ਮਨੋਂ "ਪੰਜਾਬੀ" ਰਾਜ ਭਨੋਟ ਆਪਣੇ ਧਰਮ, ਆਪਣੇ ਮਾਂ-ਬੋਲੀ ਅਤੇ ਸਭ ਤੋਂ ਵੱਧ ਆਪਣੇ ਪਿਆਰੇ ਪੰਜਾਬ ਨੂੰ ਪਿਆਰ ਕਰਨ ਵਾਲਾ ਭਨੋਟ ਜਨਮ ਭੂਮੀ ਤੋਂ 1981 'ਚ ਅਮਰੀਕਾ ਆਇਆ।

ਕਾਫ਼ੀ ਵਰ੍ਹੇ ਉਹ ਅਮਰੀਕਾ ਦੇ ਸਰਕਾਰੀ ਇਹੋ ਜਿਹੇ ਅਦਾਰਿਆਂ 'ਚ ਕੰਮ ਕਰਦਾ ਰਿਹਾ, ਜਿਹੜੇ ਹੋਰ ਸਰਕਾਰੀ ਮਹਿਕਮਿਆਂ, ਸੰਸਥਾਵਾਂ ਨੂੰ ਗਿਣਨਾ-ਮਿਣਨਾ ਅਤੇ ਫਿਰ ਪੈਸੇ ਦੀ ਸਹੀ ਵਰਤੋਂ ਕਰਨਾ ਸਿਖਾਉਂਦੇ ਹਨ। ਉਹ ਕਿੱਤੇ ਵਜੋਂ ਚਾਰਟਿਡ ਅਕਾਊਟੈਂਟ ਹੈ। ਅਮਰੀਕਾ ਆਕੇ ਉਹ ਨੌਕਰੀ ਕਰਦਿਆਂ ਨਾਲ-ਨਾਲ ਪੰਜਾਬੀ ਤੇ ਹੋਰ ਭਾਰਤੀ ਭਾਈਚਾਰਿਆਂ ਨਾਲ ਜੁੜਕੇ ਆਪਣੇ ਮਨ ਦੀ ਸ਼ਰਧਾ ਅਤੇ ਲੋਕਾਂ ਦੀ ਵੱਡੀ ਮੰਗ ਅਨੁਸਾਰ, ਉਸਨੇ ਉੱਤਰੀ, ਦੱਖਣੀ ਭਾਰਤੀਆਂ ਦੀ ਧਾਰਮਿਕ ਆਸਥਾ ਪੂਰੀ ਕਰਨ ਲਈ ਉਹ ਮੰਦਰ ਦੀ ਉਸਾਰੀ ਨਾਲ ਜੁੜਿਆ, ਇੱਕ ਸਾਂਝਾ ਟਰੱਸਟ ਬਣਾਇਆ, ਧੰਨ ਇਕੱਤਰ ਕਰਕੇ ਹਿੰਦੂ ਪ੍ਰੰਪਰਾਵਾਂ ਅਨੁਸਾਰ ਇਹੋ ਜਿਹਾ ਮੰਦਰ ਸੰਸਾਰ ਸਿਰਜਿਆ ਕਿ ਅਮਰੀਕਾ ਦੇ ਦੂਰ ਨੇੜੇ ਦੇ ਸ਼ਹਿਰਾਂ, ਕਸਬਿਆਂ ਦੇ ਲੋਕ ਸ਼ਰਧਾ ਨਾਲ ਇਸ ਪਵਿੱਤਰ ਮੰਦਰ ਦੇ ਦਰਸ਼ਨ ਕਰਨ ਆਉਂਦੇ ਹਨ। ਇਹ ਸੈਨਹੋਜ਼ੇ ਦਾ ਹਿੰਦੂ ਟੈਂਪਲ ਹੈ। ਰਾਜ ਭਨੋਟ ਕੈਲੀਫੋਰਨੀਆ ਦੇ ਸ਼ਹਿਰ ਸੈਨਹੋਜ਼ੇ ਦੇ ਇਸ ਹਿੰਦੂ ਟੈਂਪਲ ਦਾ ਫਾਊਂਡਰ ਮੈਂਬਰ ਹੈ। ਉਸਨੇ ਸੁੰਦਰ ਮੰਦਰ ਦੇ ਨਾਲ ਕਮਿਊਨਿਟੀ ਸੈਂਟਰ ਦੀ ਉਸਾਰੀ ਕਰਵਾਈ, ਜੋ ਇਸ ਖਿੱਤੇ ਦੇ ਸਭ ਤੋਂ ਵੱਡੇ ਕਮਿਊਨਿਟੀ ਸੈਂਟਰਾਂ 'ਚ ਸ਼ਾਮਲ ਹੈ, ਜਿਥੇ ਸਮੇਂ-ਸਮੇਂ ਭਾਰਤ ਤੋਂ ਸਿਆਸੀ ਲੋਕ, ਧਾਰਮਿਕ ਹਸਤੀਆਂ, ਫਿਲਮੀ ਹਸਤੀਆਂ ਅਤੇ ਗਾਇਕ ਆਉਂਦੇ ਰਹੇ। ਹਿੰਦੂ ਪ੍ਰੰਪਰਾਵਾਂ ਅਨੁਸਾਰ ਇਥੇ ਦੀਵਾਲੀ, ਹੋਲੀ ਅਤੇ ਸੱਭਿਆਚਾਰਕ ਪ੍ਰੋਗਰਾਮ ਤੀਆਂ ਆਦਿ ਦੇ ਪ੍ਰੋਗਰਾਮ ਹੁੰਦੇ ਹਨ। ਰਾਜ ਭਨੋਟ ਸਿਰਫ਼ ਹਿੰਦੂ ਭਾਈਚਾਰੇ ਨਾਲ ਹੀ ਨਹੀਂ, ਸਿੱਖ ਭਾਈਚਾਰੇ ਨਾਲ ਵੀ ਉਤਨਾ ਹੀ ਜੁੜਿਆ ਹੋਇਆ ਹੈ ਅਤੇ ਗੁਰੂ ਘਰ ਸੈਨਹੋਜ਼ੇ ਅਤੇ ਹੋਰ ਗੁਰੂ ਘਰਾਂ 'ਚ ਕੀਤੇ ਜਾਂਦੇ ਸਮਾਗਮਾਂ ਅਤੇ ਕਮਿਊਨਿਟੀ ਸਮਾਗਮਾਂ 'ਚ ਵੱਧ-ਚੜ੍ਹ ਕੇ ਹਿੱਸਾ ਲੈਂਦਾ ਹੈ।

ਮਨੁੱਖ ਦੀ ਇਹ ਪ੍ਰਵਿਰਤੀ ਹੈ, ਖ਼ਾਸ ਤੌਰ 'ਤੇ ਚੇਤੰਨ ਮਨੁੱਖ ਦੀ ਕਿ ਉਹ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਵੀ ਨਿਭਾਉਂਦਾ ਹੈ, ਤਾਂ ਕਿ ਲੋੜਵੰਦਾਂ ਦੀ ਮਦਦ ਹੋ ਸਕੇ ਅਤੇ ਨਾਲ ਉਹ ਆਪਣੀ ਮਾਨਸਿਕ ਸੰਤੁਸ਼ਟੀ ਲਈ ਮਨੁੱਖਤਾ ਦੇ ਹਿੱਤ 'ਚ ਕੰਮ ਕਰ ਸਕਣ।



ਰਾਜ ਭਨੋਟ ਇੱਕ ਅਜਿਹੇ ਸਾਂਝੇ ਬਿੰਬ ਨੂੰ ਮਨ 'ਚ ਸਮੋਈ ਬੈਠਾ ਹੈ, ਜਿਹੜਾ ਵਿਸ਼ਵ ਵਿਆਪੀ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਧਾਰਮਿਕ ਸਹਿਹੋਂਦ ਲਈ ਪ੍ਰਯਤਨਸ਼ੀਲ ਹੈ। ਪੰਜਾਬ ਦੇ ਰਿਸ਼ੀਆਂ, ਮੁਨੀਆਂ, ਗੁਰੂਆਂ, ਪੀਰਾਂ, ਪਗੰਬਰਾਂ ਦੀ ਧਰਤੀ ਦਾ ਮਾਣ ਰਾਜ ਭਨੋਟ ਅਜਿਹਾ ਹਲਵਾਹਕ ਹੈ, ਜਿਸ ਦੇ ਮਨ 'ਚ ਮਨੁੱਖਤਾ ਲਈ ਤੜਪ ਹੈ, ਲੋੜਵੰਦਾਂ ਦੀ ਮਦਦ ਕਰਨ ਦੀ ਜਗਿਆਸਾ ਹੈ ਅਤੇ ਸਭ ਤੋਂ ਵੱਧ ਆਪਸੀ ਪ੍ਰੇਮ-ਪਿਆਰ ਵਧਾਉਣ ਦੀ ਲਲਕ ਹੈ।

ਰਾਜ ਭਨੋਟ ਆਪਣੀ ਪਤਨੀ ਅਤੇ ਆਪਣੇ ਬੱਚਿਆਂ ਸਮੇਤ ਕਾਰੋਬਾਰ ਕਰਦਿਆਂ ਸੈਨਹੋਜ਼ੇ ਵਿਖੇ ਨਿਵਾਸ ਕਰਦਾ ਹੈ ਅਤੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਭਾਰਤ ਦੀ ਸਰਕਾਰ ਨਾਲ ਲਗਾਤਾਰ ਰਾਬਤਾ ਰੱਖ ਰਿਹਾ ਹੈ। ਉਸਨੂੰ ਮਾਣ ਹੈ ਕਿ ਉਸਨੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਿਲੀਕੋਨ ਵੈਲੀ ਸੈਨਹੋਜ਼ੇ ਦੌਰੇ ਸਮੇਂ, ਜਿਸ 'ਚ ਬੱਤੀ ਹਜ਼ਾਰ ਲੋਕਾਂ ਨੇ ਸ਼ਿਰਕਤ ਕੀਤੀ, ਮੁੱਖ ਪ੍ਰਬੰਧਕ ਦੇ ਤੌਰ 'ਤੇ ਕਾਰਜ ਕੀਤਾ।

ਰਾਜ ਭਨੋਟ ਇਹੋ ਜਿਹੀ ਸ਼ਖ਼ਸੀਅਤ ਹੈ, ਜਿਹੜਾ ਪੰਜਾਬੀ ਭਾਈਚਾਰੇ 'ਚ ਹੀ ਨਹੀਂ, ਦੱਖਣੀ ਭਾਰਤ ਦੇ ਲੋਕਾਂ 'ਚ ਇੱਕ ਪਰਵਾਨਿਆ ਨਾਂਅ ਹੈ। ਜਿਸਦੇ ਮਨ 'ਚ ਭਾਰਤੀ ਸੱਭਿਆਚਾਰ ਦੇ ਵੱਖ-ਵੱਖ ਰੰਗਾਂ ਨੂੰ ਇੱਕ-ਮਿੱਕ ਕਰਨ ਲਈ ਧੁਨ ਹੈ। ਇਸੇ ਸੁਪਨੇ ਨੂੰ ਸਾਕਾਰ ਕਰਨ ਲਈ ਉਹ ਸਦਾ ਤਤਪਰ ਹੈ। ਜ਼ਿੰਦਾ ਦਿਲ ਇਨਸਾਨ ਰਾਜ ਭਨੋਟ ਲੋਕਾਂ ਦੇ ਦਿਲਾਂ 'ਤੇ 'ਰਾਜ' ਕਰਦਾ, ਨਿੱਤ ਦਿਹਾੜੇ ਪਿਆਰ 'ਤੇ ਸਾਂਝ ਦੀਆਂ ਤੰਦਾਂ ਪਾਉਂਦਾ, ਉਹ ਮਾਣ ਨਾਲ ਆਖਦਾ ਹੈ, "ਮੈਂ ਪੰਜਾਬੀ ਹਾਂ, ਸ਼ੁੱਧ ਪੰਜਾਬੀ, ਪਰ ਮੈਨੂੰ ਆਪਣੇ ਦੇਸ਼ ਭਾਰਤ 'ਤੇ ਮਾਣ ਹੈ।"

ਇਹੋ ਜਿਹੀ ਸ਼ਖ਼ਸੀਅਤ ਉਤੇ ਆਖ਼ਿਰ ਕਿਹੜਾ ਪੰਜਾਬੀ ਮਾਣ ਨਹੀਂ ਕਰੇਗਾ, ਜੋ ਪੁਲ ਬਣਕੇ ਦੇਸੀ-ਵਿਦੇਸ਼ੀ ਲੋਕਾਂ ਨਾਲ ਕੰਮ ਕਰਕੇ ਆਪਣੇ ਭਾਈਚਾਰੇ ਦਾ ਮਾਣ ਵਧਾ ਰਿਹਾ ਹੈ।

## ਪੰਜਾਬੀਆਂ ਦੀ ਨਵੀਂ ਪੀੜ੍ਹੀ ਦਾ ਗੌਰਵ- ਮਿੱਕੀ ਹੋਠੀ

ਭਾਰਤ ਪਿੱਠ ਭੂਮੀ ਵਾਲੇ ਮਿੱਕੀ ਹੋਠੀ ਨੂੰ ਕੈਲੀਫੋਰਨੀਆ ਦੇ ਸ਼ਹਿਰ ਲੋਡਾਈ ਦਾ ਸਰਬਸੰਮਤੀ ਨਾਲ ਪਹਿਲਾ ਸਿੱਖ ਮੇਅਰ ਬਣਨ ਦਾ ਮਾਣ ਹਾਸਲ ਹੋਇਆ ਹੈ। ਕਿਸੇ ਵੀ ਸ਼ਹਿਰ ਦਾ ਮੇਅਰ ਬਣਨਾ ਕਿਸੇ ਵੀ ਸ਼ਖ਼ਸੀਅਤ ਦੀ ਵੱਡੀ ਪ੍ਰਾਪਤੀ ਗਿਣੀ ਜਾਂਦੀ ਹੈ। ਮਿੱਕੀ ਹੋਠੀ "ਲੋਡਾਈ" ਸ਼ਹਿਰ ਦਾ 117ਵਾਂ ਮੇਅਰ ਚੁਣਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਲੋਡਾਈ ਸ਼ਹਿਰ ਇੱਕ ਵਧੀਆ ਸ਼ਹਿਰ ਹੈ, ਜਿਥੇ ਪੜ੍ਹੇ-ਲਿਖੇ, ਮਿਹਨਤੀ ਅਤੇ ਚੰਗੇ ਸੱਭਿਆਚਾਰ ਵਾਲੇ ਲੋਕ ਵਸਦੇ ਹਨ ਅਤੇ ਇਹ ਕੈਲੀਫੋਰਨੀਆ 'ਚ ਇੱਕ ਸੁਰੱਖਿਅਤ ਸ਼ਹਿਰ ਹੈ।

ਹੋਠੀ ਨੇ 2008 'ਚ "ਟੋਕੇ ਹਾਈ ਸਕੂਲ" ਤੋਂ ਗ੍ਰੇਜੂਏਸ਼ਨ ਕੀਤੀ। ਪਹਿਲੀ ਵਾਰ ਉਹ 67,021 ਆਬਾਦੀ ਵਾਲੇ ਸ਼ਹਿਰ ਲੋਡਾਈ ਦਾ ਸਾਲ 2020 'ਚ ਮਿਊਂਸਪਲ ਕਮਿਸ਼ਨਰ ਚੁਣਿਆ ਗਿਆ। ਧਾਰਮਿਕ ਬਿਰਤੀ ਵਾਲੇ ਚੰਗੇ ਪੜ੍ਹੇ-ਲਿਖੇ ਹੋਠੀ ਵਲੋਂ ਆਪਣੇ ਪਰਿਵਾਰ ਅਤੇ ਸਿੱਖ ਭਾਈਚਾਰੇ ਦੀ ਪ੍ਰੇਰਨਾ ਸਦਕਾ ਆਰਮਸਰੌਂਗ ਰੋਡ, ਹੋਠੀ ਵਿਖੇ ਗੁਰੂ ਘਰ ਦੀ ਸਥਾਪਨਾ 'ਚ ਵੱਡੀ ਭੂਮਿਕਾ ਨਿਭਾਈ।

ਮਿੱਕੀ ਹੋਠੀ ਨੇ ਆਪਣੀ ਪੜ੍ਹਾਈ ਬੀ.ਏ. ਪੁਲੀਟੀਕਲ ਸਾਇੰਸ ਪੂਰੀ ਕਰਨ ਉਪਰੰਤ ਲੋਡਾਈ ਸ਼ਹਿਰ ਨੂੰ ਵਧੀਆ, ਰਹਿਣ ਯੋਗ, ਸੁਰੱਖਿਅਤ ਬਨਾਉਣ ਲਈ ਵਿਸ਼ੇਸ਼ ਰੁਚੀ ਲਈ। ਸ਼ਹਿਰ ਦੇ ਕਈ ਮਹੱਤਵਪੂਰਨ ਅਹੁਦਿਆਂ 'ਤੇ ਵਿਸ਼ੇਸ਼ ਭੂਮਿਕਾ ਨਿਭਾਈ।

ਹੋਠੀ ਦਾ ਪਰਿਵਾਰ ਪੰਜਾਬ ਤੋਂ ਹੈ। ਉਸਦੇ ਪਰਿਵਾਰਕ ਮੈਂਬਰ ਸਮੇਤ ਮਿੱਕੀ ਹੋਠੀ ਦੇ ਆਪਣੇ ਕਾਰੋਬਾਰ ਕਰਦੇ ਹਨ ਅਤੇ ਲੋਡੋਈ ਸ਼ਹਿਰ ਦੀ ਤਰੱਕੀ ਅਤੇ ਪਸਾਰੇ ਲਈ ਵਚਨਬੱਧ ਹਨ।

# ਪਰਿਵਾਰਕ ਅਣਬਣ ਬੱਚਿਆਂ ਲਈ ਘਾਤਕ

ਘਰ ਦੇ ਵੱਡਿਆਂ ਦੀ ਆਪਸੀ ਅਣਬਣ ਦੇ ਕਾਰਨ ਬਣੇ ਪ੍ਰੇਸ਼ਾਨ ਕਰਨ ਵਾਲੇ ਪਰਿਵਾਰਕ ਵਾਤਾਰਵਨ ਵਿਚ ਬੱਚੇ ਸੁੱਖ ਦਾ ਸਾਹ ਨਹੀਂ ਲੈ ਸਕਦੇ। ਬੱਚਿਆਂ ਨੂੰ ਆਪਣਾ ਵਰਤਮਾਨ ਇੰਨਾ ਉਲਝਣ ਭਰਿਆ ਲੱਗਣ ਲੱਗਦਾ ਹੈ ਕਿ ਉਨ੍ਹਾਂ ਦਾ ਮਨ ਆਉਣ ਵਾਲੇ ਸਮੇਂ 'ਚ ਜੋ ਆਸ਼ਾਵਾਂ ਉਨ੍ਹਾਂ ਦੇ ਮਨ 'ਚ ਉਗਮਣੀਆਂ ਹਨ, ਉਨ੍ਹਾਂ ਤੋਂ ਵੀ ਵਿਰਵਾ ਹੋ ਜਾਂਦਾ ਹੈ। ਉਹ ਇਕੱਲੇਪਨ ਦੇ ਆਦੀ ਹੋ ਜਾਂਦੇ ਹਨ।

ਇਨ੍ਹਾ ਦਿਨਾਂ 'ਚ ਅਮਰੀਕਾ ਦੀ ਵਿਸਕਾਨਸਿਨ ਮੈਡੀਸਨ ਯੂਨੀਵਰਸਿਟੀ ਨੇ ਇੱਕ ਖੋਜ ਛਾਪੀ ਹੈ। ਇਸ ਖੋਜ ਅਨੁਸਾਰ ਜਿਹੜੇ ਬੱਚੇ ਅਸਥਿਰ ਪਰਿਵਾਰਾਂ ਵਿਚ ਵੱਡੇ ਹੁੰਦੇ ਹਨ, ਉਨ੍ਹਾਂ ਦੇ ਸੁਭਾਅ ਅਤੇ ਵਰਤਾਓ ਵਿਚ ਚਿੰਤਾ, ਤਨਾਅ ਦਿੱਸਦਾ ਹੈ। ਉਨ੍ਹਾਂ 'ਚ ਆਤਮ ਨਿਰਭਰਤਾ 'ਚ ਕਮੀ ਆ ਜਾਂਦੀ ਹੈ। ਖੋਜ ਇਹ ਵੀ ਕਹਿੰਦੀ ਹੈ ਕਿ ਬੱਚਿਆਂ ਦੇ ਵਿਕਾਸ ਵਿਚ, ਮਾਂ-ਪਿਓ ਦੇ ਉਦਾਸ ਰਹਿਣ ਦਾ ਅਸਰ ਪੈਂਦਾ ਹੈ। ਉਦਾਸ ਮਾਂ-ਪਿਓ ਨਾਲ ਰਹਿਣਾ, ਅਸਥਿਰ ਅਤੇ ਘਰੇਲੂ ਰੌਲੇ-ਰੱਪੇ ਵਾਲੇ ਮਾਹੌਲ ਵਿਚ ਜੀਊਣਾ, ਪਰਿਵਾਰ ਵਿਚ ਅਣਬਣ ਵੇਖਣਾ, ਇਹ ਸਭ ਕੁਝ ਉਨ੍ਹਾਂ ਦੀ ਪੜ੍ਹਾਈ 'ਤੇ ਅਸਰ ਤਾਂ ਪਾਉਂਦਾ ਹੀ ਹੈ, ਉਸ ਵਿਚ ਮਾਨਵੀ ਗੁਣ ਵੀ ਮਨਫ਼ੀ ਹੋ ਜਾਂਦੇ ਹਨ। ਕਿੰਨਾ ਦੁਖਾਂਤ ਹੈ ਕਿ ਬੱਚੇ ਇੱਕ ਅਧੂਰੇ ਵਿਅਕਤੀਤਵ ਦੇ ਰੂਪ 'ਚ ਵੱਡੇ ਹੁੰਦੇ ਹਨ। ਇਹ ਉਨ੍ਹਾਂ ਵਿਚ ਨਾਂਹ-ਪੱਖੀ ਸੋਚ ਦੀ ਬਹੁਤਾਤ ਪੈਦਾ ਕਰਦਾ ਹੈ।

ਪਤੀ-ਪਤਨੀ 'ਚ ਝਗੜਾ ਬੱਚੇ ਦੇ ਮਨ 'ਚ ਡਰ ਪੈਦਾ ਕਰਦਾ ਹੈ। ਕਈ ਸ਼ੰਕੇ ਉਹਦੇ ਬਾਲ ਮਨ 'ਚ ਇਕੱਠੇ ਹੁੰਦੇ ਜਾਂਦੇ ਹਨ। ਪਤੀ-ਪਤਨੀ ਵਿਚਲਾ ਤਣਾਅ ਵਾਲਾ ਮਾਹੌਲ ਬੱਚੇ ਦੇ ਸੁਭਾਅ ਨੂੰ ਖੰਡਿਤ ਕਰਦਾ ਹੈ। ਅਸੁਰੱਖਿਆ ਦੀ ਭਾਵਨਾ ਉਨ੍ਹਾਂ 'ਚ ਵਧਦੀ ਹੈ। ਘਰ ਵਿਚ ਕਿਹੋ ਜਿਹੇ ਵੀ ਹਾਲਾਤ ਹੋਣ, ਵੱਡਿਆਂ ਦਾ ਆਪਸੀ ਲੜਾਈ-ਝਗੜਾ ਹੋਵੇ, ਪਰ ਬੱਚਿਆਂ ਲਈ ਘਰ 'ਚ ਚੰਗਾ ਮਾਹੌਲ ਜ਼ਰੂਰੀ ਹੈ। ਨਹੀਂ ਤਾਂ ਬੱਚਿਆਂ ਦੇ ਮਨ 'ਚ ਨਿਰਾਸ਼ਾ ਭਰ ਜਾਂਦੀ ਹੈ। ਕਈ ਹਾਲਤਾਂ ਵਿਚ ਤਾਂ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

ਵੱਡਿਆਂ ਜਾਂ ਮਾਂ-ਪਿਓ ਦੇ ਝਗੜੇ ਕਾਰਨ ਉਨ੍ਹਾਂ ਦੇ ਮਨ 'ਚ ਆਉਣ ਵਾਲੇ ਸਮੇਂ ਨੂੰ ਲੈ ਕੇ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਅੱਜ ਦੇ ਬੱਚੇ ਇਸਦਾ ਹੱਲ ਕਈ ਵਾਰ ਇਲੈਕਟ੍ਰਾਨਿਕ ਉਪਕਰਨਾਂ 'ਚ ਲੱਭਣ ਲੱਗਦੇ ਹਨ। ਉਹ ਇਸ ਹੱਦ ਤੱਕ ਇਨ੍ਹਾਂ ਉਪਕਰਨਾਂ, ਮੋਬਾਇਲ, ਟੈਬਲਟ ਆਦਿ 'ਚ ਉਲਝ ਜਾਂਦੇ ਹਨ ਕਿ ਉਪਰੋਂ ਭਾਵੇਂ ਉਨ੍ਹਾਂ ਦਾ ਗੁੱਸਾ ਅਤੇ ਚਿੰਤਾ ਸ਼ਾਂਤ ਦਿੱਸਦੀ ਹੈ, ਪਰ ਅੰਦਰੋਂ ਉਨ੍ਹਾਂ ਦਾ ਹੌਂਸਲਾ ਟੁੱਟ ਜਾਂਦਾ ਹੈ। ਕਈ ਮਾਮਲੇ ਤਾਂ ਇਹੋ ਜਿਹੇ ਹਾਲਾਤ ਪੈਦਾ ਕਰ ਦਿੰਦੇ ਹਨ ਕਿ ਬੱਚੇ ਖੁਦਕੁਸ਼ੀ ਦਾ ਰਾਹ ਤੱਕ ਫੜ ਲੈਂਦੇ ਹਨ ਜਾਂ ਘਰ ਛੱਡ ਜਾਂਦੇ ਹਨ ਅਤੇ ਬਹੁਤੀ ਵਾਰ ਅਪਰਾਧਿਕ ਦੁਨੀਆਂ 'ਚ ਜਾ ਫਸਦੇ ਹਨ।

ਵਿਆਹੇ ਜੋੜਿਆਂ ਵਿਚ ਆਪਸੀ ਤਕਰਾਰ ਅਤੇ ਲੜਾਈ-ਝਗੜਾ ਵਿਆਹ ਦੇ ਕਈ ਸਾਲਾਂ ਬਾਅਦ ਤੱਕ ਬਣਿਆ ਰਹਿੰਦਾ ਹੈ, ਕਿਉਂਕਿ ਬਹੁਤੀ ਵਾਰ ਵਿਚਾਰਾਂ ਦਾ ਵਖਰੇਵਾਂ ਅਤੇ ਕਈ ਵੇਰ "ਈਗੋ" ਵਾਲੀ ਸਥਿਤੀ ਇਸ ਝਗੜੇ ਦਾ ਕਾਰਨ ਬਣਦੀ ਹੈ। ਘਰ ਟੁੱਟ ਜਾਂਦੇ ਹਨ ਜਾਂ ਘਰ ਲੜਾਈ ਦਾ ਅਖਾੜਾ ਬਣੇ ਰਹਿੰਦੇ ਹਨ।

ਨਸ਼ਿਆਂ ਦੇ ਆਦੀ ਨੌਜਵਾਨ, ਘਰ 'ਚ ਕਲੇਸ਼ ਦਾ ਵੱਡਾ ਕਾਰਨ ਬਣਦੇ ਹਨ, ਲੜਕੀਆਂ ਆਪਣੇ ਸਾਥੀ ਨਾਲ ਆਖ਼ਰ ਤੱਕ ਨਿਭਾਉਣ ਦਾ ਯਤਨ ਕਰਦੀਆਂ ਆਪਣੀਆਂ ਖੁਸ਼ੀਆਂ, ਸੁਪਨਿਆਂ ਤੱਕ ਨੂੰ ਕੁਰਬਾਨ ਕਰ ਦਿੰਦੀਆਂ ਹਨ, ਪਰ ਮਰਦ ਪ੍ਰਧਾਨ ਸਮਾਜ 'ਚ ਮਰਦਾਂ ਦੀ ਹੈਂਕੜਬਾਜ਼ੀ, ਰੰਘੜਊਪੁਣਾ ਘਰ ਦਾ ਮਾਹੌਲ ਖਰਾਬ ਕਰੀ ਰੱਖਦਾ ਹੈ। ਵਿਸ਼ਵਾਸ ਦੀਆਂ ਤੰਦਾਂ ਜਦੋਂ ਟੁੱਟਦੀਆਂ ਹਨ, ਜੀਵਨ ਨਰਕ ਬਣ ਜਾਂਦਾ ਹੈ। ਦਰਅਸਲ, ਵਰ੍ਹਿਆਂ ਦੇ ਵਰ੍ਹੇ ਇਕੱਠੇ ਰਹਿਣ ਦੇ ਬਾਅਦ ਵੀ ਵਿਆਹ ਸਬੰਧ 'ਚ ਬਿਖੇੜਾ ਅਤੇ ਟੁੱਟ-ਭੱਜ ਅੱਜ ਦੇ ਸਮੇਂ ਦਾ ਸੱਚ ਹੈ। ਇਸੇ ਕਰਕੇ ਤਲਾਕ ਕੇਸਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ ਵਰ੍ਹੇ ਭਾਰਤੀ ਸੰਸਦ 'ਚ ਪੇਸ਼ ਕੀਤੇ ਅੰਕੜਿਆਂ ਮੁਤਾਬਕ ਦੇਸ਼ ਦੀਆਂ ਵੱਖੋ-ਵੱਖਰੀਆਂ ਅਦਾਲਤਾਂ 'ਚ ਲਗਭਗ 11.4 ਲੱਖ ਮਾਮਲੇ ਸੁਣਵਾਈ ਦੀ ਉਡੀਕ 'ਚ ਪਏ ਹਨ। 14 ਦੇਸ਼ਾਂ 'ਚ 26 ਸੂਬੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਹਨ, ਜਿਥੇ 715 ਪਰਿਵਾਰਕ ਅਦਾਲਤਾਂ ਹਨ, ਪਰ ਵਰ੍ਹਿਆਂ ਤੱਕ ਵੀ ਕੇਸਾਂ ਦਾ ਨਿਪਟਾਰਾ ਨਹੀਂ ਹੋ ਰਿਹਾ। ਜਿਸਦਾ ਖਮਿਆਜ਼ਾ ਵੀ ਆਮ ਤੌਰ 'ਤੇ ਬੱਚਿਆਂ ਦਾ ਬਚਪਨ ਭੁਗਤ ਰਿਹਾ ਹੈ। ਜੇਕਰ ਦੇਸ਼ 'ਚ ਸੁਵਿਧਾ ਜਾਂ ਯਤਨ ਇਸ ਕਿਸਮ ਦੇ ਹੋਣ ਕਿ ਇਨ੍ਹਾਂ ਪਰਿਵਾਰਕ ਅਦਾਲਤਾਂ 'ਚ ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਨੂੰ ਸਮਝਾਉਣ ਨਾਲ ਹੱਲ ਹੋਵੇ, ਤਾਂ ਇਹ ਵਿਵਹਾਰਿਕ ਵੀ ਹੋ ਸਕਦਾ ਹੈ ਅਤੇ ਪਰਿਵਾਰਕ ਹਿੱਤ ਖ਼ਾਸ ਕਰਕੇ ਬੱਚਿਆਂ ਦੇ ਹਿੱਤ 'ਚ ਵੀ ਹੋ ਸਕਦਾ ਹੈ। ਭਾਰਤ ਅੱਜ ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ ਅਤੇ ਭਾਰਤ ਹੀ ਸਭ ਤੋਂ ਵੱਧ ਅਦਾਲਤੀ ਲੰਬਿਤ ਮਾਮਲਿਆਂ ਵਾਲਾ ਦੇਸ਼ ਹੈ। ਕੁਲ ਮਿਲਾਕੇ ਭਾਰਤ ਦੀਆਂ ਅਦਾਲਤਾਂ ਵਿਚ 4.70 ਕਰੋੜ ਮਾਮਲੇ ਅਦਾਲਤਾਂ 'ਚ ਲਟਕਦੇ ਹਨ। ਇਨ੍ਹਾਂ ਵਿਚੋਂ 6.50 ਲੱਖ ਤੋਂ ਵੀ ਜ਼ਿਆਦਾ ਵਿਆਹ ਸਬੰਧੀ ਮਾਮਲੇ ਹਨ। ਇਨ੍ਹਾਂ ਮਾਮਲਿਆਂ 'ਚ ਮਾਮੂਲੀ ਮਨ-ਮਟਾਅ ਵਾਲੀਆਂ ਹਾਲਤਾਂ ਕਈ ਵਾਰ ਲੰਬੀ ਕਾਨੂੰਨੀ ਲੜਾਈ ਦਾ ਕਾਰਨ ਬਣ ਜਾਂਦੀਆਂ ਹਨ। ਇਹ ਇੱਕ-ਦੂਜੇ ਪ੍ਰਤੀ ਇਲਜ਼ਾਮਬਾਜੀ ਬੱਚਿਆਂ ਦੀ ਮਨੋਸਥਿਤੀ ਵਿਗਾੜਨ 'ਚ ਸਹਾਈ ਹੁੰਦੀ ਹੈ। ਜੇਕਰ ਮਾਪੇ, ਲੜਾਈ-ਝਗੜੇ ਦੇ ਬਾਵਜੂਦ ਇੱਕ-ਦੂਜੇ ਨਾਲ ਸਮਝਦਾਰੀ ਨਾਲ ਪੇਸ਼ ਆਉਣ ਤਾਂ ਬੱਚੇ ਉਸੇ ਅਨੁਸਾਰ ਖੁਦ ਨੂੰ ਵਿਕਸਤ ਕਰਦੇ ਹਨ।

ਭਾਰਤੀ ਸੱਭਿਆਚਾਰ ਵਿਚ ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਜ਼ਿੰਮੇਵਾਰੀ ਟੱਬਰ ਦੀਆਂ ਤਿੰਨ ਪੀੜ੍ਹੀਆਂ ਤੱਕ ਜੁੜੀ ਹੋਈ ਹੈ ਅਤੇ ਪ੍ਰਭਾਵਤ ਵੀ ਤਿੰਨ ਪੀੜ੍ਹੀਆਂ ਨੂੰ ਕਰਦੀ ਹੈ। ਰਿਸ਼ਤਿਆਂ ਵਿਚ ਜਦੋਂ ਕੁੜੱਤਣ ਆਉਂਦੀ ਹੈ, ਪਰਿਵਾਰ ਟੁੱਟਦੇ ਹਨ, ਆਪਸੀ ਮੇਲਜੋਲ ਅਤੇ ਜਜ਼ਬਾਤੀ ਸਬੰਧ ਪ੍ਰਭਾਵਤ ਹੁੰਦਾ ਹੈ। ਇਹ ਵੇਖਣ 'ਚ ਆ ਰਿਹਾ ਹੈ ਕਿ ਦੇਸ਼ ਦੇ ਹਰ ਖਿੱਤੇ, ਹਰ ਵਰਗ ਵਿਚ ਪਰਿਵਾਰਕ ਝਗੜੇ ਵੱਧ ਰਹੇ ਹਨ। ਸਿੱਟਾ ਤਾਂ ਸਾਫ਼ ਹੈ, ਬੱਚੇ ਦਾ ਭਵਿੱਖ ਦਾਅ 'ਤੇ ਲੱਗ ਜਾਂਦਾ ਹੈ। ਪੁਰਾਣੇ ਸਮਿਆਂ 'ਚ ਦਾਦਾ-ਦਾਦੀ, ਨਾਨਾ-ਨਾਨੀ ਬੱਚਿਆਂ ਦਾ ਪਾਲਣ-ਪੋਸ਼ਣ ਕਰਨ 'ਚ ਹੱਥ ਵਧਾਉਂਦੇ ਸਨ, ਬੱਚੇ ਜਜ਼ਬਾਤੀ ਤੌਰ 'ਤੇ ਇਨ੍ਹਾਂ ਨਾਲ ਹੀ ਨਹੀਂ, ਮਾਸੀ, ਭੂਆ, ਤਾਈ, ਚਾਚੀ, ਚਾਚੇ ਆਦਿ ਰਿਸ਼ਤਿਆਂ ਨਾਲ ਜੁੜੇ ਰਹਿੰਦੇ ਸਨ, ਅਪਣੱਤ ਵੱਧਦੀ ਸੀ।

ਪਿਛਲੇ ਦਿਨੀਂ ਦਿੱਲੀ ਹਾਈ ਕੋਰਟ ਨੇ ਇਕ ਪਰਿਵਾਰਕ ਝਗੜੇ ਦਾ ਫ਼ੈਸਲਾ ਦੇਣ ਵੇਲੇ ਲਿਖਿਆ, "ਇਸ 'ਚ ਦੋ ਰਾਵਾਂ ਨਹੀਂ ਕਿ ਬੱਚੇ ਦਾ ਪਾਲਣ-ਪੋਸ਼ਣ ਇੱਕ ਖੁਸ਼ਹਾਲ ਪਰਿਵਾਰ ਵਿਚ ਹੀ ਹੋਵੇ, ਤਾਂ ਉਨ੍ਹਾਂ ਦੇ ਭਾਵਨਤਮਕ ਰੂਪ ਵਿਚ ਮਜ਼ਬੂਤ ਹੋਣ ਅਤੇ ਪੜ੍ਹਾਈ 'ਚ ਉਨ੍ਹਾਂ ਦਾ ਪ੍ਰਦਰਸ਼ਨ ਬਿਹਤਰ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ।"

ਇਹ ਗੱਲ ਅਸਲੋਂ ਸੱਚ ਹੈ ਕਿ ਮਾਪੇ, ਜਿਸ ਸਮਝਦਾਰੀ ਨਾਲ ਆਪਸ ਵਿਚ ਪੇਸ਼ ਆਉਂਦੇ ਹਨ, ਬੱਚੇ ਉਸੇ ਅਨੁਸਾਰ ਖ਼ੁਦ ਨੂੰ ਵਿਕਸਤ ਕਰਦੇ ਹਨ।


ਅੱਜ ਸਿਰੇ ਦੇ ਉਪਭੋਗਤਾਵਾਦੀ ਦੀ ਸਮੇਂ 'ਚ, ਜਿਥੇ ਕਦਰਾਂ-ਕੀਮਤਾਂ ਛੱਡ ਕੇ ਅੱਗੇ ਵੱਧਣ ਦੀ ਹੋੜ ਲੱਗੀ ਹੋਈ ਹੈ, ਮਨੁੱਖ ਵਿਚ ਸਹਿਜਤਾ ਖ਼ਤਮ ਹੋ ਰਹੀ ਹੈ। ਫਜ਼ੂਲ ਕਿਸਮ ਦੇ ਦਬਾਅ ਅਧੀਨ ਵਿਖਾਵੇ ਭਰੀ ਜ਼ਿੰਦਗੀ ਜੀਊਂਦਾ, ਆਪਣੇ ਤੋਂ ਉੱਪਰ ਜੀਊਣ ਦੀ ਲਾਲਸਾ ਨਾਲ ਉਤਪੋਤ ਕਈ ਵਾਰ ਕੁਝ ਇਹੋ ਜਿਹਾ ਕਰ ਬੈਠਦਾ ਹੈ, ਜੋ ਉਸਦੇ ਆਪਣੇ ਜੀਵਨ ਵਿਚ ਤਾਂ ਕੁੜੱਤਣ ਤਾਂ ਭਰਦਾ ਹੀ ਹੈ, ਸਗੋਂ ਅਪਣੇ ਪਰਿਵਾਰਕ ਜੀਵਨ ਨੂੰ ਵੀ ਦਾਅ 'ਤੇ ਲਾਅ ਦਿੰਦਾ ਹੈ, ਜਿਸਦਾ ਖਾਮਿਆਜ਼ਾ ਆਮ ਤੌਰ 'ਤੇ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ ।

ਬੱਚਿਆਂ ਦੇ ਪਾਲਣ-ਪੋਸ਼ਣ 'ਚ ਔਖਿਆਈਆਂ, ਮਾਨਸਿਕ ਕਸ਼ਟ, ਬੱਚੇ ਦੇ ਸੁਭਾਅ 'ਚ ਚਿੜਚਿੜਾਪਨ ਕੁੱਝ ਇਹੋ ਜਿਹੀਆਂ ਗੱਲਾਂ ਹਨ, ਜਿਹੜੀਆਂ ਬੱਚਿਆਂ ਦੇ ਪੱਲੇ ਪੈ ਜਾਂਦੀਆਂ ਹਨ। ਜਿਹੜੀਆਂ ਜ਼ਿੰਦਗੀ ਭਰ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀਆਂ। ਦੁਨੀਆਂ ਭਰ 'ਚ ਕਾਨੂੰਨ ਨਾਲ ਇਨ੍ਹਾਂ ਸਮੱਸਿਆਵਾਂ ਨੂੰ ਨਜਿੱਠਣ ਵਾਲੇ ਦਾਨਸ਼ਵਰ, ਪੰਚਾਇਤਾਂ, ਜੱਜ ਅਤੇ ਹੋਰ ਸੂਝਵਾਨ ਲੋਕ, ਆਮ ਤੌਰ 'ਤੇ ਇਨ੍ਹਾਂ ਝਗੜਿਆਂ ਦਾ ਹੱਲ, ਸਬੰਧਤ ਜੋੜਿਆਂ ਦੀ ਆਪਸੀ ਗੱਲਬਾਤ ਨਾਲ ਸੁਲਝਾਉਣ ਦੇ ਹੱਕ 'ਚ ਰਹਿੰਦੇ ਹਨ, ਤਾਂ ਕਿ ਆਉਣ ਵਾਲੀ ਪੀੜ੍ਹੀ ਨੂੰ ਰਿਸ਼ਤਿਆਂ ਦੀ ਟੁੱਟ-ਭੱਜ ਦੀ ਬਹੁਤੀ ਕੀਮਤ ਨਾ ਚੁਕਾਉਣੀ ਪਵੇ।

-ਗੁਰਮੀਤ ਸਿੰਘ ਪਲਾਹੀ

(Punjab Mail USA)

# ਚੋਣਵੇਂ ਪੰਜਾਬੀ ਨਿਬੰਧ ਪੁਸਤਕ ਦਾ ਰਿਵਿਊ




| | | |
|---|---|---|
| ਰੀਵਿਊ ਕਰਤਾ | : | ਡਾ. ਸਰਬਜੀਤ ਸਿੰਘ |
| ਸਿਰਲੇਖ | : | ਚੋਣਵੇਂ ਪੰਜਾਬੀ ਨਿਬੰਧ |
| ਸੰਪਾਦਕ | : | ਡਾ. ਜੋਗਿੰਦਰ ਸਿੰਘ ਪੁਆਰ, ਡਾ.ਪਰਮਜੀਤ ਸਿੰਘ ਸਿੱਧੂ |
| ਕੁੱਲ ਪੰਨੇ | : | 88 |
| ਮੁੱਲ | : | 60 ਰੁਪਏ |
| ਪ੍ਰਕਾਸ਼ਕ | : | ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, |
| ਆਈ.ਐੱਸ.ਬੀ.ਐੱਨ. | : | 81-7380-154-1 |


**ਡਾ. ਸਰਬਜੀਤ ਸਿੰਘ**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ
ਖ਼ਾਲਸਾ ਕਾਲਜ, ਪਟਿਆਲਾ
94176-26925
(Punjab Mail USA



ਚੋਣਵੇਂ ਪੰਜਾਬੀ ਨਿਬੰਧ, ਪਾਠ-ਪੁਸਤਕ ਵਾਰਤਕ ਰੂਪ ਵਿਚ 15 ਨਿਬੰਧ ਰਚਨਾਵਾਂ ਦਾ ਸੰਗ੍ਰਹਿ ਹੈ। ਵਿਦਿਆਰਥੀ, ਅੱਜ ਦੇ ਸਮੇਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਵੱਖ-ਵੱਖ ਵਰਤਾਰਿਆਂ ਪ੍ਰਤੀ ਸਾਹਿਤਕ ਤੌਰ 'ਤੇ ਵੀ ਚੇਤੰਨ ਹੋ ਸਕਣ, ਇਸ ਲਈ ਇਸ ਪਾਠ ਪੁਸਤਕ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਸਮੇਂ ਦੀਆਂ ਹਾਣੀ ਹੋਣ ਦੇ ਨਾਲ-ਨਾਲ ਸਮਾਜ ਦੇ ਪ੍ਰਤੀ ਵਿਦਿਆਰਥੀਆਂ ਅੰਦਰ ਨਵੀਂ ਸਮਝ ਪੇਸ਼ ਕਰਨ ਲਈ ਸਮਰੱਥ ਹੋਈਆਂ ਹਨ। ਪੰਜਾਬੀ ਜਨਜੀਵਨ ਵਿਚ ਵਾਪਰ ਰਹੇ ਵਰਤਾਰਿਆਂ ਨੂੰ ਆਧਾਰ ਬਣਾ ਕੇ, ਪੰਜਾਬੀ ਸਾਹਿਤ ਦੇ ਪ੍ਰਸਿੱਧ ਲੇਖਕਾਂ ਦੀਆਂ ਲਿਖਤਾਂ ਇਸ ਪਾਠ-ਪੁਸਤਕ ਦਾ ਸ਼ਾਮਲ ਹਨ। ਇਸ ਪੁਸਤਕ ਦੇ ਸੰਪਾਦਕ ਵਜੋਂ ਡਾ. ਜੋਗਿੰਦਰ ਸਿੰਘ ਪੁਆਰ ਅਤੇ ਡਾ.ਪਰਮਜੀਤ ਸਿੰਘ ਸਿੱਧੂ ਨੇ ਇਨ੍ਹਾਂ ਲਿਖਤਾਂ ਬਾਰੇ ਜੋ ਭੂਮਿਕਾ ਘੜੀ ਹੈ, ਉਹ ਬਹੁਤ ਹੀ ਡੂੰਘੇ ਅਰਥ ਬਿਆਨ ਕਰਦੀ ਹੈ। ਅਸੀਂ ਇਸ ਪੁਸਤਕ ਚਰਚਾ ਵਿਚ ਉਸ ਭੂਮਿਕਾ ਦੇ ਕੁੱਝ ਅੰਸ਼ ਆਪ ਦੇ ਸਾਹਮਣੇ ਰੱਖ ਰਹੇ ਰਹੇ ਹਾਂ। ਵਿਦਿਆਰਥੀਆਂ ਨੂੰ ਇਸ ਸਮੇਂ ਜਿਹੜੀਆਂ ਸਮੱਸਿਆਵਾਂ ਦਰਪੇਸ਼ ਹੋ ਰਹੀਆਂ ਹਨ, ਉਨ੍ਹਾਂ ਪ੍ਰਤੀ ਸੂਖਮ ਨਜ਼ਰੀਆ ਅਤੇ ਸਮਝ ਉਨ੍ਹਾਂ ਵਿਚ ਪੈਦਾ ਹੋ ਸਕੇ, ਅਜਿਹੀ ਕੋਸ਼ਿਸ਼ ਇਨ੍ਹਾਂ ਰਚਨਾਵਾਂ ਵਿਚ ਨਜਰ ਆਉਂਦੀ ਹੈ। ਇਸ ਪਾਠ-ਪੁਸਤਕ ਵਿਚ ਸਭ ਤੋਂ ਪਹਿਲੀ ਲਿਖਤ 'ਕਿਰਤ' ਪੂਰਨ ਸਿੰਘ ਦੀ ਹੈ, ਜਿਸ ਵਿਚ ਉਹ ਵਿਦਿਆਰਥੀਆਂ ਨੂੰ ਸਮਝਾਉਂਦੇ ਹਨ ਕਿ ਜ਼ਿੰਦਗੀ ਮਿਹਨਤ ਕਿੰਨੀ ਜ਼ਰੂਰੀ ਹੈ ਅਤੇ ਹਮੇਸ਼ਾਂ ਸੱਚੀ-ਸੁੱਚੀ ਕਿਰਤ ਕਰਨਾ ਹੀ ਜ਼ਿੰਦਗੀ ਦੀ ਖ਼ੂਬਸੂਰਤੀ ਹੈ। ਪੂਰਨ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਜੀਵਨ ਦਾ ਸੱਚ ਕਿਰਤ ਵਿਚ ਹੈ ਅਤੇ ਸਾਨੂੰ ਲਗਾਤਾਰ ਜ਼ਿੰਦਗੀ ਵਿਚ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ। ਦੂਜੀ ਲਿਖਤ, 'ਘਰ ਦਾ ਪਿਆਰ', ਤੇਜਾ ਸਿੰਘ ਦੀ ਹੈ, ਜਿਸ ਵਿਚ ਉਹ ਲੋਕਾਂ ਨੂੰ ਕਹਿੰਦੇ ਹਨ ਕਿ ਤੁਸੀਂ ਇਸ ਸੰਸਾਰ ਵਿਚ ਰਹਿ ਕੇ ਆਪਣੇ ਘਰ ਦੀ ਅਹਿਮੀਅਤ ਅਤੇ ਪਿਆਰ ਸਦਕਾ ਆਪਣਾ ਮੁੱਲ ਅਤੇ ਕਦਰ ਵਧਾ ਸਕਦੇ ਹੋ। ਤੁਸੀਂ ਘਰ, ਸਮਾਜ ਅਤੇ ਦੇਸ਼ ਪ੍ਰਤੀ ਸਕਾਰਾਤਮਕ ਸੋਚ ਰੱਖ ਕੇ ਅਪਣੇ ਟੀਚੇ ਵੱਲ ਵਧ ਸਕਦੇ ਹੋ। ਲੇਖਕ ਇਸ ਰਚਨਾ ਵਿਚ ਵੱਖ-ਵੱਖ ਪਹਿਲੂਆਂ ਦੀ ਪੇਸ਼ਕਾਰੀ ਕਰਦਾ ਹੋਇਆ ਪ੍ਰੇਰਣਾਤਮਕ ਅਤੇ ਸੁਹਜਮਈ ਭਾਸ਼ਾ ਦੀ ਵਰਤੋਂ ਕਰਦਾ ਹੈ। ਤੀਜੀ ਰਚਨਾ 'ਉਮਰ ਲੰਮੀ ਹੋ ਸਕਦੀ ਹੈ', ਬਾਵਾ ਬਲਵੰਤ ਦੀ ਹੈ। ਉਹ ਮਨੁੱਖ ਨੂੰ ਸੱਚੇ ਆਦਰਸ਼ ਦੀ ਪ੍ਰਾਪਤੀ ਲਈ ਵਿਗਿਆਨਕ ਵਿੱਦਿਆ ਦਾ ਸਹਾਰਾ ਲੈਣ ਅਤੇ ਆਪਣੇ ਆਲੇ-ਦੁਆਲੇ ਝਾਤ ਮਾਰ ਕੇ ਦੇਖਣ ਲਈ ਕਹਿ ਰਹੇ ਹਨ। ਬੱਚਿਆਂ ਨੂੰ ਨਵੀਆਂ ਲੀਹਾਂ ਵੱਲ ਤੋਰਨਾ ਪਵੇਗਾ, ਤਾਂ ਜੋ ਉਹ ਕੁਦਰਤ ਅਨੁਸਾਰ ਜੀਵਨ ਜੀ ਸਕਣ। ਲੇਖਕ, ਮਨੁੱਖ ਦੀ ਆਤਮਾ ਨੂੰ ਜਾਗਣ ਦੀ ਗੱਲ ਕਰਦਾ ਹੋਇਆ, ਉਸ ਅੰਦਰ ਮਿਹਨਤ ਦੀ ਜਾਗ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਚੌਥੀ ਲਿਖਤ, 'ਮਨ ਦੀ ਮੌਜ' ਲਾਲ ਸਿੰਘ 'ਕਮਲਾ ਅਕਾਲੀ' ਦੀ ਹੈ, ਜਿਸ ਵਿਚ ਲੇਖਕ ਮਨ ਦੇ ਵਲਵਲਿਆਂ ਦੀ ਗੱਲ ਕਰਦਾ ਹੋਇਆ, ਸਮਾਜ ਵਿਚ ਸੱਚੇ-ਸੁੱਚੇ ਅਤੇ ਸਦੀਵੀ ਰਿਸ਼ਤਿਆਂ ਦੀ ਅਹਿਮੀਅਤ ਬਾਰੇ ਦੱਸਦਾ ਹੈ। ਲੇਖਕ ਦੱਸਦਾ ਹੈ ਵਿਅਕਤੀ ਮਨ ਦੀ ਕੈਦ ਵਿਚ ਹੈ ਅਤੇ ਸਾਰੀ ਜ਼ਿੰਦਗੀ ਸਰੀਰ ਮਨ ਦੀ ਗੁਲਾਮੀ ਕਰਦਾ ਹੈ। ਲਿਖਤ ਦੀ ਭਾਸ਼ਾ ਸੱਚਮੁੱਚ ਭਾਵਾਂ ਦੀ ਤਰਜਮਾਨੀ ਕਰਦੀ ਹੋਈ ਇਕ ਵੱਖਰਾ ਮਾਹੌਲ ਸਿਰਜਦੀ ਹੈ। ਪੰਜਵੀਂ ਰਚਨਾ 'ਭਾਰਤ ਵਿਚ ਕਲਾ', ਸ. ਸ. ਅਮੋਲ ਦੀ ਲਿਖੀ ਹੋਈ ਹੈ। ਇਸ ਵਿਚ ਲੇਖਕ ਦੱਸਦਾ ਹੈ ਕਿ ਕਲਾ ਅਜਿਹੀ ਮੂਰਤ ਹੈ, ਜੋ ਇਤਿਹਾਸ ਦੇ ਪੰਨਿਆਂ ਵਿਚ ਸਮੋਈ ਹੋਈ ਹੈ। ਇਸ ਲਿਖਤ ਰਾਹੀਂ ਲੇਖਕ ਵੱਖ-ਵੱਖ ਸਮੇਂ ਦੇ ਅਨੁਭਵ ਰਾਹੀ ਭਾਰਤ ਵਿਚ ਕਲਾ ਦੇ ਪਹਿਲੂਆਂ ਦੀ ਮਹੱਤਤਾ ਬਾਰੇ ਦੱਸਦਾ ਹੈ ਕਿ ਸੱਭਿਅਤਾ, ਸਮੇਂ ਦੀ ਪ੍ਰਤੀਨਿਧਤਾ ਕਰਦੀ ਹੈ। ਛੇਵੀਂ ਰਚਨਾ, 'ਅੱਥਰੂ', ਬਲਰਾਜ ਸਾਹਨੀ ਦੀ ਹੈ, ਜਿਸ ਵਿਚ ਲੇਖਕ ਆਪਣੀ ਜ਼ਿੰਦਗੀ ਵਿਚ ਵਾਪਰੇ ਇੱਕ ਅਜਿਹੇ ਵਰਤਾਰੇ ਦੀ ਗੱਲ ਕਰਦਾ ਹੈ, ਜਿਸ ਵਿਚ ਇੱਕ ਲੜਕਾ ਜਦੋਂ ਉਸਨੂੰ ਮਿਲਦਾ ਹੈ, ਤਾਂ ਅੱਥਰੂ, ਇੱਕ ਅਜਿਹੀ ਸਾਂਝ ਪਾਉਂਦੇ ਹਨ, ਜਿਸ ਨਾਲ ਲੇਖਕ ਦੇ ਸੋਚਣ ਦਾ ਨਜ਼ਰੀਆ ਹੀ ਬਦਲ ਜਾਂਦਾ ਹੈ। ਲੇਖਕ, ਸਮਾਜ ਵਿਚ ਵਾਪਰ ਰਹੀਆਂ ਹਕੀਕਤਾਂ ਦੇ ਰੂਬਰੂ ਹੁੰਦਾ ਹੋਇਆ, ਜ਼ਿੰਦਗੀ ਦੇ ਅਰਥ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਸੱਤਵੀਂ ਲਿਖਤ, 'ਪੁਰਾਣਾ ਪੰਜਾਬ' ਡਾ. ਗਿਆਨੀ ਗੁਰਦਿੱਤ ਸਿੰਘ ਦੀ ਹੈ। ਲੇਖਕ ਪੁਰਾਣੇ ਵੇਲੇ ਦੇ ਕੁਝ ਹਵਾਲੇ ਦਿੰਦੇ ਹੋਏ, ਆਧੁਨਿਕ ਦੌਰ ਦਾ ਜ਼ਿਕਰ ਕਰਦਾ ਹੈ। ਸਾਰੀ ਲਿਖਤ ਵਿਚਾਰਾਂ ਦੀ ਲੜੀ ਵਿਚ ਵੱਖ-ਵੱਖ ਦ੍ਰਿਸ਼ ਸਿਰਜਦੀ ਹੋਈ, ਇੱਕ ਨਵੀਂ ਸੱਭਿਅਤਾ ਵਿਚ ਬਦਲਦੀ ਹੋਈ, ਨਜ਼ਰ ਆ ਰਹੀ ਹੈ। ਲੇਖਕ ਨੇ ਬਹੁਤ ਹੀ ਸਰਲ ਤਰੀਕੇ ਨਾਲ ਬਦਲ ਰਹੇ ਵਰਤਾਰਿਆਂ ਦੀ ਚਾਲ ਪੇਸ਼ ਕੀਤੀ ਹੈ। ਅੱਠਵੀਂ ਰਚਨਾ, 'ਮੇਰਾ ਕਮਰਾ- ਪਿੱਤਲ ਦੀ ਕੜਾਹੀ' ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਹੈ। ਇਸ ਵਿਚ ਲੇਖਕ ਨੇ ਆਪਣੇ ਨਾਲ ਜੁੜੀ, ਹਰ ਇੱਕ ਵਸਤੂ ਦੀ ਮਹੱਤਤਾ ਬਾਰੇ ਦੱਸਿਆ ਹੈ। ਲੇਖਕ ਲਿਖਦਾ ਹੈ ਕਿ ਜ਼ਿੰਦਗੀ ਵਿਚ ਵਿਅਕਤੀ, ਆਪਣੀ ਸਪੇਸ ਲਈ ਸੰਘਰਸ਼ ਕਰਦਾ ਹੈ ਅਤੇ ਨਿੱਕੀਆਂ-ਨਿੱਕੀਆ ਚੀਜ਼ਾਂ ਦੀ ਉਸ ਦੀ ਜ਼ਿੰਦਗੀ ਵਿਚ ਵੱਡੀ ਅਹਿਮੀਅਤ ਹੁੰਦੀ ਹੈ। ਰਚਨਾ ਸਾਧਾਰਨ ਭਾਸ਼ਾ ਸ਼ੈਲੀ ਵਿਚ ਲਿਖੀ ਹੋਈ ਹੈ। ਨੌਵੀਂ ਰਚਨਾ, 'ਦਾਸ ਮਲੂਕਾ ਯੂੰ ਕਹੇ' ਸੂਬਾ ਸਿੰਘ ਦੀ ਹੈ। ਇਸ ਵਿਚ ਲੇਖਕ ਜ਼ਿੰਦਗੀ ਵਿਚ ਆਪਣੇ ਨਾਲ ਵਾਪਰੇ ਹੋਏ ਵਰਤਾਰਿਆਂ ਦਾ ਜ਼ਿਕਰ ਕਰਦਾ ਹੈ। ਮਕਾਨਕੀ ਜ਼ਿੰਦਗੀ ਵਿਚ ਸਿਰਫ ਆਪਣੇ ਤੱਕ ਸੀਮਤ ਅਤੇ ਆਪਣੀ ਸੋਚ ਅਤੇ ਨਜ਼ਰੀਏ ਨੂੰ ਸਭ ਤੋਂ ਸਹੀ ਮੰਨਣਾ, ਆਧੁਨਿਕ ਵਿਅਕਤੀ ਦੀ ਵੱਡੀ ਪ੍ਰਾਪਤੀ ਹੈ। ਲੇਖਕ ਇਸ ਲਿਖਤ ਵਿਚ ਜ਼ਿੰਦਗੀ ਦੀ ਅਹਿਮੀਅਤ ਦੇ ਨਵੇਂ ਅਰਥਾਂ ਦੀ ਤਲਾਸ਼ ਕਰਨ ਦੀ ਕਲਪਨਾ ਕਰਦਾ ਹੈ। ਦਸਵੀਂ ਲਿਖਤ, 'ਇੰਗਲੈਂਡ ਦਾ ਸੋਗੀ ਸੋਮਵਾਰ' ਪ੍ਰੀਤਮ ਸਿੱਧੂ ਦੀ ਹੈ, ਜਿਸ ਵਿਚ ਲੇਖਕ ਪਰਵਾਸ ਵਿਚ ਰਹਿ ਰਹੇ ਨੌਜਵਾਨਾਂ ਦੀ ਮਨੋਸਥਿਤੀ ਅਤੇ ਕੰਮ ਦੇ ਬੋਝਲ ਹੋਣ ਦਾ ਜ਼ਿਕਰ ਕਰਦਾ ਹੈ। ਲੇਖਕ, ਹਫਤੇ ਦੇ ਪਹਿਲੇ ਦਿਨ (ਸੋਮਵਾਰ) ਮਸ਼ੀਨ ਬਣੇ, ਮਨੁੱਖ ਦੀ ਹਾਲਤ ਅਤੇ ਤ੍ਰਾਸਦੀ ਦਾ ਖੁੱਲ੍ਹ ਕੇ ਜ਼ਿਕਰ ਕਰਦਾ ਹੈ। ਨਿਬੰਧ ਦੀ ਭਾਸ਼ਾ ਰੋਚਕ ਹੈ ਅਤੇ ਇਸ ਵਿਚ ਇਕ ਅਜਿਹੇ ਸੰਕਟ ਦੀ ਸੱਚਾਈ ਬਿਆਨ ਕੀਤੀ ਗਈ ਹੈ, ਜਿਸ ਤੋਂ ਕੋਈ ਵੀ ਕਿਰਤੀ ਮੁਨਕਰ ਨਹੀਂ ਹੋ ਸਕਦਾ। ਗਿਆਰਵੀਂ ਲਿਖਤ, 'ਸੜਕ ਪਾਰ ਕਰਦਾ ਬੁਢੇਪਾ' ਕੁਲਬੀਰ ਸਿੰਘ ਕਾਂਗ ਦੀ ਹੈ, ਜਿਸ ਵਿਚ ਲੇਖਕ ਜ਼ਿੰਦਗੀ ਦੇ ਅੰਤਿਮ ਪੜਾਅ 'ਤੇ ਪਹੁੰਚੇ ਵਿਅਕਤੀ ਦੇ ਨਜ਼ਰੀਏ ਤੋਂ ਆਪਣੀ ਜ਼ਿੰਦਗੀ ਦੀ ਕਲਪਨਾ ਕਰਦਾ ਹੈ। ਬੁਢੇਪੇ ਦੇ ਅਰਥ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਲੇਖਕ, ਆਪਣੀ ਵਾਰੀ ਦੀ ਉਡੀਕ ਕਰਦਾ ਹੋਇਆ, ਵਰਤਮਾਨ ਦੇ ਵਿਚ ਵਾਪਰ ਰਹੇ ਘਟਨਾਕ੍ਰਮ ਬਾਰੇ ਕਲਪਨਾ ਕਰਦਾ ਹੈ। ਬਾਰ੍ਹਵੀਂ ਰਚਨਾ, 'ਅੰਡੇਮਾਨ ਨਿਕੋਬਾਰ ਦੀ ਧਰਤੀ 'ਤੇ' ਬਰਜਿੰਦਰ ਸਿੰਘ ਦੀ ਹੈ। ਇਸ ਲਿਖਤ ਵਿਚ ਲੇਖਕ ਅਜਿਹੀ ਧਰਤੀ ਦੀ ਗੱਲ ਕਰਦਾ ਹੈ, ਜੋ ਕਿ ਬੁਰੇ ਅਤੇ ਕਾਲੇਪਾਣੀ ਵਰਗੇ ਮੈਟਾਫਰ ਅਪਣਾ ਕੇ, ਕੁਦਰਤ ਦੇ ਸਭ ਤੋਂ ਵਧੀਆ ਮਾਹੌਲ ਅਤੇ ਅਸਲੀਅਤ ਦੇ ਨੇੜੇ ਹੈ। ਲੇਖਕ, ਅੰਗਰੇਜ਼ ਬਸਤੀਵਾਦੀ ਸੋਚ ਅਧੀਨ ਇਸ ਧਰਤੀ ਦੇ ਕੁਦਰਤੀਪਣ ਦੇ ਅਕਸ ਨੂੰ ਖਰਾਬ ਕਰਨ ਵਾਲੀ ਸੋਚ ਦਾ ਪਰਦਾਫਾਸ਼ ਕਰਦਾ ਹੈ। ਤੇਰਵੀਂ ਲਿਖਤ, 'ਚਿੱਟੀਆਂ ਰਾਤਾਂ ਦੇ ਸ਼ਹਿਰ ਵਿਚ' ਹਰਭਜਨ ਸਿੰਘ ਹਲਵਾਰਵੀ ਦੀ ਹੈ। ਇਸ ਵਿਚ ਲੇਖਕ ਵਿਦੇਸ਼ੀ ਧਰਤੀ ਬਾਰੇ ਆਪਣੀ ਯਾਤਰਾ ਦੇ ਰੂਪ ਵਿਚ ਰੂਸ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਦੀ ਰੰਗੀਨ ਜ਼ਿੰਦਗੀ ਬਾਰੇ ਦੱਸਦਾ ਹੈ। ਲੇਖਕ ਨੇ ਆਪਣੀ ਧਰਤੀ ਪ੍ਰਤੀ ਅਥਾਹ ਪ੍ਰੇਮ ਦੇ ਬਾਵਜੂਦ ਵੀ ਵਿਦੇਸ਼ੀ ਧਰਤੀ ਦੀ ਮਹਿਮਾਨ ਨਿਵਾਜ਼ੀ ਅਤੇ ਦਿਲਕਸ਼ ਨਜਾਰਿਆਂ ਦੀ ਖਿੱਚ ਨੂੰ ਸ਼ਬਦਾਂ ਦਾ ਰੂਪ ਦਿੱਤਾ ਹੈ। ਚੌਦਵੀਂ ਰਚਨਾ, 'ਦੋਸਤੀ ਦੀ ਮਹਿਕ' ਸਾਥੀ ਲੁਧਿਆਣਵੀ ਦੀ ਹੈ, ਜਿਸ ਵਿਚ ਲੇਖਕ ਅਜਿਹੇ ਲੋਕਾਂ ਦੀ ਰੂਹਦਾਰੀ ਪੇਸ਼ ਕਰ ਰਿਹਾ ਹੈ, ਜੋ ਇਨਸਾਨੀਅਤ ਕਰਕੇ ਇੱਕ ਵਿਦੇਸ਼ੀ ਧਰਤੀ 'ਤੇ ਲੇਖਕ ਦੀ ਮਦਦ ਕਰਦੇ ਹਨ। ਲੇਖਕ ਉਨ੍ਹਾਂ ਲੋਕਾਂ ਦੀ ਦਰਿਆਦਿਲੀ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ ਅਤੇ ਚੰਗੀਆਂ ਯਾਦਾਂ ਦੇ ਰੂਪ ਵਿਚ ਹਮੇਸ਼ਾ ਆਪਣੇ ਦਿਲ 'ਚ ਸਮੋ ਕੇ ਰੱਖਦਾ ਹੈ। ਆਖਰੀ ਰਚਨਾ, 'ਖਿਡਾਰੀਆਂ ਦੇ ਵਹਿਮ' ਸਰਵਣ ਸਿੰਘ ਦੀ ਹੈ। ਇਸ ਵਿਚ ਲੇਖਕ ਵੱਖ-ਵੱਖ ਦੇਸ਼ਾਂ ਦੇ ਖਿਡਾਰੀਆਂ ਦੇ ਵੱਖ-ਵੱਖ ਵਹਿਮਾਂ ਦਾ ਜ਼ਿਕਰ ਕਰਦਾ ਹੈ। ਲੇਖਕ ਦੱਸਦਾ ਹੈ ਕਿ ਬਹੁਤ ਸਾਰੇ ਖਿਡਾਰੀ, ਆਪਣੀ ਸਫਲਤਾ ਪਿੱਛੇ ਕੁਝ ਵਹਿਮ ਅਤੇ ਵਿਸ਼ਵਾਸ ਮੰਨਦੇ ਹਨ ਅਤੇ ਵਾਰ-ਵਾਰ ਅਜਿਹੀ ਮਨੋਸਥਿਤੀ ਵਿਚ ਵਿਚਰਦੇ ਹਨ। ਅੱਜ ਦੇ ਸਮੇਂ ਵਿਚ ਖਿਡਾਰੀਆਂ ਅਜਿਹੀ ਮਾਨਸਿਕਤਾ ਦੀ ਨਵੀਂ ਵਿਆਖਿਆ ਦੇ ਪ੍ਰਤੀ ਇਸ ਲੇਖ ਵਿਚ ਫਿਕਰਮੰਦੀ ਜ਼ਾਹਿਰ ਕੀਤੀ ਗਈ ਹੈ। ਉਪਰੋਕਤ ਲੇਖਕਾਂ ਦੀਆਂ ਲਿਖਤਾਂ, ਵੱਖ-ਵੱਖ ਵਿਸ਼ਿਆਂ ਨੂੰ ਛੂੰਹਦੀਆਂ ਹੋਈਆਂ, ਸਮਾਜਿਕ ਵਰਤਾਰਿਆਂ ਦੀ ਪੇਸ਼ਕਾਰੀ ਕਰਦੀਆਂ ਹਨ। ਰਚਨਾਵਾਂ, ਵਿਦਿਆਰਥੀਆਂ ਅੱਗੇ ਅਜਿਹੇ ਵੱਡੇ ਵਿਸ਼ੇ ਰੱਖਦੀਆਂ ਹਨ, ਜਿਨ੍ਹਾਂ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।

ਪੁਸਤਕ ਦੇ ਅਖੀਰ ਵਿਚ ਅਭਿਆਸ ਲਈ ਲੇਖਕ ਬਾਰੇ ਅਤੇ ਲੇਖ ਬਾਰੇ ਬਹੁਤ ਹੀ ਢੁੱਕਵੀਂ ਜਾਣਕਾਰੀ ਦਿੱਤੀ ਗਈ ਹੈ। ਇਸ ਪੁਸਤਕ ਦੇ ਸੰਪਾਦਕਾਂ ਨੇ ਬਹੁਤ ਹੀ ਮਹੱਤਵਪੂਰਨ ਕਾਰਜ ਕਰਕੇ ਵੱਖ-ਵੱਖ ਪਹਿਲੂਆਂ ਨਾਲ ਸਬੰਧਤ ਵੱਖ-ਵੱਖ ਲਿਖਤਾਂ ਨੂੰ ਇਕੱਤਰ ਕਰਕੇ, ਵਿਦਿਆਰਥੀਆਂ ਦੇ ਸਨਮੁੱਖ ਪੇਸ਼ ਕੀਤਾ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



**Dr. Bindra Clinic**

*Dental Care & Hair Transplant*
*COSMETIC - IMPLANT - RESTORATIVE*



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



*Dr. Simranpal Singh Bindra*
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



*Dr. Samarpan Kaur*
B.D.S, M.H.M

**Editorial Board**

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil

**Punjab Mail USA**
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੀ ਮੇਰਾ ਬੱਚਾ ਠੀਕ-ਠਾਕ ਵੱਧ ਫੁੱਲ ਰਿਹਾ ਹੈ?

## (ਔਟਿਜ਼ਮ ਦੇ ਮੁੱਢਲੇ ਲੱਛਣ)



ਡਾ. ਹਰਸ਼ਿੰਦਰ ਕੌਰ
ਬੱਚਿਆਂ ਦੀ ਮਾਹਿਰ
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ : 0175-2216783
(Punjab Mail USA)



ਮਾਪਿਆਂ ਲਈ ਇਹ ਆਮ ਜਿਹੀ ਗੱਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਹਾਣ ਦਿਆਂ ਨਾਲ ਜ਼ਰੂਰ ਮੇਚਦੇ ਹਨ ਕਿਉਂਕਿ ਮਨ ਅੰਦਰ ਇਹ ਭਰਮ ਹੁੰਦਾ ਹੈ ਕਿ ਉਨ੍ਹਾਂ ਦਾ ਆਪਣਾ ਬੱਚਾ ਕਿਤੇ ਪਿਛਾਂਹ ਨਾ ਰਹਿ ਜਾਵੇ। ਡਾਕਟਰਾਂ ਕੋਲ ਵੀ ਬੱਚੇ ਸਭ ਤੋਂ ਵੱਧ ਇਸੇ ਲਈ ਲਿਜਾਏ ਜਾਂਦੇ ਹਨ ਕਿ ਉਨ੍ਹਾਂ ਦਾ ਬੱਚਾ ਕਮਜ਼ੋਰ ਹੈ ਜਾਂ ਘੱਟ ਖਾਂਦਾ ਹੈ ਭਾਵੇਂ ਭਾਰ ਵਜੋਂ ਬੱਚਾ ਤਿੰਨ ਗੁਣਾ ਹੀ ਕਿਉਂ ਨਾ ਵੱਧ ਰਿਹਾ ਹੋਵੇ!

ਇਸ ਲੇਖ ਵਿਚ ਬੱਚੇ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵਿਚਲੇ ਵਿਗਾੜ ਬਾਰੇ ਝਾਤ ਮਰਵਾਈ ਗਈ ਹੈ, ਤਾਂ ਜੋ ਮਾਪੇ ਵੇਲੇ ਸਿਰ ਇਹ ਲੱਛਣ ਪਛਾਣ ਕੇ ਡਾਕਟਰੀ ਸਲਾਹ ਲੈ ਸਕਣ। ਇੰਜ ਅਨੇਕ ਬੱਚੇ ਵੇਲੇ ਸਿਰ ਸਹੀ ਇਲਾਜ ਹੋ ਜਾਣ ਸਦਕਾ ਨਾਰਮਲ ਜ਼ਿੰਦਗੀ ਜੀਅ ਸਕਦੇ ਹਨ।

### 1. ਪਹਿਲੇ ਤੋਂ ਚੌਥੇ ਮਹੀਨੇ ਦੀ ਉਮਰ ਵਿਚ

**ਅੱਗੇ ਦੱਸੇ ਲੱਛਣ ਜ਼ਰੂਰ ਹਰ ਮਾਂ ਨੂੰ ਧਿਆਨ ਨਾਲ ਵੇਖਣੇ ਚਾਹੀਦੇ ਹਨ :-**

- ਉੱਚੀ ਅਵਾਜ਼ ਵੱਲ ਧਿਆਨ ਨਾ ਦੇ ਰਿਹਾ ਹੋਵੇ ਜਾਂ ਤ੍ਰਬਕ ਨਾ ਰਿਹਾ ਹੋਵੇ
- ਦੋ ਮਹੀਨੇ ਦੀ ਉਮਰ ਉੱਤੇ ਅੱਖਾਂ ਅੱਗੇ ਘੁੰਮਦੀ ਚੀਜ਼ ਵੱਲ ਅੱਖ ਨਾ ਘੁਮਾ ਰਿਹਾ ਹੋਵੇ
- ਦੋ ਮਹੀਨੇ ਦੀ ਉਮਰ ਤੱਕ ਮਾਂ ਦੀ ਆਵਾਜ਼ ਸੁਣ ਕੇ ਮੁਸਕੁਰਾਏ ਨਾ
- ਤਿੰਨ ਮਹੀਨੇ ਦੀ ਉਮਰ ਪੂਰੀ ਹੋ ਜਾਣ ਉੱਤੇ ਵੀ ਹੱਥ ਵਿਚ ਚੀਜ਼ ਜਾਂ ਖਿਡੌਣਾ ਫੜਾਉਣ ਉੱਤੇ ਫੜੇ ਨਾ।
- ਤਿੰਨ ਮਹੀਨੇ ਦੀ ਉਮਰ ਹੋ ਜਾਣ ਉੱਤੇ ਵੀ ਕਿਸੇ ਵੱਲ ਵੇਖ ਕੇ ਨਾ ਮੁਸਕੁਰਾਏ
- ਤਿੰਨ ਮਹੀਨੇ ਪੂਰੇ ਹੋ ਜਾਣ ਉੱਤੇ ਵੀ ਸਿਰ ਉੱਕਾ ਹੀ ਨਾ ਸੰਭਾਲ ਰਿਹਾ ਹੋਵੇ
- ਚੌਥੇ ਮਹੀਨੇ ਵਿਚ ਵੀ ਚੀਜ਼ ਮੂੰਹ ਵੱਲ ਨਾ ਲਿਜਾ ਰਿਹਾ ਹੋਵੇ।
- ਜੇ ਕੱਛਾਂ ਥੱਲੋਂ ਫੜ ਕੇ ਪੈਰ ਮੰਜੇ ਉੱਤੇ ਲਾਉਣ ਬਾਅਦ ਵੀ ਪੈਰਾਂ ਉੱਤੇ ਉੱਕਾ ਹੀ ਜ਼ੋਰ ਨਾ ਪਾਵੇ।
- ਅੱਖਾਂ ਚਾਰੇ ਪਾਸੇ ਘੁਮਾ ਨਾ ਸਕ ਰਿਹਾ ਹੋਵੇ
- ਲਗਾਤਾਰ ਟੀਰ ਮਾਰਦਾ ਹੋਵੇ।

### 2. ਚੌਥੇ ਤੋਂ ਸੱਤਵੇਂ ਮਹੀਨੇ ਦੀ ਉਮਰ ਵਿਚ

- ਲੱਤਾਂ ਜਾਂ ਬਾਹਵਾਂ ਜਾਂ ਪਿੱਠ ਅਕੜਾ ਕੇ ਰੱਖਦਾ ਹੋਵੇ
- ਪੱਠਿਆਂ ਵਿਚ ਉੱਕਾ ਹੀ ਜਾਨ ਨਾ ਹੋਵੇ ਤੇ ਬਾਹਵਾਂ ਲੱਤਾਂ ਐਵੇਂ ਹੀ ਲਮਕਦੀਆਂ ਢਿੱਲੀਆਂ ਦਿਸਣ
- ਪੰਜ ਮਹੀਨੇ ਤੱਕ ਵੀ ਸਿਰ ਨਾ ਸੰਭਾਲ ਰਿਹਾ ਹੋਵੇ
- ਬਿਲਕੁਲ ਨਾ ਮੁਸਕੁਰਾ ਰਿਹਾ ਹੋਵੇ ਤੇ ਮਾਂ ਨੂੰ ਵੀ ਨਾ ਪਛਾਣੇ
- ਕਿਸੇ ਵੱਲੋਂ ਚੁੱਕੇ ਜਾਣ ਉੱਤੇ ਚੀਕਾਂ ਮਾਰਨ ਜਾਂ ਰੋਣ ਲੱਗ ਪਵੇ
- ਲਗਾਤਾਰ ਜਾਂ ਵਾਰ-ਵਾਰ ਟੀਰ ਮਾਰਦਾ ਹੋਵੇ।
- ਰੌਸ਼ਨੀ ਵਿਚ ਅੱਖਾਂ ਨਾ ਖੋਲ੍ਹ ਸਕਦਾ ਹੋਵੇ ਜਾਂ ਲਗਾਤਾਰ ਅੱਖ ਵਿਚੋਂ ਪਾਣੀ ਵੱਗਦਾ ਰਹੇ।
- ਕਿਸੇ ਵੀ ਆਵਾਜ਼ ਵੱਲ ਧਿਆਨ ਨਾ ਦੇਵੇ ਤੇ ਨਾ ਹੀ ਸਿਰ ਘੁਮਾਏ
- ਮੂੰਹ ਵਿਚ ਚੀਜ਼ ਨਾ ਪਾ ਸਕਦਾ ਹੋਵੇ
- ਛੇ ਮਹੀਨੇ ਦੀ ਉਮਰ ਪੂਰੀ ਹੋ ਜਾਣ ਉੱਤੇ ਪਾਸਾ ਲੈ ਕੇ ਪੁੱਠਾ ਢਿੱਡ ਪਰਨੇ ਨਾ ਹੋ ਸਕਦਾ ਹੋਵੇ
- ਛੇ ਮਹੀਨੇ ਦਾ ਹੋ ਜਾਣ ਉੱਤੇ ਵੀ ਆਪੇ ਬੈਠ ਨਾ ਸਕ ਰਿਹਾ ਹੋਵੇ।
- ਪੰਜ ਛੇ ਮਹੀਨੇ ਤੱਕ ਉੱਕਾ ਹੀ ਕੋਈ ਅਵਾਜ਼ ਨਾ ਕੱਢ ਰਿਹਾ ਹੋਵੇ ਤੇ ਨਾ ਹੀ ਹੱਸ ਰਿਹਾ ਹੋਵੇ।
- ਛੇ ਮਹੀਨੇ ਦਾ ਹੋ ਜਾਣ ਉੱਤੇ ਵੀ ਖਿਡੌਣਾ ਫੜਨ ਦੀ ਕੋਸ਼ਿਸ਼ ਨਾ ਕਰੇ।
- ਛੇ ਮਹੀਨੇ ਦੀ ਉਮਰ ਵਿਚ ਵੀ ਲੱਤਾਂ ਉੱਤੇ ਉੱਕਾ ਹੀ ਭਾਰ ਨਾ ਪਾਵੇ।

### 3. 8 ਮਹੀਨੇ ਤੋਂ 12 ਮਹੀਨੇ ਤੱਕ ਦੀ ਉਮਰ ਵਿਚ

- ਰੀਂਗਣਾ ਸ਼ੁਰੂ ਨਾ ਕਰੇ
- ਇਕ ਲੱਤ ਘੜੀਸ ਰਿਹਾ ਹੋਵੇ
- ਸਹਾਰੇ ਨਾਲ ਵੀ ਖੜ੍ਹਾ ਨਾ ਹੋਵੇ
- 10 ਮਹੀਨੇ ਦੀ ਉਮਰ ਵਿਚ ਵੀ ਗੁੰਮਿਆ ਹੋਇਆ ਬੌਲ ਨਾ ਲੱਭੇ
- ਮਾਂ-ਮਾਂ ਜਾਂ ਦਾ-ਦਾ ਉੱਕਾ ਹੀ ਲਫਜ਼ ਨਾ ਬੋਲੇ
- ਹੱਥ ਹਿਲਾ ਕੇ 'ਟਾਟਾ' ਨਾ ਕਰੇ
- 10 ਮਹੀਨੇ ਦਾ ਹੋ ਕੇ ਵੀ ਬਿਨਾਂ ਸਹਾਰੇ ਦੇ ਬਹਿ ਨਾ ਸਕੇ
- 'ਨਾ' ਜਾਂ 'ਹਾਂ' ਵਿਚ ਸਿਰ ਨਾ ਹਿਲਾ ਰਿਹਾ ਹੋਵੇ
- ਲੁਕਣ ਮੀਟੀ ਕਰਦੀ ਮਾਂ ਵੱਲ ਰਤਾ ਵੀ ਧਿਆਨ ਨਾ ਕਰੇ।

### 4. 12 ਤੋਂ 24 ਮਹੀਨਿਆਂ ਦੀ ਉਮਰ ਵਿਚ

- ਡੇਢ ਸਾਲ ਤੱਕ ਦੀ ਉਮਰ ਵਿਚ ਵੀ ਤੁਰਨ ਦੀ ਕੋਸ਼ਿਸ਼ ਨਾ ਕਰੇ।
- ਸਿਰਫ਼ ਪੱਬਾਂ ਭਾਰ ਤੁਰੇ
- ਡੇਢ ਸਾਲ ਤੋਂ ਬਾਅਦ ਦੀ ਉਮਰ ਤੱਕ 15 ਸ਼ਬਦ ਨਾ ਬੋਲ ਸਕਦਾ ਹੋਵੇ
- ਦੋ ਵਰ੍ਹਿਆਂ ਦਾ ਹੋਣ ਬਾਅਦ ਵੀ ਦੋ ਲਾਈਨਾਂ ਨਾ ਬੋਲ ਸਕ ਰਿਹਾ ਹੋਵੇ
- ਡੇਢ ਦੋ ਵਰ੍ਹਿਆਂ ਦੀ ਉਮਰ ਹੋ ਜਾਣ ਉੱਤੇ ਵੀ ਟੈਲੀਫੂਨ, ਚਮਚ, ਚਾਬੀ ਵਰਗੀ ਚੀਜ਼ ਨਾ ਸਮਝੇ
- ਦੋ ਸਾਲਾਂ ਦਾ ਹੋ ਕੇ ਵੀ ਕੋਈ ਬੋਲੀ ਗੱਲ ਨਾ ਦੁਹਰਾਏ ਤੇ ਨਾ ਹੀ ਆਖੇ ਲੱਗ ਰਿਹਾ ਹੋਵੇ।

### 5. 24 ਤੋਂ 36 ਮਹੀਨਿਆਂ ਦੀ ਉਮਰ ਵਿਚ

- ਵਾਰ-ਵਾਰ ਤੁਰਦਿਆਂ ਡਿੱਗ ਰਿਹਾ ਹੋਵੇ
- ਪੌੜੀਆਂ ਨਾ ਚੜ੍ਹ ਰਿਹਾ ਹੋਵੇ
- ਉੱਕਾ ਹੀ ਨਾ ਬੋਲ ਰਿਹਾ ਹੋਵੇ
- ਮੂੰਹ ਵਿਚੋਂ ਲਗਾਤਾਰ ਥੁੱਕ ਬਾਹਰ ਵੱਗਦਾ ਹੋਵੇ
- ਚਾਰ ਬਲੌਕ ਇੱਕ ਦੂਜੇ ਉੱਪਰ ਨਾ ਰੱਖ ਸਕਦਾ ਹੋਵੇ
- ਤਿੰਨ ਸਾਲ ਦਾ ਹੋ ਕੇ ਵੀ ਗੋਲਾ ਨਾ ਵਾਹ ਸਕੇ
- ਖਿਡੌਣਾ ਚੁੱਕ ਕੇ ਸਹੀ ਥਾਂ ਨਾ ਰੱਖ ਸਕੇ
- ਬਿਲਕੁਲ ਕਿਸੇ ਗੱਲ ਦਾ ਜਵਾਬ ਨਾ ਦੇਵੇ
- ਦੂਜੇ ਬੱਚਿਆਂ ਵੱਲ ਉੱਕਾ ਧਿਆਨ ਨਾ ਕਰੇ
- ਦੋ ਚਾਰ ਸ਼ਬਦ ਵੀ ਇਕੱਠੇ ਨਾ ਬੋਲੇ
- ਕਿਸੇ ਗੱਲ ਦੇ ਆਖੇ ਨਾ ਲੱਗੇ।
- ਸਿਰਫ਼ ਮਾਂ ਦੀ ਗੋਦ ਹੀ ਚੜ੍ਹਿਆ ਰਹੇ ਤੇ ਉਤਰਦਿਆਂ ਚੀਕਾਂ ਮਾਰਨ ਲੱਗ ਪਵੇ।

### 6. ਤਿੰਨ ਤੋਂ 4 ਸਾਲ ਦਾ ਬੱਚਾ

- ਛਾਲ ਨਾ ਮਾਰ ਸਕਦਾ ਹੋਵੇ
- ਛੋਟੀ ਸਾਈਕਲ ਉੱਤੇ ਨਾ ਬੈਠੇ ਤੇ ਨਾ ਹੀ ਚਲਾਏ।
- ਉਂਗਲ ਤੇ ਅੰਗੂਠੇ ਨਾਲ ਪੈਨ ਜਾਂ ਪੈਨਸਿਲ ਨਾ ਫੜੇ।
- ਲਾਈਨ ਮਾਰਨ ਵਿਚ ਜਾਂ ਗੋਲਾ ਵਾਹੁਣ ਵਿਚ ਦਿੱਕਤ ਲੱਗੇ।
- ਇਕ ਦੇ ਉੱਪਰ ਦੂਜਾ ਚੌਕੋਰ ਨਾ ਰੱਖ ਸਕੇ
- ਮਾਂ ਦੇ ਪਰ੍ਹਾਂ ਹੁੰਦਿਆਂ ਹੀ ਚੀਕ ਚਿੰਘਾੜਾ ਮਚਾਉਣਾ ਸ਼ੁਰੂ ਕਰ ਦੇਵੇ।
- ਹੋਰ ਬੱਚਿਆਂ ਨਾਲ ਨਾ ਖੇਡੇ
- ਸਾਹਮਣੇ ਪਏ ਖਿਡੌਣੇ ਵੱਲ ਉੱਕਾ ਹੀ ਧਿਆਨ ਨਾ ਦੇਵੇ
- ਓਪਰੇ ਨੂੰ ਵੇਖ ਕੇ ਚੀਕਾਂ ਮਾਰਨ ਲੱਗ ਪਵੇ
- ਗੁਸਲਖਾਨੇ ਜਾਣ, ਕੱਪੜੇ ਬਦਲਣ ਜਾਂ ਸੌਣ ਵੇਲੇ ਬਹੁਤ ਜ਼ਿਆਦਾ ਤੰਗ ਕਰੇ
- ਚੀਜ਼ਾਂ ਤੋੜਦਾ ਭੰਨਦਾ ਹੋਵੇ ਜਾਂ ਭਰਿਆ ਗਿਲਾਸ ਖਿੱਝ ਕੇ ਰੋੜ੍ਹ ਰਿਹਾ ਹੋਵੇ
- ਉੱਚੀ-ਉੱਚੀ ਚੀਕਾਂ ਮਾਰ ਕੇ ਨਿੱਕੀ-ਨਿੱਕੀ ਗੱਲ ਉੱਤੇ ਜ਼ਿੱਦ ਕਰਦਾ ਹੋਵੇ।
- ਤਿੰਨ ਸ਼ਬਦਾਂ ਤੋਂ ਵੱਧ ਨਾ ਬੋਲ ਸਕਦਾ ਹੋਵੇ, ਜਿਵੇਂ "ਮੈਂ ਪਾਣੀ ਪੀਣੈ", ਆਦਿ।
- ਆਪਣੇ ਆਪ ਨੂੰ ਮੈਂ ਜਾਂ ਦੂਜੇ ਨੂੰ ਤੁਸੀਂ ਨਾ ਕਹਿ ਰਿਹਾ ਹੋਵੇ ਅਤੇ ਲਿੰਗ ਵੀ ਉਲਟ ਬੋਲ ਰਿਹਾ ਹੋਵੇ।

ਇਨ੍ਹਾਂ ਸਾਰੇ ਲੱਛਣਾਂ ਨੂੰ ਓਟਿਜ਼ਮ ਦੇ ਲੱਛਣ ਮੰਨ ਕੇ ਤੁਰੰਤ ਡਾਕਟਰੀ ਸਲਾਹ ਲੈਣੀ ਜ਼ਰੂਰੀ ਹੁੰਦੀ ਹੈ। ਓਟਿਜ਼ਮ ਵਿਚ ਵੀ ਬੱਚੇ ਨੂੰ ਕਈ ਵੱਖੋ-ਵੱਖ ਕਿਸਮਾਂ ਦੇ ਲੱਛਣ ਹੋ ਸਕਦੇ ਹਨ, ਜਿਨ੍ਹਾਂ ਨੂੰ 'ਓਟਿਜ਼ਮ ਸਪੈਕਟਰਮ ਡਿਸਆਰਡਰ' ਕਿਹਾ ਜਾਣ ਲੱਗ ਪਿਆ ਹੈ।

ਕਈ ਵਾਰ ਜੰਮਦੇ ਸਾਰ ਬੱਚੇ ਦੇ ਦਿਮਾਗ਼ ਨੂੰ ਪੂਰੀ ਆਕਸੀਜਨ ਨਾ ਪਹੁੰਚਣ ਕਾਰਨ ਵੀ ਅਨੇਕ ਮਾੜੇ ਲੱਛਣਾਂ ਦੇ ਨਾਲ ਦੌਰੇ ਵੀ ਪੈ ਸਕਦੇ ਹਨ। ਅੰਨ੍ਹੇ ਜਾਂ ਬੋਲੇ ਬੱਚੇ ਵੀ ਹੋਰ ਜਮਾਂਦਰੂ ਨੁਕਸ, ਜਿਵੇਂ ਦਿਲ ਦੇ ਰੋਗਾਂ ਨਾਲ ਪੀੜਤ ਹੋ ਸਕਦੇ ਹਨ। ਇਸੇ ਲਈ ਉੱਪਰ ਦੱਸੇ ਲੱਛਣਾਂ ਵਾਲੇ ਬੱਚੇ ਨੂੰ ਬਿਨ੍ਹਾਂ ਦੇਰੀ ਸਪੈਸ਼ਲਿਸਟ ਬੱਚਿਆਂ ਦੇ ਡਾਕਟਰ ਕੋਲ ਤੁਰੰਤ ਚੈਕਅੱਪ ਲਈ ਲੈ ਜਾਣਾ ਚਾਹੀਦਾ ਹੈ।

ਕਮਾਲ ਦੀ ਖੋਜ ਤਾਂ ਇਹ ਵੀ ਦੱਸਦੀ ਹੈ ਕਿ ਜੱਚਾ ਦਾ ਤਣਾਓ ਵੀ ਬੱਚੇ ਵਿਚ ਓਟਿਜ਼ਮ ਹੋਣ ਦਾ ਖ਼ਤਰਾ ਕਈ ਗੁਣਾ ਵਧਾ ਦਿੰਦਾ ਹੈ। ਸੋ ਖ਼ੁਸ਼ ਰਹੋ, ਤੰਦਰੁਸਤ ਰਹੋ!

---

# ਸਾਵਧਾਨ! ਖ਼ੂਨ ਦਾ ਵਗਣਾ (ਹੀਮੋਫਿਲਿਆ) ਹੋ ਸਕਦਾ ਹੈ ਜਾਨਲੇਵਾ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



*"ਹੀਮੋਫਿਲਿਆ ਦੀਆਂ ਗੁੰਝਲਾਂ ਕਾਰਨ ਸਰੀਰ ਅੰਦਰ ਜ਼ਿਆਦਾ ਖ਼ੂਨ ਵਗਣ ਨਾਲ ਸਰੀਰ ਅੰਦਰ ਸੋਜ, ਸੁੰਨਪਨ, ਜੋੜਾਂ ਦਾ ਗੰਭੀਰ ਦਰਦ ਸ਼ੁਰੂ ਹੋ ਸਕਦਾ ਹੈ। ਔਰਤਾਂ ਵਿਚ ਭਾਰੀ ਮਾਹਵਾਰੀ ਕਾਰਨ ਖ਼ੂਨ ਵਹਿ ਸਕਦਾ ਹੈ। ਦਿਮਾਗੀ ਖ਼ੂਨ ਵਗਣ ਨਾਲ ਤੇਜ਼ ਸਿਰਦਰਦ, ਗਰਦਨ ਵਿਚ ਅਕੜਾਅ, ਚੱਕਰ ਆਉਣੇ, ਉਲਟੀਆਂ, ਵਿਵਹਾਰ ਵਿਚ ਬਦਲਾਅ, ਅਚਾਨਕ ਕਮਜ਼ੋਰੀ, ਤੁਰਨ ਵਿਚ ਮੁਸ਼ਕਲ, ਲੱਛਣ ਸਾਹਮਣੇ ਆਉਂਦੇ ਹੀ ਹਸਪਤਾਲ ਤੇ ਐਮਰਜੈਂਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ"-ਅਨਿਲ ਧੀਰ*

ਵਿਸ਼ਵ ਭਰ 'ਚ 17 ਅਪ੍ਰੈਲ, 2023 ਨੂੰ ਵਿਸ਼ਵ ਹੀਮੋਫਿਲੀਆ ਦਿਵਸ ਮਣਾਇਆ ਗਿਆ। ਖ਼ੂਨ ਵਗਣ ਦੀਆਂ ਬਿਮਾਰੀਆਂ ਦੇ ਗਰੁੱਪ ਪ੍ਰਤੀ ਇੱਕਜੁਟ ਹੋ ਕੇ ਦੇਖਭਾਲ ਅਤੇ ਬਦਲਾਅ ਦੁਆਰਾ ਜਾਗਰੂਕਤਾ ਬਾਰੇ ਗੱਲ ਕੀਤੀ ਗਈ। ਵਿਸ਼ਵ ਵਿਆਪੀ ਪੱਧਰ 'ਤੇ ਹੀਮੋਫਿਲਿਆ ਦੇ ਮਰਦ ਰੋਗੀਆਂ ਦਾ ਆਂਕੜਾ ਕਰੀਬਨ 2.3 ਮਿਲੀਅਨ ਪਹੁੰਚ ਚੁੱਕਾ ਹੈ। ਹੀਮੋਫਿਲਿਆ ਏ 6000 ਵਿਚੋਂ ਇੱਕ ਨੂੰ ਪ੍ਰਭਾਵਿਤ ਕਰ ਰਿਹਾ ਹੈ।


ਹੀਮੋਫਿਲਿਆ ਏ ਨਾਲ ਪੀੜਿਤ ਲਗਭਗ 400 ਤੋਂ ਵੱਧ ਬੱਚੇ ਜਨਮ ਲੈਂਦੇ ਹਨ। ਇਸ ਬਿਮਾਰੀ ਨਾਲ ਰਹਿਣ ਵਾਲੇ ਲੋਕਾਂ ਦੇ ਅਸਲ ਆਂਕੜੇ ਦਾ ਪਤਾ ਲਗਾਇਆ ਜਾ ਰਿਹਾ ਹੈ। ਸੈਂਕੜੇ ਸਾਲ ਪਹਿਲਾਂ ਦੂਜੀ ਸਦੀ ਵਿਚ ਬਹੁਤ ਜ਼ਿਆਦਾ ਜਾਂ ਅਸਾਧਾਰਨ ਖ਼ੂਨ ਵਗਣ ਨਾਲ ਮੌਤ ਦਾ ਜ਼ਿਕਰ ਯਹੂਦੀ ਰੱਬੀ ਲਿਖਤਾਂ ਅਤੇ ਬਾਈਬਲ ਦੇ ਨਵੇਂ ਨੇਮ ਵਿਚ ਆਇਆ ਹੈ।


ਹੀਮੋਫਿਲਿਆ 19 ਅਤੇ 20ਵੀਂ ਸਦੀ ਵਿਚ ਇੰਗਲੈਂਡ, ਜਰਮਨੀ, ਰੂਸ ਅਤੇ ਸਪੇਨ ਦੇ ਸ਼ਾਹੀ ਪਰਿਵਾਰਾਂ ਨੂੰ ਪ੍ਰਭਾਵਤ ਕੀਤਾ ਸੀ। ਮੰਨਿਆ ਜਾਂਦਾ ਹੈ ਕਿ 1837-1901 ਰਾਜ ਕਰਨ ਵਾਲੀ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਹੀਮੋਫਿਲਿਆ-ਬੀ ਨਾਲ ਪੀੜਿਤ ਸੀ। ਵਿਕਟੋਰੀਆ ਤੋਂ ਬਾਅਦ ਤਿੰਨ ਪੀੜ੍ਹੀਆਂ ਤੱਕ ਵੱਖ-ਵੱਖ ਸ਼ਾਹੀ ਪਰਿਵਾਰ ਦੇ ਮੈਂਬਰਾਂ ਵਿਚ ਇਸਦਾ ਅਸਰ ਦੇਖਿਆ ਗਿਆ।

ਹੀਮੋਫਿਲਿਆ ਇੱਕ ਦੁਰਲੱਭ ਬਿਮਾਰੀ ਹੈ, ਜਿਸ ਵਿਚ ਸਰੀਰਕ ਖ਼ੂਨ ਆਮ ਤੌਰ 'ਤੇ ਜੰਮਦਾ ਨਹੀਂ, ਕਿਉਂਕਿ ਇਸ ਹਾਲਤ ਵਿਚ ਕਾਫੀ ਖ਼ੂਨ ਇਕੱਠੇ ਕਰਨ ਵਾਲੇ ਪ੍ਰੋਟੀਨ ਦੀ ਕਮੀ ਹੋ ਜਾਂਦੀ ਹੈ। ਖ਼ੂਨ ਵਗਣ ਦੀ ਹਾਲਤ ਵਿਚ ਸਰੀਰ ਆਮ ਤੌਰ 'ਤੇ ਖ਼ੂਨ ਦੇ ਸੈੱਲਾਂ ਨੂੰ ਇਕੱਠਾ ਕਰ ਦਿੰਦਾ ਹੈ ਅਤੇ ਖ਼ੂਨ ਵਹਿਣ ਨੂੰ ਰੋਕਣ ਲਈ ਇੱਕ ਗਤਲਾ ਬਣਦਾ ਹੈ। ਇਹ ਪ੍ਰਕਿਰਿਆ ਕੁੱਝ ਖ਼ੂਨ ਦੇ ਕਣਾਂ-ਪਲੇਟਲੈਟਾਂ ਅਤੇ ਪਲਾਜ਼ਮਾ ਪ੍ਰੋਟੀਨ ਦੁਆਰਾ ਲਿਆਂਦੀ ਜਾਂਦੀ ਹੈ।

ਕਿਸੇ ਸੱਟ ਲੱਗਣ ਤੋਂ ਬਾਅਦ ਲੰਬੇ ਸਮੇਂ ਤੱਕ ਖ਼ੂਨ ਵਗ ਸਕਦਾ ਹੈ। ਕਲੋਟਿੰਗ ਫੈਕਟਰ ਪ੍ਰੋਟੀਨ ਦੀ ਗੰਭੀਰ ਕਮੀ ਕਾਰਨ ਸਰੀਰ ਅੰਦਰ ਜ਼ਿਆਦਾ ਖ਼ੂਨ ਵਗਣਾ ਜਾਨਲੇਵਾ ਵੀ ਹੋ ਸਕਦਾ ਹੈ।

ਬਿਮਾਰੀ ਦੀ ਹਾਲਤ ਵਿਚ ਆਮ ਤੇ ਡੂੰਘੀ ਸੱਟ, ਸਰਜਰੀ, ਦੰਦਾਂ ਦੇ ਕੰਮ ਤੋਂ ਬਾਅਦ, ਇੰਜੈਕਸ਼ਨ ਤੋਂ ਬਾਅਦ ਦੇਰ ਤੱਕ ਖ਼ੂਨ ਵਗਣਾ, ਪਿਸ਼ਾਬ ਜਾਂ ਮੱਲ ਤਿਆਗ ਵੇਲੇ, ਅਣਪਛਾਤੇ ਕਾਰਨਾਂ ਕਰਕੇ ਖ਼ੂਨ ਵਗਣਾ ਸ਼ੁਰੂ ਹੋ ਜਾਂਦਾ ਹੈ। ਹੀਮੋਫਿਲਿਆ ਏ, ਬੀ ਅਤੇ ਸੀ ਵੱਖ-ਵੱਖ ਕਿਸਮ ਦੇ ਦੇਖੇ ਜਾਂਦੇ ਹਨ। ਐਕੁਆਇਰਡ ਹੀਮੋਫਿਲਿਆ ਦੀ ਕਿਸਮ ਵਿਚ ਕਮਜ਼ੋਰ ਇਮੀਊਨ ਸਿਸਟਮ ਤੇ ਖ਼ੂਨ ਜੰਮਣ ਦੇ ਕਾਰਕਾਂ 'ਤੇ ਹਮਲਾ ਕਰ ਸਕਦੀ ਹੈ। ਜ਼ਿਆਦਾਤਰ ਵਿਰਾਸਤ ਤੋਂ ਮਿਲਣ ਵਾਲਾ ਰੋਗ ਮੰਨਿਆ ਗਿਆ ਹੈ। ਇਸ ਬਿਮਾਰੀ ਨਾਲ ਜੁੜੇ ਇੱਕ ਜੀਨ ਵਿਚ ਅਚਾਨਕ ਤਬਦੀਲੀ ਆਉਂਦੀ ਹੈ। ਕੁੱਝ ਪ੍ਰਤੀਸ਼ਤ ਲੋਕਾਂ ਵਿਚ ਫੈਮਿਲੀ ਹਿਸਟਰੀ ਨਹੀਂ ਮਿਲਦੀ।




### ਖਿਆਲ ਰੱਖੋ:

ਡਰਾਈਵਿੰਗ ਦੌਰਾਣ ਸੀਟ ਬੈਲਟ, ਬਾਈਕ ਚਲਾਣ ਵੇਲੇ ਹੈਲਮੇਟ, ਦਰਦਾਂ ਦੀਆਂ ਦਵਾਈਆਂ ਘੱਟ ਅਤੇ ਡਾਕਟਰੀ ਸਲਾਹ ਨਾਲ ਹੀ ਲਵੋ। ਇਲਾਜ ਲਈ ਡੀਸਮੋਪਰੇਸਿਨ ਹਾਰਮੋਨ ਸਰੀਰ ਨੂੰ ਵਧੇਰੇ ਗਤਲਾ ਫੈਕਟਰ ਨੂੰ ਛੱਡਣ ਲਈ ਉਤੇਜਿਤ ਕਰ ਸਕਦਾ ਹੈ। ਨਾੜੀ ਵਿਚ ਇਸਦੇ ਟੀਕੇ ਦੇ ਨਾਲ-ਨਾਲ ਨੱਕ ਦੀ ਸਪ੍ਰੇਅ ਵੀ ਮਦਦ ਕਰ ਸਕਦਾ ਹੈ। ਦਵਾਈਆਂ ਕਲਾਟਸ ਨੂੰ ਟੁੱਟਣ ਤੋਂ ਰੋਕਣ ਵਿਚ ਮਦਦ ਕਰਦੀਆਂ ਹਨ। ਫਾਈਬਰਿਨ ਸੀਲੈਂਟਸ ਦੰਦਾਂ ਦੀ ਥੈਰੇਪੀ ਵਿਚ ਫਾਇਦਾ ਕਰਦੀ ਹੈ। ਇਸ ਨਾਲ ਜ਼ਖਮੀਆਂ ਦਾ ਇਲਾਜ ਕੀਤਾ ਜਾਂਦਾ ਹੈ। ਆਮ ਖ਼ੂਨ ਵਗਣ ਦੀ ਹਾਲਤ ਵਿਚ ਦਬਾਅ 'ਤੇ ਪੱਟੀ ਅਤੇ ਆਈਸ ਪੈਕ ਨਾਲ ਹੈਲਪ ਮਿਲ ਸਕਦੀ ਹੈ।

ਨੋਟ: ਹੀਮੋਫਿਲਿਆ ਦੀਆਂ ਗੁੰਝਲਾਂ ਕਾਰਨ ਸਰੀਰ ਅੰਦਰ ਜ਼ਿਆਦਾ ਖ਼ੂਨ ਵਗਣ ਨਾਲ ਸਰੀਰ ਅੰਦਰ ਸੋਜ, ਸੁੰਨਪਨ, ਜੋੜਾਂ ਦਾ ਗੰਭੀਰ ਦਰਦ ਸ਼ੁਰੂ ਹੋ ਸਕਦਾ ਹੈ। ਔਰਤਾਂ ਵਿਚ ਭਾਰੀ ਮਾਹਵਾਰੀ ਕਾਰਨ ਖ਼ੂਨ ਵਹਿ ਸਕਦਾ ਹੈ। ਦਿਮਾਗੀ ਖ਼ੂਨ ਵਗਣ ਨਾਲ ਤੇਜ਼ ਸਿਰਦਰਦ, ਗਰਦਨ ਵਿਚ ਅਕੜਾਅ, ਚੱਕਰ ਆਉਣੇ, ਉਲਟੀਆਂ, ਵਿਵਹਾਰ ਵਿਚ ਬਦਲਾਅ, ਅਚਾਨਕ ਕਮਜ਼ੋਰੀ, ਤੁਰਨ ਵਿਚ ਮੁਸ਼ਕਲ, ਲੱਛਣ ਸਾਹਮਣੇ ਆਉਂਦੇ ਹੀ ਹਸਪਤਾਲ ਤੇ ਐਮਰਜੈਂਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

## 1 ਮਈ ਨੂੰ ਬਰਸੀ 'ਤੇ ਵਿਸ਼ੇਸ਼


# ਮੇਰੇ ਪਿਤਾ ਜੀ ਬੇਦੀ ਲਾਲ ਸਿੰਘ ਸਾਹਿਤਕਾਰ

-ਦਿਲਜੀਤ ਸਿੰਘ ਬੇਦੀ
(Punjab Mail USA)



ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਬਜ਼ੁਰਗ ਦਾਨਸ਼ਵਰ ਬੇਦੀ ਲਾਲ ਸਿੰਘ ਜੀ ਸਾਹਿਤਕਾਰ 1 ਮਈ ਦੀ ਅੱਧੀ ਰਾਤ ਨੂੰ, ਇਸ ਫਾਨੀ ਸੰਸਾਰ ਨੂੰ ਸਦੀਵੀਂ ਅਲਵਿਦਾ ਕਹਿ ਗਏ। 1910 ਵਿਚ ਜਨਮੇ ਬੇਦੀ ਸਾਹਿਬ ਨੇ ਗੁਰਬਾਣੀ, ਗੁਰਮਤਿ, ਸਾਹਿਤ ਤੇ ਇਤਿਹਾਸ ਬਾਰੇ ਪੁਸਤਕਾਂ ਰਚਣ ਤੋਂ ਇਲਾਵਾ ਪੱਤਰਕਾਰੀ, ਸਾਹਿਤਕਾਰੀ ਤੇ ਇਤਿਹਾਸਕਾਰੀ ਲਈ ਬਹੁਤ ਸਾਰਾ ਪ੍ਰਮਾਣਿਕ ਕੰਮ ਕੀਤਾ। ਉਹ ਅੰਗਰੇਜ਼ੀ, ਅਰਬੀ, ਫ਼ਾਰਸੀ, ਸੰਸਕ੍ਰਿਤ, ਬ੍ਰਿਜ, ਪੰਜਾਬੀ, ਹਿੰਦੀ ਤੇ ਉਰਦੂ ਦੇ ਵਿਦਵਾਨ ਸਨ। ਆਪਣੀ ਇਸ ਬਹੁਭਾਸ਼ਾਈ ਯੋਗਤਾ ਦੀ ਵਰਤੋਂ ਕਰਦਿਆਂ ਉਨ੍ਹਾਂ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਦੀਆਂ ਅਮਰ ਰਚਨਾਵਾਂ ਨੂੰ ਭਾਸ਼ਾਈ ਵਿਕਾਸ, ਭਾਸ਼ਾਗਤ ਵਖਰੇਵੇਂ ਅਤੇ ਭਾਸ਼ਾਈ ਸੁਹਜ-ਸ਼ਾਸਤਰੀ ਦ੍ਰਿਸ਼ਟੀ ਤੋਂ ਵਿਚਾਰਦੇ ਹੋਏ, ਯਾਦਗਾਰੀ ਪੁਸਤਕਾਂ ਦੀ ਰਚਨਾ ਕੀਤੀ। ਉਨ੍ਹਾਂ ਦੀ ਪ੍ਰਸਿੱਧ ਪੁਸਤਕ 'ਭਾਰਤ ਦਰਸ਼ਨ' ਕਾਫ਼ੀ ਚਰਚਾ ਦਾ ਵਿਸ਼ਾ ਰਹੀ ਕਿਉਂਕਿ ਇਨ੍ਹਾਂ ਵਿਚ ਵੱਖ-ਵੱਖ ਸ਼ਹਿਰਾਂ, ਇਮਾਰਤਾਂ, ਸੱਭਿਆਚਾਰਾਂ ਤੇ ਵਰਤਾਰਿਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ ਅਤੇ ਨਾਵਾਂ-ਥਾਵਾਂ ਦੀ ਵਿਉਤਪਤੀ ਬਾਰੇ ਜਿੰਨੀ ਬਾਰੀਕੀ ਨਾਲ ਉਹ ਪਰਖ ਪੜਚੋਲ ਕਰਦੇ ਹਨ, ਉਹ ਆਪਣੇ ਆਪ ਵਿਚ ਇਕ ਨਾਦਰ ਨਮੂਨਾ ਅਤੇ ਅਨੂਠਾ ਅਨੁਭਵ ਹੈ। ਛੋਟੇ-ਛੋਟੇ ਟ੍ਰੈਕਟਾਂ ਨੂੰ ਵੱਖ-ਵੱਖ ਇਤਿਹਾਸਕ ਦਿਹਾੜਿਆਂ ਉੱਤੇ ਛਾਪ ਕੇ ਫ੍ਰੀ ਵੰਡਣ ਦੀ ਪ੍ਰਵਿਰਤੀ ਤਹਿਤ ਉਨ੍ਹਾਂ ਨੇ ਸਾਧਾਰਨ ਮਨ ਵਿਚ ਸਮਾਜਿਕ ਜਾਗ੍ਰਿਤੀ ਪੈਦਾ ਕਰਨ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਉਹ ਅਜਿਹੇ ਸਿਰੜੀ, ਸਿਦਕੀ, ਸੰਜਮੀ ਤੇ ਖੁਸ਼ ਰਹਿਣ ਵਾਲੇ ਵਿਅਕਤੀ ਸਨ ਕਿ ਉਨ੍ਹਾਂ ਨੇ ਲਗਾਤਾਰ ਸੱਠ ਸਾਲ ਸਾਹਿਤ ਰਚਨਾ ਕੀਤੀ। ਰਾਜ ਪੱਧਰੀ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਸਭਾਵਾਂ ਤੇ ਸੰਸਥਾਵਾਂ ਨੇ ਉਨ੍ਹਾਂ ਨੂੰ ਬੇਅੰਤ ਮਾਨ-ਸਨਮਾਨ ਦਿੱਤੇ। ਸਿੱਖਿਆ ਵਿਭਾਗ ਤੋਂ ਸੇਵਾਮੁਕਤ ਹੋਣ ਉਪਰੰਤ ਉਨ੍ਹਾਂ ਨੇ ਬਹੁਤ ਸਾਰੇ ਸਪਤਾਹਿਕ, ਪੰਦਰਾਂ ਰੋਜ਼ਾ ਤੇ ਮਾਸਿਕ ਪੱਤਰਾਂ ਦੀ ਸੰਪਾਦਨਾ ਕੀਤੀ। ਚੀਫ਼ ਖਾਲਸਾ ਦੀਵਾਨ ਦੀ ਖਾਲਸਾ ਟ੍ਰੈਕਟ ਸੁਸਾਇਟੀ ਦੇ 'ਨਿਰਗੁਨੀਆਰਾ' ਪੱਤਰ ਦੀ ਉਨ੍ਹਾਂ ਨੇ ਢਾਈ ਦਹਾਕੇ ਸੰਪਾਦਨਾ ਹੀ ਨਹੀਂ ਕੀਤੀ, ਸਗੋਂ ਇਸ ਦੀ ਦਿੱਖ, ਦੱਖ ਤੇ ਮੈਟਰ ਨੂੰ ਵਿਉਂਤਣ ਤੇ ਪ੍ਰਸਤੁਤ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ। ਭਾਈ ਵੀਰ ਸਿੰਘ ਜੀ ਦੇ ਗੁਰਬਾਣੀ ਕੋਸ਼ ਨੂੰ ਦੋ ਵਾਰ ਪੁਨਰ ਪ੍ਰਕਾਸ਼ਿਤ ਕਰਵਾ ਕੇ, ਗੁਰਬਾਣੀ ਪ੍ਰੇਮੀਆਂ ਦੀਆਂ ਦੁਬਿਧਾਵਾਂ ਸਰਲ ਕਰਨ ਵਿਚ ਆਪਣਾ ਹਿੱਸਾ ਪਾਇਆ। ਹਿੰਦ-ਪਾਕਿ ਵੰਡ ਦੀ ਤ੍ਰਾਸਦੀ ਝੱਲਦੇ ਹੋਏ, ਅਗਸਤ 1947 ਵਿਚ ਉਹ ਬੱਦੋਮੱਲੀ ਤੋਂ ਆਪਣੇ ਜਿਸਮ 'ਤੇ ਬਰਛੀਆਂ ਦੇ ਦਰਜਨਾਂ ਜ਼ਖ਼ਮ ਲੈ ਕੇ ਅੰਮ੍ਰਿਤਸਰ ਪਹੁੰਚੇ, ਜੋ ਬਾਅਦ ਵਿਚ ਭਾਵੇਂ ਉਨ੍ਹਾਂ ਦੇ ਜਿਸਮ ਦਾ ਅਟੁੱਟ ਤੋਂ ਅਕੱਟ ਭਾਗ ਬਣ ਗਏ ਪਰ ਇਸ ਕਰਮਯੋਗੀ ਵਿਅਕਤੀ ਨੇ ਕਦੀ ਭੂਤ-ਸਿਮਰਨ ਕਰਕੇ ਉਦਾਸੀ ਜਾਂ ਨਫ਼ਰਤ ਦਾ ਪ੍ਰਗਟਾਵਾ ਨਹੀਂ ਸੀ ਕੀਤਾ, ਸਗੋਂ ਚੰਗੇਰੇ ਕੱਲ੍ਹ ਦੀ ਸਿਰਜਣਾ ਵਿਚ ਯਤਨਸ਼ੀਲ ਰਹੇ। ਨਾਮਧਾਰੀ ਦਰਬਾਰ ਨੇ ਉਨ੍ਹਾਂ ਦੀਆਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ।

ਉਨ੍ਹਾਂ ਦੀਆਂ ਲਿਖਤਾਂ ਕਿਉਂਕਿ ਅੰਧ-ਵਿਸ਼ਵਾਸ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕਰਦੀਆਂ ਸਨ, ਇਸ ਲਈ ਉਨ੍ਹਾਂ ਨੇ ਵਿਵਾਦਾਂ ਨੂੰ ਵੀ ਜਨਮ ਦਿੱਤਾ। ਉਨ੍ਹਾਂ ਨੇ ਸਦਾ ਇਕ ਖੁਸ਼ ਰਹਿਣੇ, ਮੁਹੱਬਤੀ ਤੇ ਦਿਲਆਵੇਜ਼ ਸ਼ਖ਼ਸ ਵਾਂਗ ਜੀਵਨ ਬਤੀਤ ਕੀਤਾ। ਉਹ ਅਜਿਹੀ ਮਿਕਨਾਤੀਸੀ ਸ਼ਖ਼ਸੀਅਤ ਦੇ ਮਾਲਕ ਸਨ ਕਿ ਜਿਹੜਾ ਸ਼ਖ਼ਸ ਵੀ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ, ਉਹ ਉਨ੍ਹਾਂ ਦੀ ਮੋਹ ਦੀ ਗੁਰੂਤਾ ਵਿਚੋਂ ਬਾਹਰ ਨਾ ਨਿਕਲ ਸਕਦਾ। ਉਨ੍ਹਾਂ ਦੇ ਛੋਟੇ ਭਰਾਤਾ ਬੇਦੀ ਖੁਸ਼ਹਾਲ ਸਿੰਘ ਜੀ ਵੈਦਰਾਜ ਨੇ ਵੀ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਯੁਰਵੇਦ ਤੇ ਨਿੱਜੀ ਅਨੁਭਵ 'ਤੇ ਅਧਾਰਿਤ ਪੁਸਤਕਾਂ ਦੀ ਰਚਨਾ ਕੀਤੀ। ਉਨ੍ਹਾਂ ਤੋਂ ਪ੍ਰੇਰਿਤ ਉਨ੍ਹਾਂ ਦੇ ਸ. ਕੁਲਵੰਤ ਸਿੰਘ ਸੂਫੀ ਚੰਗੇ ਵਕਤਾ, ਸ. ਹਰਜੀਤ ਸਿੰਘ ਬੇਦੀ ਚੰਗੇ ਕਹਾਣੀਕਾਰ ਸਨ, ਪ੍ਰੋਫੈਸਰ ਹਰਚੰਦ ਸਿੰਘ ਬੇਦੀ ਨੇ ਵੀ ਸਾਹਿਤ-ਆਲੋਚਨਾ, ਸਿੱਖ ਇਤਿਹਾਸ ਤੇ ਪਰਵਾਸੀ ਸਾਹਿਤ ਦੇ ਖੇਤਰ ਵਿਚ, ਵੱਡਾ ਨਾਂ ਕਮਾਇਆ ਹੈ। ਸ. ਦਿਲਜੀਤ ਸਿੰਘ ਬੇਦੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਕੱਤਰ ਆਹੁਦੇ ਤੋਂ ਸੇਵਾਮੁਕਤ ਹੋਏ ਗੁਰਮਤਿ ਸਾਹਿਤ ਤੇ ਇਤਿਹਾਸ ਨਾਲ ਸਬੰਧਤ ਦੋ ਦਰਜਨ ਤੋਂ ਵੱਧ ਪੁਸਤਕਾਂ ਦੀ ਰਚਨਾ ਕੀਤੀ। ਉਹ ਸ਼੍ਰੋਮਣੀ ਕਮੇਟੀ ਦੇ ਮਾਸਕ ਪੱਤਰਾਂ ਦੇ ਲੰਮਾਂ ਸਮਾਂ ਪਬਲੀਸ਼ਰ ਤੇ ਸੰਪਾਦਕ ਵੀ ਰਹੇ। ਪਿਤਾ ਜੀ ਦੀ ਸ਼ਖ਼ਸੀਅਤ ਦਾ ਇਕ ਮੀਰੀ ਗੁਣ ਇਹ ਸੀ ਕਿ ਉਨ੍ਹਾਂ ਨੂੰ ਫਿਲਬਦੀਹ ਸ਼ੇਅਰ ਕਹਿਣ ਤੇ ਉਨ੍ਹਾਂ ਪ੍ਰਤੀ ਵਿਚਾਰ ਪੈਦਾ ਕਰਨ ਦੀ ਬੜੀ ਸਮਝ ਸੀ। ਏਸੇ ਲਈ ਵੱਡੀਆਂ-ਵੱਡੀਆਂ ਮਹਿਫ਼ਲਾਂ ਵਿਚ, ਉਹ ਵਿਦਵਾਨਾਂ ਨਾਲ ਸੰਵਾਦ ਰਚਾਉਂਦੇ ਤੇ ਉਨ੍ਹਾਂ ਨੂੰ ਨਿਰਉੱਤਰ ਕਰ ਦਿੰਦੇ ਸਨ।



ਬੇਦੀ ਲਾਲ ਸਿੰਘ ਸਾਹਿਤਕਾਰ

ਸਾਨੂੰ ਯਾਦ ਹੈ ਕਿ ਬਹੁਤ ਸਮਾਂ ਪਹਿਲਾਂ ਮਾਸਟਰ ਤਾਰਾ ਸਿੰਘ ਨੇ ਇਕ ਵਾਰ ਕਾਸ਼ਤੀਵਾਲ ਵਿਖੇ ਇਕ ਵੱਡੀ ਕਾਨਫਰੰਸ ਕੀਤੀ, ਜਿਸ ਦੇ ਰੂਹੇ-ਰਵਾਂ ਬੇਦੀ ਲਾਲ ਸਿੰਘ ਜੀ ਸਨ। ਬੱਸ ਉਸ ਦਿਨ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਪੰਜਾਬੀ ਦਾ ਸ਼ਾਇਦ ਹੀ ਕੋਈ ਅਖ਼ਬਾਰ ਜਾਂ ਰਸਾਲਾ ਹੋਵੇ, ਜਿਸ ਨੇ ਬੇਦੀ ਸਾਹਿਬ ਦੀਆਂ ਰਚਨਾਵਾਂ ਨੂੰ ਆਦਰ ਸਹਿਤ ਨਾ ਛਾਪਿਆ ਹੋਵੇ। ਉਨ੍ਹਾਂ ਬਾਰੇ ਛਪੇ ਅਭਿਨੰਦਨ ਗ੍ਰੰਥ ਵਿਚ ਸਵਰਗਵਾਸੀ ਡਾ: ਪਿਆਰ ਸਿੰਘ ਨੇ ਲਿਖਿਆ ਕਿ ਬੇਦੀ ਸਾਹਿਬ ਦੀ ਥਾਂ ਜੇਕਰ ਕੋਈ ਹੋਰ ਹੁੰਦਾ ਤਾਂ ਉਹ ਆਪਣੀ ਪਿਛਲੀ ਕੌਮੀ ਸੇਵਾ ਅਤੇ ਘੱਲੂਘਾਰੇ ਵਿਚ ਹੋਏ ਜਾਨੀ ਤੇ ਮਾਲੀ ਨੁਕਸਾਨ ਨੂੰ ਵਰਤ ਕੇ ਰਾਜਨੀਤੀ ਵਿਚ ਆਪਣੀ ਥਾਂ ਬਣਾ ਲੈਂਦਾ, ਪਰ ਇਥੇ ਤਾਂ ਉਹ ਚਤੁਰ ਰਾਜਨੀਤਕ ਨਹੀਂ, ਇਕ ਨਿਰਮਾਣ ਸੇਵਕ ਸੀ। ਸੋ ਉਹ ਤਾਂ ਆਦਰਸ਼ ਕੀਮਤਾਂ ਰੱਖਣ ਵਾਲਾ ਸਾਹਿਤਕਾਰ, ਦੁਨੀਆਂਦਾਰੀ ਤੋਂ ਅਭਿੱਜ ਸਾਹਿਤਕਾਰ। ਬੇਦੀ ਸਾਹਿਬ ਆਪਣੇ ਆਪ ਵਿਚ ਇਕ ਸਦੀ ਦਾ ਇਤਿਹਾਸ ਸਨ, ਉਨ੍ਹਾਂ ਨੇ ਆਪਣੀਆਂ ਯਾਦਾਂ ਨੂੰ ਭਾਵੇਂ ਵਿਧੀਵਤ ਰੂਪ ਵਿਚ ਤਾਂ ਪ੍ਰਕਾਸ਼ਿਤ ਨਹੀਂ ਕਰਵਾਇਆ ਪਰ ਉਹ ਮੂਲ ਰੂਪ ਵਿਚ ਇਕ ਨਿਸ਼ਠਾਵਾਨ ਸਿੱਖ ਸਨ, ਜਿਨ੍ਹਾਂ ਨੇ ਬਾਣੀ ਦੇ ਮਹਾਤਮ ਨੂੰ ਕੇਵਲ, ਸਮਕਾਲੀ ਪ੍ਰਸਥਿਤੀਆਂ ਵਿਚ ਹੀ ਨਹੀਂ, ਸਗੋਂ ਤ੍ਰੈਕਾਲੀ ਦ੍ਰਿਸ਼ਟੀ ਬਿੰਦੂ ਤੋਂ ਵਾਚਣ ਦੀ ਕੋਸ਼ਿਸ਼ ਕੀਤੀ। ਬੇਦੀ ਸਾਹਿਬ ਦੀਆਂ ਦਰਜਨਾਂ ਪੁਸਤਕਾਂ ਤੇ ਸੈਂਕੜੇ ਟ੍ਰੈਕਟ ਛਾਪੇ। ਅਖ਼ਬਾਰਾਂ ਵਿਚ ਛਪੇ ਆਰਟੀਕਲਾਂ ਦੇ ਮਾਧਿਅਮ ਰਾਹੀਂ ਢੇਰਾਂ ਦੋਸਤੀਆਂ ਉਨ੍ਹਾਂ ਨੇ ਬਣਾਈਆਂ। ਉਨ੍ਹਾਂ ਦੀ ਸਾਫ਼ਗੋਈ ਤੇ ਖੁਸ਼ਲਿਬਾਸੀ ਦੁਸ਼ਮਣਾਂ ਦਾ ਹੀ ਦਿਲ ਮੋਹ ਲੈਂਦੀ ਸੀ। ਉਨ੍ਹਾਂ ਦਾ ਦੁਸ਼ਮਣ ਕੋਈ ਨਹੀ ਸੀ, ਲੋਕ ਉਨ੍ਹਾਂ ਨਾਲ ਕਦੀ-ਕਦੀ ਹਸਦ ਕਰਦੇ ਸਨ। ਉਹ ਹਮੇਸ਼ਾਂ ਦੂਜਿਆਂ ਦੇ ਕੰਮ ਆਉਣ ਲਈ ਤਤਪਰ ਰਹਿੰਦੇ ਸਨ।

ਬੇਦੀ ਸਾਹਿਬ ਦੀ ਸ਼ਖ਼ਸੀਅਤ ਦਾ ਇਕ ਹੋਰ ਮੀਰੀ ਗੁਣ ਇਹ ਸੀ ਕਿ ਉਨ੍ਹਾਂ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਰਲ ਕੇ ਇਕ ਭਾਵਪੂਰਤ ਕਿਰਦਾਰ ਸਿਰਜਦੀਆਂ ਸਨ। ਰਫ਼ਤਾਰ ਉਨ੍ਹਾਂ ਦੀ ਹਮੇਸ਼ਾਂ ਤੇਜ਼, ਗੁਫ਼ਤਾਰ ਸੰਜਮੀ ਤੇ ਪ੍ਰਭਾਵੀ, ਦਸਤਾਰ ਬੰਨਣ ਦੀ ਸ਼ੈਲੀ ਅਸਲੋਂ ਵੱਖਰੀ ਤੇ ਨਿਵੇਕਲੀ। ਦਗ-ਦਗ ਕਰਦਾ ਚਿਹਰਾ, ਰੋਸ਼ਨ ਅੱਖਾਂ, ਖਿੜਿਆ ਮਨ ਤੇ ਹੁਲਾਸ ਨਾਲ ਭਰਿਆ ਵਿਹਾਰ। ਉਨ੍ਹਾਂ ਦੀ ਜ਼ਿੰਦਗੀ ਵਿਚ ਤਿੰਨ ਐਕਸੀਡੈਂਟ ਵੀ ਹੋਏ ਅਤੇ ਉਨ੍ਹਾਂ ਨੇ ਹਮੇਸ਼ਾਂ ਆਪਣੇ ਆਤਮਬਲ ਦੇ ਸਹਾਰੇ ਛੇਤੀ ਨਿਰੋਗ ਹੋ ਕੇ ਡਾਕਟਰਾਂ ਤੇ ਸਬੰਧੀਆਂ ਨੂੰ ਅਚੰਭਿਤ ਕੀਤਾ। ਉਨ੍ਹਾਂ ਨੇ ਲੰਬਾਂ ਸਮਾਂ ਆਪਣੀਆਂ ਅੱਖਾਂ ਗੁਆ ਚੁੱਕੀ ਪਤਨੀ ਦੀ ਆਦਰਸ਼ਕ ਪੱਧਰ 'ਤੇ ਸੇਵਾ ਕੀਤੀ। ਉਨ੍ਹਾਂ ਨੇ ਇਨ੍ਹਾਂ ਮਾਨਵੀ ਤੇ ਦਿਆਲੂ ਸੁਭਾਅ ਕਰਕੇ ਹੀ ਉਨ੍ਹਾਂ ਦੇ ਪ੍ਰਸ਼ੰਸਕਾਂ ਤੇ ਪਿਆਰਿਆਂ ਦਾ ਘੇਰਾ ਹਮੇਸ਼ਾਂ ਵਸੀਹ ਹੁੰਦਾ ਗਿਆ। ਉਨ੍ਹਾਂ ਦੀ ਸ਼ਖ਼ਸੀਅਤ ਹੀ ਇੰਨੀ ਪਿਆਰੀ ਸੀ ਕਿ ਬਹੁਤੇ ਕਲਮਕਾਰ ਉਨ੍ਹਾਂ ਪਾਸੋਂ ਸਿੱਖਿਆ ਦੀਖਿਆ ਲੈਣ ਲਈ ਨਿਰੰਤਰ ਉਨ੍ਹਾਂ ਕੋਲ ਆਪਣਾ ਡੇਰਾ ਜਮਾਈ ਰੱਖਦੇ ਸਨ।

ਅੰਤਿਮ ਛਿਣਾਂ ਵਿਚ ਉਨ੍ਹਾਂ ਨੇ ਕਾਗਜ਼ 'ਤੇ ਲਿਖ ਕੇ ਦਿੱਤਾ ਕਿ "ਸਾਡਾ ਹੁਣ ਅੰਤਮ ਸਮਾਂ ਆ ਗਿਆ ਹੈ।" ਇਸ ਉਪਰੰਤ ਉਨ੍ਹਾਂ ਪਾਣੀ ਦਾ ਸੇਵਨ ਕੀਤਾ ਤੇ ਇਸ ਫ਼ਾਨੀ ਸੰਸਾਰ ਨੂੰ ਤਿਆਗ ਗਏ। ਅਜਿਹੇ ਕਰਮਯੋਗੀ ਤੇ ਪੁਰਸ਼ਾਰਥ ਨਾਲ ਭਰਪੂਰ ਵਿਅਕਤੀਆਂ ਦੀ ਜ਼ਿੰਦਗੀ ਜਿਥੇ ਪ੍ਰੇਰਨਾ ਦਾ ਸੋਮਾ ਬਣਦੀ ਹੈ, ਉਥੇ ਅਨੁਕਰਣ ਦਾ ਹੀ ਸਬੱਬ ਬਣਦੀ ਹੈ। ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਹਮੇਸ਼ਾਂ ਜ਼ਾਲਮ, ਜ਼ੁਲਮ ਤੇ ਮਜ਼ਲੂਮ ਵਿਚ ਤਮੀਜ਼ ਕਰਨ ਦੀ ਜਾਂਚ ਦੱਸੀ। ਉਹ ਸ਼ਬਦਾਂ ਦੇ ਰੂਪਾਂਤ੍ਰਣ ਨਾਲ ਮਨੁੱਖੀ ਮਾਨਸਿਕਤਾ ਵਿਚ ਹੋ ਰਹੀ ਤਬਦੀਲੀ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੇ। ਉਨ੍ਹਾਂ ਪਰਮਾਰਥ, ਪੁਰਸ਼ਾਰਥ, ਪਦਾਰਥ ਤੇ ਸਵਾਰਥ ਨੂੰ ਇਕ ਅਜਿਹੀ ਦ੍ਰਿਸ਼ਟੀ ਵਾਂਗ ਗ੍ਰਹਿਣ ਕੀਤਾ, ਜੋ ਸਵਾਰਥ ਦੇ ਚਰਿੱਤਰ ਤੋਂ ਵਿੱਥ ਰੱਖ ਕੇ ਵਿਚਰਦੀ ਸੀ। ਅਸੀਂ ਮਹਿਸੂਸ ਕਰਦੇ ਹਾਂ ਕਿ ਭਾਵੇਂ ਉਹ ਆਪਣੇ ਪਿੱਛੇ ਪੰਜ ਪੁੱਤਰ ਤੇ ਦੋ ਧੀਆਂ ਛੱਡ ਗਏ ਸਨ, ਜੋ ਆਪੋ ਆਪਣੇ ਖੇਤਰਾਂ ਵਿਚ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਹਨ ਪਰ ਉਨ੍ਹਾਂ ਦੀ ਪ੍ਰੇਰਨਾਦਾਇਕ ਸ਼ਖ਼ਸੀਅਤ ਅਤੇ ਉਨ੍ਹਾਂ ਵੱਲੋਂ ਸਿਰਜੇ ਗਏ ਬੇਸ਼ਕੀਮਤੀ ਪ੍ਰਬੰਧ ਹੀ, ਅਜਿਹੀ ਕੁੰਜੀ ਹੈ, ਜੋ ਅੱਜ ਚੰਗੇਰੇ ਸਮਾਜ ਦੀ ਸਿਰਜਣਾ ਲਈ ਸਾਰਥਿਕ ਤੇ ਮੁੱਲਵਾਨ ਭੂਮਿਕਾ ਨਿਭਾ ਸਕਦੀ ਹੈ। ਪਹਿਲਾਂ ਉਨ੍ਹਾਂ ਨੇ ਦੇਸ਼ ਸੇਵਕ ਦਲ ਬਣਾਇਆ ਜੋ ਜਨ ਸੇਵਾ ਨੂੰ ਸਮਰਪਿਤ ਸੀ। ਫਿਰ ਉਨ੍ਹਾਂ ਨੇ ਥਾਣਿਆਂ ਤੇ ਕਾਨੂੰਨ ਤੋਂ ਵਿੱਥ ਥਾਪ ਕੇ ਸਮਾਜਿਕ ਨਿਆਂ ਲਈ, ਭਾਈਚਾਰਕ ਕਚਹਿਰੀਆਂ ਬਣਾਈਆਂ ਤੇ ਭਾਈਬੰਦੀ ਦੇ ਨੇਮਾਂ ਅਨੁਸਾਰ ਝਗੜੇ ਦੇ ਨਿਪਟਾਰੇ ਕੀਤੇ। ਮਜ਼ਦੂਰਾਂ ਦੀਆਂ ਆਬਾਦੀਆਂ ਵਿਚ ਰਹਿ ਕੇ ਉਨ੍ਹਾਂ ਨੇ ਜਾਗਰੂਕਤਾ ਤੇ ਸ਼ਊਰ ਪੈਦਾ ਕੀਤਾ। ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸ਼ਬਦਾਂ ਵਿਚ ਪਕੜ ਸਕਣਾ ਸੰਭਵ ਨਹੀਂ, ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਅਜਿਹੇ ਵਿਅਕਤੀ ਨੂੰ ਬਿਰਤਾਂਤ ਵਿਚ ਢਾਲਣ ਲੱਗਿਆਂ ਭਾਸ਼ਾ ਵੀ ਊਣੀ-ਊਣੀ ਤੇ ਸੱਖਣੀ-ਸੱਖਣੀ ਮਹਿਸੂਸ ਕਰਦੀ ਹੈ।

ਬੇਦੀ ਜੀ ਦੇ ਅਕਾਲ ਚਲਾਣੇ ਬਾਰੇ ਸੁਣ ਕੇ, ਉਨ੍ਹਾਂ ਦੇ ਸੁਨੇਹੀਆਂ ਨੂੰ ਵਿਸ਼ਵਾਸ ਨਹੀਂ ਸੀ ਆਉਂਦਾ, ਕਿਉਂਕਿ ਉਹ ਨਿਰੰਤਰ ਉਨ੍ਹਾਂ ਨੂੰ ਜੀਵਨ ਦੇ ਕਿਸੇ ਨਾ ਕਿਸੇ ਮੋੜ 'ਤੇ ਹੱਸਦੇ ਖੇਡਦੇ, ਅਸੀਸਾਂ ਦੇਂਦੇ ਮਿਲੇ ਸਨ। ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਡਾ: ਬਲਬੀਰ ਸਿੰਘ ਵਰਗੇ ਚਿੰਤਕ ਸਾਹਿਤਕਾਰਾਂ ਦੀ ਉੱਤਰਕਾਲੀ ਪੀੜ੍ਹੀ ਵਿਚੋਂ ਬੇਦੀ ਜੀ ਉਹ ਵਿਦਵਾਨ ਸਨ, ਜਿਨ੍ਹਾਂ ਨੇ ਸਾਰੀ ਉਮਰ ਨਿਰਸਵਾਰਥ ਹੋ ਕੇ ਸਾਹਿਤ ਸਾਧਨਾ ਕੀਤੀ ਅਤੇ ਕਦੀ ਇਸ ਸਾਧਨਾ ਲਈ ਕਿਸੇ ਲਾਭ ਦੀ ਇੱਛਾ ਨਹੀਂ ਕੀਤੀ। 01 ਮਈ, 2000 ਨੂੰ ਉਹ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

# ਇਤਿਹਾਸਕ ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ

-ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ
ਮੋਬ : 75279-31887
(Punjab Mail USA)




ਇਸ ਪਾਵਨ ਪਵਿੱਤਰ ਅਸਥਾਨ 'ਤੇ ਸਿੱਖਾਂ ਦੇ ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਧੜ ਦਾ ਸੰਸਕਾਰ ਭਾਈ ਸ਼ਾਹ ਬਣਜਾਰਾ ਤੇ ਉਨ੍ਹਾਂ ਦੇ ਪੁੱਤਰ ਨਗਾਹੀਆ ਜੀ ਨੇ ਕੀਤਾ ਸੀ। ਇਸ ਤੋਂ ਪਹਿਲਾਂ ਇਸ ਥਾਂ 'ਤੇ ਭਾਈ ਲੱਖੀ ਸ਼ਾਹ ਬਣਜਾਰੇ ਦਾ ਮਕਾਨ ਹੁੰਦਾ ਸੀ। ਜਦੋਂ ਨੌਂਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਚਾਂਦਨੀ ਚੌਂਕ ਸਥਿਤ ਗੁਰਦੁਆਰਾ ਸੀਸ ਗੰਜ ਸਾਹਿਬ ਵਾਲੇ ਅਸਥਾਨ 'ਤੇ 11 ਨਵੰਬਰ, 1675 ਈਸਵੀ ਨੂੰ ਸ਼ਹੀਦ ਕੀਤੇ ਗਏ ਤਾਂ ਉਥੋ ਗੁਰੂ ਸਾਹਿਬ ਦਾ ਪਵਿੱਤਰ ਸੀਸ ਭਾਈ ਜੈਤਾ ਜੀ ਬੜੀ ਫੁਰਤੀ ਤੇ ਦਲੇਰੀ ਨਾਲ ਸ੍ਰੀ ਅਨੰਦਪੁਰ ਸਾਹਿਬ ਲੈ ਗਏ ਤਾਂ ਜੋ ਗੁਰੂ ਸਾਹਿਬ ਦੇ ਪਵਿੱਤਰ ਸੀਸ ਨੂੰ ਕਿਸੇ ਵੀ ਨਿਰਾਦਰੀ ਤੋਂ ਬਚਾਇਆ ਜਾ ਸਕੇ। ਗੁਰੂ ਸਾਹਿਬ ਦੇ ਪਵਿੱਤਰ ਧੜ ਨੂੰ ਲੱਖੀ ਸ਼ਾਹ ਬਣਜਾਰਾ ਜੀ ਇਧਰੋਂ ਲੰਘਦਾ ਹੋਇਆ ਆਪਣੇ ਰੂੰ ਦੇ ਗੱਡਿਆਂ ਵਿਚ ਲੁਕਾ ਕੇ ਚਾਂਦਨੀ ਚੌਂਕ ਤੋਂ ਇਸ ਥਾਂ ਆਪਣੇ ਘਰ ਲੈ ਆਏ ਸੀ। ਜਦੋਂ ਉਨ੍ਹਾਂ ਵੇਖਿਆ ਕਿ ਸ਼ਾਹੀ ਜਾਸੂਸ ਧੜ ਦੀ ਤਲਾਸ਼ ਵਿਚ ਦਿੱਲੀ ਦਾ ਚੱਪਾ-ਚੱਪਾ ਲੱਭ ਰਹੇ ਹਨ, ਤਾਂ ਉਨ੍ਹਾਂ ਨੇ ਗੱਡਿਆਂ ਤੋਂ ਸਾਰਾ ਰੂੰ ਆਪਣੇ ਘਰ ਦੇ ਵਿਚ ਰੱਖ ਕੇ ਤੇ ਗੁਰੂ ਜੀ ਦੇ ਪਵਿੱਤਰ ਧੜ ਨੂੰ ਉਸ ਰੂੰ 'ਤੇ ਨੌਵੇਂ ਪਾਤਸ਼ਾਹ ਦਾ ਪਵਿੱਤਰ ਧੜ ਰੱਖ ਕੇ ਸਾਰੇ ਘਰ ਨੂੰ ਅਗਨੀ ਭੇਂਟ ਕਰਕੇ ਰਾਤ ਵੇਲੇ ਧੜ ਦਾ ਸੰਸਕਾਰ ਕਰ ਦਿੱਤਾ ਸੀ। ਧੜ ਦੇ ਸੰਸਕਾਰ ਉਪਰੰਤ ਉਨ੍ਹਾਂ ਦੋਵੇਂ ਪਿਉ-ਪੁੱਤਰਾਂ ਨੇ ਅਸਥੀਆਂ ਨੂੰ ਇਕ ਮਿੱਟੀ ਦੇ ਭਾਂਡੇ ਵਿਚ ਪਾ ਕੇ ਅੰਗੀਠੇ ਵਾਲੀ ਥਾਂ ਧਰਤੀ ਹੇਠ ਦੱਬ ਦਿੱਤਾ ਸੀ। ਪਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੱਖਣ ਵੱਲ੍ਹ ਨੂੰ ਏਥੋਂ ਹੋ ਕੇ ਗਏ, ਤਾਂ ਉਨ੍ਹਾਂ ਨੇ ਇਨ੍ਹਾਂ ਅਸਥੀਆਂ ਦੇ ਦਰਸ਼ਨਾਂ ਉਪਰੰਤ ਇਹ ਅਸਥੀਆਂ ਇਕ ਲੋਹੇ ਦੀ ਗਾਗਰ ਵਿਚ ਪਵਾ ਕੇ ਉਥੇ ਹੀ ਦੱਬ ਦਿੱਤੀਆਂ ਸਨ। ਇਸ ਘਟਨਾ ਤੋਂ ਬਾਅਦ ਸਿੱਖ ਮਿਸਲਾਂ ਦੇ ਜ਼ਮਾਨੇ ਵਿਚ ਜਦ ਕਰੋੜ ਸਿੰਘੀਆਂ ਮਿਸਲ ਦੇ ਜਥੇਦਾਰ ਬਾਬਾ ਬਘੇਲ ਸਿੰਘ ਨੇ ਦਿੱਲੀ ਫਤਿਹ ਕੀਤੀ, ਤਾਂ ਉਨ੍ਹਾਂ ਨੇ ਇਸ ਪਵਿੱਤਰ ਅਸਥਾਨ ਉੱਤੇ ਗੁਰੂ ਜੀ ਦੀ ਯਾਦਗਾਰ ਉਸਾਰੀ ਸੀ। ਇਸ ਤੋਂ ਪਹਿਲਾਂ ਇਸ ਅਸਥਾਨ 'ਤੇ ਦਿੱਲੀ ਦੇ ਮੁਸਲਮਾਨਾਂ ਨੇ ਮਸੀਤ ਬਣਾ ਲਈ ਸੀ। ਭਾਈ ਲੱਖੀ ਸ਼ਾਹ ਬਣਜਾਰੇ ਦੇ ਵਕਤ ਇਥੇ ਇਕ ਰਕਾਬ ਗੰਜ ਪਿੰਡ ਘੁੱਗ ਵਸਦਾ ਹੁੰਦਾ ਸੀ। ਏਸ ਪਿੰਡ ਦਾ ਨਾਮ ਰਕਾਬ ਗੰਜ ਇਸ ਕਰਕੇ ਪਿਆ ਸੀ ਕਿਉਂਕਿ ਏਸ ਪਿੰਡ ਦੇ ਅੰਦਰ ਸ਼ਹਿਨਸ਼ਾਹ ਹਿੰਦ ਦੇ 'ਹਮ-ਰਕਾਬ' ਭਾਵ ਬਾਡੀਗਾਰਡ ਰਿਹਾਇਸ਼ ਰੱਖਿਆ ਕਰਦੇ ਸਨ, ਇਸ ਲਈ ਇਸ ਪਿੰਡ ਦਾ ਨਾਮ 'ਰਕਾਬ ਗੰਜ' ਪ੍ਰਸਿੱਧ ਹੋ ਗਿਆ ਸੀ। ਇਸ ਪਿੰਡ ਦੇ ਬਹੁਤੇ ਬਾਸ਼ਿੰਦੇ ਮੁਗ਼ਲ ਫੌਜ ਦੇ ਰਿਸਾਲੇ ਲਈ ਚਮੜੇ ਦੇ ਚਮੋਟੇ ਆਦਿ ਬਣਾਉਂਦੇ ਸਨ। ਜਿਸਦੇ ਵਸਨੀਕ ਕੁੱਝ ਚਿਰ ਪਿੱਛੋਂ ਹੋਰ ਥਾਂ ਜਾ ਕੇ ਵਸ ਗਏ ਸਨ। ਇਸ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੀ ਮੁੜ ਸੇਵਾ ਸਰਦਾਰ ਹਰਨਾਮ ਸਿੰਘ ਸੂਰੀ (ਪੂਸਾ ਰੋਡ ਵਾਲਿਆਂ) ਨੇ 8 ਜਨਵਰੀ 1957 ਈਸਵੀਂ ਨੂੰ ਕਰਵਾਈ। ਇਹ ਗੁਰਦੁਆਰਾ ਸਾਹਿਬ ਸੰਸਦ ਭਵਨ ਦੇ ਨੇੜੇ ਪੰਤ ਮਾਰਗ 'ਤੇ ਸੁਸ਼ੋਭਿਤ ਹੈ।



**ਗੱਲਾਂ ਦੇ ਨਾਲ ਢਿੱਡ ਨਹੀਂ ਭਰਨਾ, ਲੇਖਾ ਲੱਖਣ ਲਾ ਕੇ ਸਰਨਾ**
**ਜੋ ਹੋਵੇ ਸੋ ਪੱਕੇ ਪੈਰੀਂ, ਹੜਤਾਲ ਕਰੋ ਜਾਂ ਦੇਵੋ ਧਰਨਾ**
**ਆਗੂ ਨੇ ਜੇ ਅਟਕਲ ਮਾਰੀ, ਲੋਕਾਂ ਨੇ ਹਰਜਾਨਾ ਭਰਨਾ**

# ਮੋਰਿੰਡੇ ਅਤੇ ਗੋਲੇਵਾਲਾ ਵਿਚ ਬਾਣੀ ਦੀਆਂ ਬੇਅਦਬੀਆਂ ਨੇ ਕੱਢੇ ਤ੍ਰਾਹ

## ਭਾਈ ਅੰਮ੍ਰਿਤਪਾਲ ਸਿੰਘ ਦੀ ਨਾਟਕੀ ਗ੍ਰਿਫਤਾਰੀ ਤੇ ਉੱਠ ਰਹੇ ਨੇ ਸਵਾਲ
## ਫਿਲਮ 'ਅੰਨ੍ਹੀ ਦਿਆ ਮਜ਼ਾਕ ਆ' ਖਿਲਾਫ ਨੇਤਰ ਹੀਣ ਸਮਾਜ ਦਾ ਤਿੱਖਾ ਰੋਸ





**ਕੁਲਵੰਤ ਸਿੰਘ 'ਢੇਸੀ'**
**ਕਾਵੈਂਟਰੀ**
kulwantsinghdhesi@hotmail.com
(Punjab Mail USA)




### ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡੇ ਵਿਚ ਘੋਰ ਬੇਅਦਬੀ

ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਵਿਖੇ ਇੱਕ ਮਹਾਂ ਪਾਪੀ ਵਿਅਕਤੀ ਨੇ ਸਣੇ ਬੂਟਾਂ ਗੁਰਦੁਆਰੇ ਵਿਚ ਦਾਖਲ ਹੋ ਕੇ ਹਜ਼ੂਰੀ ਵਿਚ ਬੈਠੇ ਦੋ ਗ੍ਰੰਥੀ ਸਿੰਘਾਂ ਦੀ ਕੁੱਟਮਾਰ ਕਰਦਿਆਂ ਉਨ੍ਹਾਂ ਦੀਆਂ ਦਸਤਾਰਾਂ ਉਤਾਰ ਦਿੱਤੀਆਂ ਅਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ 'ਤੇ ਹਮਲਾਵਰ ਹੋ ਗਿਆ। ਇਹ ਘਟਨਾ ਸੋਮਵਾਰ ਦਿਨ ਦੇ ਕਰੀਬ ਡੇਢ ਵਜੇ ਹੋਈ। ਇਸ ਵਿਅਕਤੀ ਨੂੰ ਮੌਕੇ 'ਤੇ ਫੜ ਲਿਆ ਗਿਆ ਅਤੇ ਗੁੱਸੇ ਵਿਚ ਆਏ ਸਿੰਘਾਂ ਨੇ ਇਸ ਵਿਅਕਤੀ ਦੀ ਕੁੱਟਮਾਰ ਵੀ ਕੀਤੀ। ਇਸ ਘਟਨਾ ਉਪਰੰਤ ਇਲਾਕੇ ਵਿਚ ਵੱਡਾ ਪ੍ਰਤੀਕਰਮ ਹੋਇਆ ਅਤੇ ਸੰਗਤਾਂ ਨੇ ਰੋਸ ਮੁਜ਼ਾਹਰਾ ਕਰਦਿਆਂ ਟਰੈਫਿਕ ਜਾਮ ਕਰ ਦਿੱਤੀ ਅਤੇ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ। ਕਿਹਾ ਜਾਂਦਾ ਹੈ ਕਿ ਦੋਸ਼ੀ ਨੇ ਦੋ ਸਾਲ ਪਹਿਲਾਂ ਆਪਣੇ ਟਰੈਕਟਰ ਨਾਲ ਕਈ ਗੱਡੀਆਂ ਦੀ ਭੰਨਤੋੜ ਵੀ ਕੀਤੀ ਸੀ ਪਰ ਪੁਲਿਸ ਨੇ ਇਸ ਦੇ ਖਿਲਾਫ ਕੋਈ ਵੀ ਕੇਸ ਦਰਜ ਨਹੀਂ ਸੀ ਕੀਤਾ। ਇਹ ਵਿਅਕਤੀ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦਾ ਗੁਆਂਢੀ ਦੱਸਿਆ ਜਾਂਦਾ ਹੈ ਅਤੇ ਇਹ ਮੋਰਿੰਡੇ ਦਾ ਹੀ ਰਹਿਣ ਵਾਲਾ ਹੈ।

ਇਹ ਸ਼ੰਕਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਬੇਅਦਬੀ ਦੇ ਹੋਰ ਕੇਸਾਂ ਵਾਂਗ ਇਸ ਕੇਸ ਵਿਚ ਵੀ ਦੋਸ਼ੀ ਨੂੰ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਕਰਾਰ ਦੇ ਕੇ ਮਾਮਲੇ ਨੂੰ ਰਫਾ-ਦਫਾ ਕਰ ਦਿੱਤਾ ਜਾਵੇਗਾ। ਪਿਛਲੇ ਲੰਬੇ ਸਮੇਂ ਤੋਂ ਪੁਲਿਸ ਅਤੇ ਪ੍ਰਸ਼ਾਸਨ ਇਸ ਗੱਲ ਦਾ ਉੱਤਰ ਨਹੀਂ ਦੇ ਸਕੇ ਕਿ ਆਖਿਰ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਲੋਕ ਗੁਰਬਾਣੀ ਜਾਂ ਗੁਰਦੁਆਰਿਆਂ 'ਤੇ ਹੀ ਹਮਲਾਵਰ ਕਿਉਂ ਹੁੰਦੇ ਹਨ?

ਖਿਆਲ ਕਰਨ ਵਾਲੀ ਗੱਲ ਇਹ ਹੈ ਕਿ ਜ਼ਿਲ੍ਹਾ ਰੋਪੜ ਦਾ ਇਹ ਇਤਿਹਾਸਕ ਗੁਰਦੁਆਰਾ ਉਸ ਮਹਾਨ ਸਾਕੇ ਨਾਲ ਸਬੰਧਤ ਹੈ, ਜਦੋਂ ਦਸਮ ਪਿਤਾ ਦੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਰਸੋਈਏ ਗੰਗੂ ਦੀ ਇਤਲਾਹ 'ਤੇ ਕੋਤਵਾਲ ਜਾਨੀ ਖਾਂ ਅਤੇ ਮਾਨੀ ਖਾਂ ਨੇ ਗ੍ਰਿਫਤਾਰ ਕਰਕੇ ਇਸ ਕੋਤਵਾਲੀ ਵਿਚ ਲਿਆਂਦਾ ਜਿਥੇ ਮਾਤਾ ਜੀ ਨੇ ਛੋਟੇ ਸਾਹਿਬਜ਼ਾਦਿਆਂ ਨਾਲ ਰਾਤ ਗੁਜ਼ਾਰੀ ਸੀ। ਸ਼੍ਰੋਮਣੀ ਕਮੇਟੀ ਇਸ ਗੱਲੋਂ ਜਵਾਬਦੇਹ ਹੈ ਕਿ ਇਨ੍ਹਾਂ ਮਹਾਨ ਗੁਰਦੁਆਰਿਆਂ ਵਿਚ ਕਮੇਟੀ ਦੇ ਸੁਰੱਖਿਆ ਕਰਮੀਆਂ ਅਤੇ ਟਹਿਲੀਏ ਗੁਰਸਿੱਖਾਂ ਦੀ ਕਾਰਗੁਜ਼ਾਰੀ ਏਨੀ ਢਿੱਲੀ ਕਿਉਂ ਹੁੰਦੀ ਹੈ ਕਿ ਬੇਅਦਬੀਆਂ ਕਰਨ ਵਾਲੇ ਵਗੈਰ ਕਿਸੇ ਰੋਕ-ਟੋਕ ਤੋਂ ਵਾਰਦਾਤਾਂ ਕਰ ਜਾਂਦੇ ਹਨ।

### ਫਰੀਦਕੋਟ ਦੇ ਪਿੰਡ ਗੋਲੇਵਾਲਾ ਵਿਚ ਗੁਟਕਾ ਸਾਹਿਬ ਦੀ ਬੇਅਦਬੀ

ਐਤਵਾਰ 23 ਅਪ੍ਰੈਲ ਨੂੰ ਫਰੀਦਕੋਟ ਦੇ ਪਿੰਡ ਗੋਲੇਵਾਲਾ ਵਿਚ ਕਾਰ ਵਿਚ ਆਏ ਕਲਯੁਗੀ ਵਿਅਕਤੀਆਂ ਨੇ ਗੁਟਕਾ ਸਾਹਿਬ ਦੇ ਅੰਗ ਖਿਲਾਰਨ ਦਾ ਮਹਾਂ ਅਪਰਾਧ ਕੀਤਾ ਹੈ। ਇਸ ਘਟਨਾ ਦੀ ਜਦੋਂ ਪੁਲਿਸ ਕੋਲ ਐੱਫ.ਆਈ.ਆਰ. ਦਰਜ ਕਰਵਾਈ ਗਈ, ਤਾਂ ਪੁਲਿਸ ਨੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਛਾਣ-ਬੀਣ ਕਰਦਿਆਂ ਕਾਰ ਦੀ ਰਜਿਸਟਰੇਸ਼ਨ ਟਰੇਸ ਕਰਕੇ ਬਾਰਾਂ ਘੰਟਿਆਂ ਵਿਚ ਦੋਸ਼ੀਆਂ ਦੀ ਭਾਲ ਕਰ ਲਈ। ਇਸ ਘਟਨਾ ਨਾਲ ਦੋ ਦੋਸ਼ੀ ਨਾਮਜਦ ਕੀਤੇ ਗਏ। ਅਦਾਲਤ ਵਲੋਂ ਇਨ੍ਹਾਂ ਦੋਸ਼ੀਆਂ ਦਾ ਚਾਰ ਦਿਨਾਂ ਦਾ ਪੁਲਿਸ ਰਿਮਾਂਡ ਦਿੱਤਾ ਗਿਆ। ਇਸ ਘਟਨਾ ਨਾਲ ਸਬੰਧਤ ਦੋਵੇਂ ਦੋਸ਼ੀ ਇਸਾਈ ਧਰਮ ਨਾਲ ਸਬੰਧਤ ਹਨ।

ਜਿਵੇਂ ਕਿ ਬੇਅਦਬੀਆਂ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ, ਤਾਂ ਸੰਭਾਵਨਾ ਤੀਬਰ ਹੁੰਦੀ ਜਾ ਰਹੀ ਹੈ ਕਿ ਅਉਣ ਵਾਲੇ ਸਮੇਂ ਵਿਚ ਸ਼ਾਇਦ ਰੋਸ ਤੇ ਰੋਹ ਵਿਚ ਆਏ ਲੋਕ ਦੋਸ਼ੀਆਂ ਨੂੰ ਤਤਕਾਲ ਹੀ ਸਜ਼ਾ ਦੇਣ ਲਈ ਉਤਾਵਲੇ ਹੋ ਜਾਣਗੇ। ਪੁਲਿਸ ਅਤੇ ਪ੍ਰਸ਼ਾਸਨਿਕ ਪੱਧਰ 'ਤੇ ਇਸ ਮੁੱਦੇ ਨੂੰ ਸੁਲਝਾਏ ਨਾ ਜਾਣ ਪਿੱਛੇ ਲੁਕੇ ਹੋਏ ਸਿਆਸੀ ਹਿੱਤਾਂ ਦੀਆਂ ਵੀ ਕੁਝ ਚਿੰਤਕਾਂ ਵਲੋਂ ਅਟਕਲਾਂ ਲਾਈਆਂ ਜਾ ਰਹੀਆਂ ਹਨ।

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਕਿਹਾ ਕਿ ਦੋਸ਼ੀਆਂ ਨੂੰ ਐਸੀ ਸਖਤ ਤੋਂ ਸਖਤ ਸਜ਼ਾ ਦੇਣੀ ਚਾਹੀਦੀ ਹੈ, ਤਾਂ ਕਿ ਮੁੜ ਕੋਈ ਵਿਅਕਤੀ ਇਸ ਤਰ੍ਹਾਂ ਦਾ ਪਾਪ ਨਾ ਕਰੇ। ਮੁਖ ਮੰਤਰੀ ਪੰਜਾਬ ਭਗਵੰਤ ਸਿੰਘ ਨੇ ਇਸ ਨੂੰ ਬੇਹੱਦ ਨਿੰਦਣਯੋਗ ਘਟਨਾ ਕਰਾਰ ਦਿੰਦਿਆ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੀ ਪ੍ਰੋੜਤਾ ਕੀਤੀ ਹੈ ਅਤੇ ਇਹ ਵੀ ਕਿਹਾ ਕਿ ਸਾਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਪ੍ਰਮੁੱਖ ਹੈ।

### ਭਾਈ ਅੰਮ੍ਰਿਤਪਾਲ ਸਿੰਘ ਦੀ ਨਾਟਕੀ ਤੌਰ 'ਤੇ ਹੋਈ ਗ੍ਰਿਫਤਾਰੀ

ਐਤਵਾਰ 23 ਅਪ੍ਰੈਲ ਨੂੰ ਸਵੇਰੇ ਕਰੀਬ ਪੌਣੇ ਸੱਤ ਵਜੇ ਭਾਈ ਅਮ੍ਰਿਤਪਾਲ ਸਿੰਘ ਦੀ ਮੋਗੇ ਦੇ ਪਿੰਡ ਰੋਡੇ ਦੇ ਗੁਰਦੁਆਰਾ ਸਾਹਿਬ ਤੋਂ ਹੋਈ ਗ੍ਰਿਫਤਾਰੀ ਦੇ ਸਬੰਧ ਵਿਚ ਸੋਸ਼ਲ ਮੀਡੀਏ 'ਤੇ ਇੱਕ ਅਜੀਬ ਬਹਿਸ ਛਿੜ ਗਈ ਹੈ। ਕੋਈ ਇਸ ਨੂੰ ਆਤਮ ਸਮਰਪਣ ਕਹਿ ਰਿਹਾ ਹੈ, ਕੋਈ ਗ੍ਰਿਫਤਾਰੀ ਕਹਿ ਰਿਹਾ ਹੈ ਅਤੇ ਅਨੇਕਾਂ ਲੋਕ ਇਹ ਵੀ ਕਹਿ ਰਹੇ ਹਨ ਕਿ ਉਸ ਨੂੰ ਗ੍ਰਿਫਤਾਰ ਤਾਂ ਪਹਿਲਾਂ ਹੀ ਕੀਤਾ ਹੋਇਆ ਸੀ ਅਤੇ ਹੁਣ ਪੁਲਿਸ ਦੀ ਮਿਲੀਭੁਗਤ ਨਾਲ ਇਸ ਗ੍ਰਿਫਤਾਰੀ ਨੂੰ ਜਨਤਕ ਕਰਨ ਲਈ ਇੱਕ ਨਾਟਕ ਰਚਿਆ ਗਿਆ ਹੈ। ਇਸ ਗ੍ਰਿਫਤਾਰੀ ਦੇ ਸਬੰਧ ਵਿਚ ਕਿਸੇ ਨਤੀਜੇ 'ਤੇ ਪਹੁੰਚਣ ਲਈ ਅਸੀਂ ਭਾਈ ਅੰਮ੍ਰਿਤਪਾਲ ਸਿੰਘ, ਪੁਲਿਸ ਅਫਸਰ ਅਤੇ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਅਤੇ ਸੰਤਾਂ ਦੇ ਭਤੀਜੇ ਭਾਈ ਜਸਵੀਰ ਸਿੰਘ ਰੋਡੇ ਦੇ ਬਿਆਨਾਂ 'ਤੇ ਨਜ਼ਰਸਾਨੀ ਕਰਾਂਗੇ। ਇੱਕ ਗੱਲ ਸਪੱਸ਼ਟ ਹੈ ਕਿ 'ਕੌਮੀ ਇਨਸਾਫ ਮੋਰਚੇ' ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਜੋ ਮੋਰਚਾ ਚੱਲ ਰਿਹਾ ਹੈ, ਹੁਣ ਉਨ੍ਹਾਂ ਸਿੰਘਾਂ ਦੀ ਸੂਚੀ ਹੋਰ ਲੰਬੀ ਹੋ ਗਈ ਹੈ। ਭਾਰਤ ਵਿਚ ਦੇਸ਼ ਧ੍ਰੋਹ ਦੇ ਦੋਸ਼ ਤਹਿਤ ਗ੍ਰਿਫਤਾਰ ਸਿੱਖਾਂ ਦੇ ਕੇਸਾਂ ਨੂੰ ਸਰਕਾਰ ਵਰ੍ਹਿਆਂਬੱਧੀ ਲਟਕਾ ਸਕਦੀ ਹੈ, ਜੱਗੀ ਜੌਹਲ ਇਸ ਦੀ ਸਪੱਸ਼ਟ ਮਿਸਾਲ ਹੈ। ਹੁਣ ਅਸੀਂ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਦੇ ਸਬੰਧ ਵਿਚ ਉਸ ਦੇ ਆਪਣੇ ਬਿਆਨ, ਪੁਲਿਸ ਅਫਸਰ ਦੇ ਬਿਆਨ ਅਤੇ ਭਾਈ ਜਸਬੀਰ ਸਿੰਘ ਰੋਡੇ ਦੇ ਬਿਆਨਾ ਨੂੰ ਹੂਬਹੂ ਪੇਸ਼ ਕਰ ਰਹੇ ਹਾਂ।

ਇੱਕ ਵੀਡੀਓ ਵਿਚ ਭਾਈ ਅੰਮ੍ਰਿਤਪਾਲ ਸਿੰਘ ਪਿੰਡ ਰੋਡੇ ਦੇ 'ਗੁਰਦੁਆਰਾ ਸੰਤ ਖਾਲਸਾ' ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਅੱਗੇ ਮੱਥਾ ਟੇਕਦੇ ਦਿਖਾਏ ਜਾ ਰਹੇ ਹਨ ਅਤੇ ਦੂਸਰੀ ਵੀਡੀਓ ਵਿਚ ਭਾਈ ਅੰਮ੍ਰਿਤਪਾਲ ਸਿੰਘ ਸਟੇਜ ਤੋਂ ਕਥਾ ਕਰਦੇ ਹੋਏ ਸੰਗਤਾਂ ਨੂੰ ਸੰਬੋਧਨ ਕਰ ਰਹੇ ਹਨ। ਇਹ ਗੁਰਦੁਆਰਾ ਸਾਹਿਬ ਪਿੰਡ ਰੋਡੇ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਅਸਥਾਨ 'ਤੇ ਸਥਿਤ ਹੈ। ਭਾਈ ਅੰਮ੍ਰਿਤਪਾਲ ਸੰਘ ਨੇ ਆਪਣੀ ਕਥਾ ਵਿਚ ਪ੍ਰਮੁੱਖ ਤੌਰ 'ਤੇ ਹੇਠ ਲਿਖੀਆਂ ਅਹਿਮ ਗੱਲਾਂ ਕਹੀਆਂ:-

### ਭਾਈ ਅੰਮ੍ਰਿਤਪਾਲ ਸਿੰਘ ਦੇ ਬਿਆਨ

ਇਹ ਅਸਥਾਨ ਜੋ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਅਸਥਾਨ ਹੈ, ਜਿਸ ਅਸਥਾਨ ਤੋਂ ਮੇਰੀ ਦਸਤਾਰਬੰਦੀ ਹੋਈ ਅਤੇ ਆਪਾਂ ਇਹ ਕੌਮੀ ਕਾਰਜ ਅਰੰਭਿਆ, ਉਸੇ ਅਸਥਾਨ ਤੋਂ ਜੀਵਨ ਦੇ ਅਹਿਮ ਮੋੜ 'ਤੇ ਖੜ੍ਹਿਆ ਆਪਣੀ ਗ੍ਰਿਫਤਾਰੀ ਦੇ ਰਿਹਾ ਹਾਂ। ਜੋ ਕੁਝ ਵਾਪਰਿਆ ਉਹ ਆਪ ਨੂੰ ਸਾਰਾ ਪਤਾ ਹੈ, ਮੈਂ ਦੁਹਰਾਉਣਾ ਨਹੀਂ। ਥੋੜੇ ਸਮੇਂ ਵਿਚ ਆਪਾਂ ਸੰਖੇਪ ਵਿਚ ਗੱਲ ਨਿਬੇੜ ਦੇਣੀ ਹੈ। ਇੱਕ ਮਹੀਨੇ ਤੋਂ ਹਕੂਮਤ ਨੇ ਜੋ ਜਬਰ ਸਿੱਖਾਂ 'ਤੇ ਢਾਇਆ, ਉਹ ਹੁਣ ਸਾਰੀ ਦੁਨੀਆਂ ਦੇ ਸਾਹਮਣੇ ਸਪੱਸ਼ਟ ਹੋਇਆ ਹੈ। ਜੇ ਸ਼ਾਇਦ ਗ੍ਰਿਫਤਾਰੀ ਦੀ ਗੱਲ ਹੁੰਦੀ, ਤਾਂ ਗ੍ਰਿਫਤਾਰੀ ਦੇ ਬਹੁਤ ਤਰੀਕੇ ਸਨ, ਜਿਸ ਵਿਚ ਮੈਂ ਸ਼ਾਇਦ ਸਹਿਯੋਗ ਵੀ ਕਰਦਾ। ਸੱਚੇ ਪਾਤਸ਼ਾਹ ਦੀ ਕਚਹਿਰੀ ਵਿਚ ਅਸੀਂ ਦੋਸ਼ੀ ਨਹੀਂ, ਦੁਨੀਆਂ ਦੀ ਅਦਾਲਤ ਵਿਚ ਦੋਸ਼ੀ ਹੋ ਸਕਦੇ ਹਾਂ। ਇੱਕ ਮਹੀਨੇ ਬਾਅਦ ਅਸੀਂ ਫੈਸਲਾ ਕੀਤਾ ਕਿ ਇਸ ਧਰਤੀ 'ਤੇ ਅਸੀਂ ਲੜੇ ਆਂ, ਇਸ ਧਰਤੀ 'ਤੇ ਲੜਾਂਗੇ, ਇਹ ਧਰਤੀ ਛੱਡ ਕੇ ਅਸੀਂ ਕਿਤੇ ਨਹੀਂ ਜਾਂਦੇ। ਜੋ ਝੂਠੇ ਕੇਸ ਸਾਡੇ 'ਤੇ ਪਏ ਹਨ, ਇਨ੍ਹਾਂ ਦਾ ਸਾਹਮਣਾ ਅਸੀਂ ਅਦਾਲਤ ਵਿਚ ਕਰ ਲਵਾਂਗੇ। ਸੰਗਤਾਂ ਦਾ ਮੈਂ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਸੰਗਤਾਂ ਦੀਆਂ ਅਰਦਾਸਾਂ ਬਿਨਾ ਪੁਲਿਸ ਦੇ ਏਨੇ ਵੱਡੇ ਘੇਰੇ ਵਿਚੋਂ ਮੈਂ ਨਿਕਲ ਨਹੀਂ ਸੀ ਸਕਦਾ। ਸੰਗਤਾਂ ਦੀਆਂ ਅਰਦਾਸਾਂ ਤੋਂ ਬਿਨਾ ਏਨਾ ਲੰਬਾ ਸਮਾਂ ਰੂਪੋਸ਼ ਹੋ ਜਾਣਾ ਵੀ ਸੰਭਵ ਨਹੀਂ ਹੋ ਸਕਦਾ। ਸੰਗਤਾਂ ਦੀਆਂ ਅਰਦਾਸਾਂ ਅਤੇ ਗੁਰੂ ਸਾਹਿਬ ਦੀ ਕਿਰਪਾ ਨਾਲ ਇਹ ਸਭ ਕੁਝ ਵਾਪਰਿਆ ਹੈ। ਇਹ ਗ੍ਰਿਫਤਾਰੀ ਅੰਤ ਨਹੀਂ, ਸਗੋਂ ਸ਼ੁਰੂਆਤ ਹੈ। ਆਪਣੇ ਸੰਬੋਧਨ ਵਿਚ ਪ੍ਰਮੁੱਖ ਤੌਰ 'ਤੇ ਅੰਮ੍ਰਿਤਪਾਲ ਸਿੰਘ ਨੇ ਅੰਮ੍ਰਿਤ ਛਕਣ ਅਤੇ ਨਸ਼ੇ ਛੱਡਣ ਦੀ ਗੱਲ ਵੀ ਕੀਤੀ। ਖਾਲਿਸਤਾਨ ਬਾਰੇ ਕੋਈ ਗੱਲ ਨਹੀਂ ਕੀਤੀ। ਜਦਕਿ ਅਰਦਾਸੀਏ ਗ੍ਰੰਥੀ ਨੇ ਸੰਤਾਂ ਵਲੋਂ ਆਰੰਭ ਆਜ਼ਾਦੀ ਦੇ ਕਾਰਜ ਨੂੰ ਅੱਗੇ ਲੈ ਕੇ ਜਾਣ ਲਈ ਅਰਦਾਸ ਕੀਤੀ।

ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਇਸ ਸਾਰੇ ਸੰਦਰਭ ਨੇ ਭਾਰਤ ਵਿਚ ਸਿੱਖਾਂ ਦੀ ਸਾਖ ਨੂੰ ਵੱਡਾ ਧੱਕਾ ਲਾਇਆ ਹੈ, ਜਦਕਿ ਮੀਡੀਏ ਨੇ ਸਿੱਖ ਸਮਾਜ ਨੂੰ ਹੀ ਦੇਸ਼ ਧ੍ਰੋਹੀ ਸਿੱਧ ਕਾਰਨ ਲਈ ਪੂਰੀ ਵਾਹ ਲਾਈ।

ਭਾਈ ਜਸਬੀਰ ਸਿੰਘ ਰੋਡੇ ਦੇ ਬਿਆਨ

ਸਾਨੂੰ ਪੁਲਿਸ ਤੋਂ ਸ਼ਨੀਵਾਰ 22 ਅਪ੍ਰੈਲ ਦੇਰ ਰਾਤ ਜਾਣਕਾਰੀ ਮਿਲੀ ਸੀ ਕਿ ਉਹ (ਭਾਈ ਅੰਮ੍ਰਿਤਪਾਲ ਸਿੰਘ) ਪਿੰਡ ਰੋਡੇ ਦੇ ਇਸ ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਗ੍ਰਿਫਤਾਰੀ ਦੇਣੀ ਚਾਹੁੰਦੇ ਹਨ। ਜਦੋਂ ਪੁਲਿਸ ਤੋਂ ਪਤਾ ਲੱਗਾ ਕਿ ਉਹ ਪਿੰਡ ਰੋਡੇ ਤੋਂ ਗ੍ਰਿਫਤਾਰੀ ਦੇ ਰਹੇ ਹਨ। ਮੈਂ ਵੀ ਕੁਝ ਸਮਾਂ ਪਹਿਲਾਂ ਉਥੇ ਪਹੁੰਚਿਆ ਸੀ, ਜਦਕਿ ਉਸ ਨੇ ਖੁਦ ਹੀ ਕਹਿ ਦਿੱਤਾ ਕਿ ਉਹ ਗੁਰਦੁਆਰਾ ਸਾਹਿਬ ਵਿਚ ਸੰਗਤਾਂ ਨੂੰ ਸੰਬੋਧਨ ਹੋਣਗੇ ਅਤੇ ਉਹ ਖੁਦ ਹੀ ਆਪਣ ਹਾਲਾਤ ਦੱਸ ਦੇਣਗੇ ਕਿ ਮੈਂ ਆਪਣੀ ਗ੍ਰਿਫਤਾਰੀ ਆਪਣੀ ਮਰਜ਼ੀ ਨਾਲ ਦੇ ਰਿਹਾ ਹਾਂ ਅਤੇ ਹੁਣ ਤੱਕ ਗ੍ਰਿਫਤਾਰੀ ਨਾ ਦੇਣ ਦੇ ਕੀ ਕਾਰਨ ਸਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਪੰਜ ਪਾਠ ਚੌਪਈ ਸਾਹਿਬ ਦੇ ਕੀਤੇ। ਉਸ ਤੋਂ ਪਹਿਲਾਂ ਆਪਣੀ ਕਿੱਟ ਤਿਆਰ ਕੀਤੀ, ਚੋਲੇ ਪਾਏ, ਕੱਪੜੇ ਅਤੇ ਦੋ ਕੰਘੇ ਲੈ ਕੇ ਚੱਪਲਾਂ ਪਾਈਆਂ। ਗੁਰਦੁਆਰਾ ਮੱਥਾ ਟੇਕਣ ਮਗਰੋਂ ਉਨ੍ਹਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਕਿ ਹੁਣ ਤੱਕ ਗ੍ਰਿਫਤਾਰੀ ਨਾ ਦੇਣ ਦੇ ਇਹ ਕਾਰਨ ਸਨ। ਇਸ ਦੇ ਨਾਲ ਹੀ ਉਨ੍ਹਾਂ ਨੇ ਸੰਗਤਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਹੁਣ ਤੱਕ ਉਨ੍ਹਾਂ ਨੂੰ ਸਾਂਭਿਆ ਠਾਹਰਾਂ ਦਿੱਤੀਆਂ ਅਤੇ ਜਿਨ੍ਹਾਂ ਨੇ ਅਰਦਾਸਾਂ ਕੀਤੀਆਂ ਅਤੇ ਚੌਪਈ ਸਾਹਿਬ ਦੇ ਪਾਠ ਕੀਤੇ। ਫਿਰ ਗੁਰਦੁਆਰਾ ਸਾਹਿਬ ਤੋਂ ਬਾਹਰ ਜਾ ਕੇ ਉਨ੍ਹਾਂ ਨੇ ਗ੍ਰਿਫਤਾਰੀ ਦਿੱਤੀ। ਕਈ ਖਬਰਾਂ ਇਸ ਤਰ੍ਹਾਂ ਦੀਆਂ ਆ ਰਹੀਆਂ ਹਨ ਕਿ ਉਨ੍ਹਾਂ ਨੂੰ ਪੁਲਿਸ ਵਲੋਂ ਗ੍ਰਿਫਤਾਰੀ ਲਈ ਮਜਬੂਰ ਕਰ ਦਿੱਤਾ, ਜੋ ਕਿ ਸਹੀ ਨਹੀਂ ਹੈ। ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਆਪਣੀ ਗ੍ਰਿਫਤਾਰੀ ਦਿੱਤੀ ਹੈ ਅਤੇ ਇਸ ਦਾ ਨਿਰਣਾ ਉਨ੍ਹਾਂ ਦੀ ਆਪਣੀ ਵੀਡੀਓ ਵੀ ਕਰ ਦੇਵੇਗੀ। ਜੇ ਪੁਲਿਸ ਨੇ ਮਜਬੂਰ ਕੀਤਾ ਹੁੰਦਾ, ਤਾਂ ਕਦੀ ਵੀ ਉਨ੍ਹਾਂ ਨੂੰ ਸੰਗਤਾਂ ਨੂੰ ਸੰਬੋਧਨ ਹੋਣ ਦਾ ਮੌਕਾ ਨਾ ਦਿੰਦੀ। ਇਸ ਤੋਂ ਪਹਿਲਾਂ ਪੁਲਿਸ ਘੁੰਮਣਘੇਰੀਆਂ ਵਿਚ ਰਹੀ। ਕਦੀ ਉਹ ਅੰਮ੍ਰਿਤਸਰ ਸਾਹਿਬ ਵਿਚ ਅਤੇ ਕਦੀ ਦਮਦਮਾ ਸਾਹਿਬ ਵਿਚ ਫਲੈਗ ਮਾਰਚ ਕਰਦੀ ਰਹੀ ਸੀ ਕਿ ਉਨ੍ਹਾਂ ਕੋਲ ਅੰਮ੍ਰਿਤਪਾਲ ਸਿੰਘ ਦੇ ਆਤਮ ਸਮਰਪਣ ਕਰਨ ਦੀਆਂ ਕੰਸੋਆਂ ਹਨ ਕਿ ਉਹ ਪੰਥ ਦੇ ਕਿਸੇ ਮਹਾਨ ਸਥਾਨ ਤੋਂ ਗ੍ਰਿਫਤਾਰੀ ਦੇਵੇਗਾ।

### ਪੁਲਿਸ ਆਈ.ਜੀ.ਪੀ. ਸੁਖਚੈਨ ਸਿੰਘ ਦੇ ਬਿਆਨ

ਪੰਜਾਬ ਪੁਲਿਸ ਅਤੇ ਇੰਟੈਲੀਜੈਂਸ ਵਿੰਗ ਕੋਲ ਸਿੱਕੇਬੰਦ ਇਤਲਾਹ ਸੀ ਕਿ ਅੰਮ੍ਰਿਤਪਾਲ ਸਿੰਘ ਪਿੰਡ ਰੋਡੇ ਦੇ ਗੁਰਦੁਆਰੇ ਵਿਚ ਮੌਜੂਦ ਹੈ। ਉਥੇ ਅਸੀ ਬੜੇ ਸੰਜਮ ਅਤੇ ਸ਼ਾਂਤੀ ਨਾਲ ਇੱਕ ਓਪਰੇਸ਼ਨ ਚਲਾ ਕੇ ਸਾਰੇ ਪਿੰਡ ਨੂੰ ਘੇਰਾ ਪਾ ਲਿਆ। ਗੁਰਦੁਆਰਾ ਸਾਹਿਬ ਦੀ ਮਰਿਯਾਦਾ ਸਭ ਤੋਂ ਸੁਪਰੀਮ ਹੈ, ਉਸ ਨੂੰ ਅਸੀਂ ਬਹਾਲ ਰੱਖਿਆ ਅਤੇ ਫਿਰ ਉਸ (ਅੰਮ੍ਰਿਤਪਾਲ ਸਿੰਘ) ਕੋਲ ਇਹ ਜਾਣਕਾਰੀ ਚਲੇ ਗਈ ਕਿ ਉਹ ਸਭ ਪਾਸਿਆਂ ਤੋਂ ਘਿਰ ਚੁੱਕਾ ਹੈ ਅਤੇ ਹੁਣ ਉਸ ਦੇ ਬਚ ਨਿਕਲਣ ਦਾ ਕੋਈ ਵੀ ਰਾਹ ਨਹੀਂ ਹੈ। ਪੰਜਾਬ ਪੁਲਿਸ ਅਤੇ ਇੰਟੈਲੀਜੈਂਸ ਵਿੰਗ ਦੇ ਪ੍ਰਸਪਰ ਸਹਿਯੋਗ ਨਾਲ ਉਸ ਨੂੰ ਗ੍ਰਿਫਤਾਰ ਕਰਕੇ ਐੱਨ.ਐੱਸ.ਏ. ਦਾ ਵਾਰੰਟ ਜਾਰੀ ਕਰਦਿਆਂ ਆਸਾਮ ਦੀ ਡਿਬਰੂਗੜ੍ਹ ਜੇਹਲ ਲਈ ਕਾਨੂੰਨੀ ਪ੍ਰਕਿਰਿਆ ਤਹਿਤ ਭੇਜ ਦਿੱਤਾ ਗਿਆ ਹੈ।

ਇਸ ਗ੍ਰਿਫਤਾਰੀ ਤੋਂ ਬਾਅਦ ਅਨੇਕਾਂ ਸਵਾਲ ਖੜ੍ਹੇ ਹੋ ਗਏ ਹਨ, ਜੋ ਕਿ ਜਵਾਬ ਮੰਗਦੇ ਹਨ। ਸਭ ਤੋਂ ਅਹਿਮ ਗੱਲ ਹੈ ਕਿ ਜੇਕਰ ਇਹ ਹੀ ਗ੍ਰਿਫਤਾਰੀ ਅੰਮ੍ਰਿਤਪਾਲ ਸਿੰਘ ਵਲੋਂ ਸ਼ੁਰੂ ਵਿਚ ਹੀ ਦੇ ਦਿੱਤੀ ਜਾਂਦੀ, ਤਾਂ ਉਹ ਲੋਕ ਪੁਲਿਸ ਸ਼ੋਸ਼ਣ ਦਾ ਸ਼ਿਕਾਰ ਹੋਣੋ ਬਚ ਜਾਂਦੇ, ਜਿਨ੍ਹਾਂ ਨੇ ਅੰਮ੍ਰਿਤਪਾਲ ਸਿੰਘ ਨੂੰ ਠਾਹਰਾਂ ਦਿੱਤੀਆਂ ਜਾਂ ਉਸ ਦੇ ਰੂਪੋਸ਼ ਹੋਣ ਵਿਚ ਕਿਸੇ ਤਰ੍ਹਾਂ ਨਾਲ ਵੀ ਮਦਦ ਕੀਤੀ ਸੀ।

'ਵਾਰਸ ਪੰਜਾਬ ਦੇ' ਜਥੇਬੰਦੀ ਵਲੋਂ ਹਾਈਕੋਰਟ ਵਿਚ ਦਰਜ ਪਟੀਸ਼ਨ ਰੱਦ ਕਰ ਦਿੱਤੀ ਗਈ ਹੈ। ਅਦਾਲਤ ਦਾ ਕਹਿਣਾ ਹੈ ਕਿ ਐੱਨ.ਐੱਸ.ਏ. ਲੱਗਣ ਮਗਰੋਂ ਪਟੀਸ਼ਨ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਇਸ ਗ੍ਰਿਫਤਾਰੀ ਤੋਂ ਦੋ ਦਿਨ ਪਹਿਲਾਂ ਹੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਨੂੰ ਯੂ.ਕੇ. ਪਰਤਣ ਦੀ ਕੋਸ਼ਿਸ਼ ਵਿਚ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਵਾਪਸ ਉਨ੍ਹਾਂ ਦੇ ਪਿੰਡ ਭੇਜ ਦਿੱਤਾ ਗਿਆ।

### ਪਿੰਡ ਰੋਡੇ ਦੇ ਚਸ਼ਮਦੀਦ ਗਵਾਹਾਂ ਦੇ ਬਿਆਨ

ਪਿੰਡ ਦੀਆਂ ਕੁਝ ਬੀਬੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਉਥੇ ਪੁਲਿਸ ਦਾ ਕੋਈ ਘੇਰਾ ਨਹੀਂ ਦੇਖਿਆ, ਸਿਰਫ ਚਾਰ-ਪੰਜ ਗੱਡੀਆਂ ਹੀ ਦੇਖੀਆਂ ਸਨ, ਜਿਨ੍ਹਾਂ ਵਿਚ ਸਾਦੇ ਕੱਪੜਿਆਂ ਵਿਚ ਪੁਲਿਸ ਬੈਠੀ ਸੀ। ਪਿੰਡ ਦੇ ਪੰਚਾਇਤ ਮੈਂਬਰ ਮਹਿੰਦਰ ਸਿੰਘ ਦੇ ਬਿਆਨ ਪੜ੍ਹਨ, ਸੁਣਨ ਵਿਚ ਆਏ ਹਨ ਕਿ ਦਸ ਹਜ਼ਾਰ ਦੀ ਆਬਾਦੀ ਵਾਲੇ ਪਿੰਡ ਵਿਚ ਉਸ ਦਿਨ ਜ਼ਿੰਦਗੀ ਆਮ ਵਾਂਗ ਸੀ ਅਤੇ ਲੋਕੀ ਕਣਕ ਦੀ ਵਾਢੀ ਵਿਚ ਰੁਝੇ ਹੋਏ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਗ੍ਰਿਫਤਾਰੀ ਤੋਂ ਮਗਰੋਂ ਪੁਲਿਸ ਵਲੋਂ ਸੁਰੱਖਿਆ ਬਲਾਂ ਦੇ ਨਾਲ ਇਸ ਇਲਾਕੇ ਵਿਚ ਫਲੈਗ ਮਾਰਚ ਵੀ ਕੀਤਾ ਗਿਆ, ਜਦਕਿ ਪਿੰਡ ਦੇ ਲੋਕੀ ਇਹ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਤਾਂ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਦਾ ਪਤਾ ਵੀ ਟੀ.ਵੀ. ਦੇਖ ਕੇ ਲੱਗਾ ਸੀ। ਸੁਰਜੀਤ ਸਿੰਘ ਨਾਮ ਦੇ ਇਕ ਹੋਰ ਚਸ਼ਮਦੀਦ ਗਵਾਹ ਦਾ ਵੀ ਇਹ ਹੀ ਕਹਿਣਾ ਸੀ ਕਿ ਮੈਂ ਰੋਜ਼ਾਨਾ ਦੀ ਤਰ੍ਹਾਂ ਜਦੋਂ ਗੁਰਦੁਆਰੇ ਮੱਥਾ ਟੇਕਣ ਗਿਆ, ਤਾਂ ਮੈਂ ਅੰਮ੍ਰਿਤਪਾਲ ਸਿੰਘ ਨੂੰ ਉਥੇ ਦੇਖਿਆ, ਜਿਨ੍ਹਾਂ ਨੇ ਸੰਗਤਾਂ ਨੂੰ ਸੰਬੋਧਨ ਵੀ ਕੀਤਾ ਅਤੇ ਫਿਰ ਅਰਦਾਸ ਤੋਂ ਉਪਰੰਤ ਹੁਕਮਨਾਮਾ ਸੁਣਿਆ ਅਤੇ ਫਿਰ ਪੁਲਿਸ ਦੀ ਗੱਡੀ ਵਿਚ ਜਾ ਕੇ ਬੈਠ ਗਏ। ਪੁਲਿਸ ਦੀਆਂ ਤਿੰਨ-ਚਾਰ ਗੱਡੀਆਂ ਗੁਰਦੁਆਰਾ ਸਾਹਿਬ ਇੱਕ ਪਾਸੇ ਅਤੇ ਤਿੰਨ-ਚਾਰ ਦੂਜੇ ਪਾਸੇ ਖੜ੍ਹੀਆਂ ਸਨ।

### ਸਾਰਾ ਮਾਮਲਾ ਕਿਵੇਂ ਵਿਗੜਿਆ

23 ਫਰਵਰੀ 2023 ਨੂੰ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੇ ਆਪਣੇ ਇੱਕ ਸਾਥੀ ਲਵਪ੍ਰੀਤ ਸਿੰਘ ਦੀ ਰਿਹਾਈ ਲਈ ਅਜਨਾਲਾ ਥਾਣੇ ਦਾ ਘਿਰਾਓ ਕੀਤਾ ਸੀ। ਜਿਸ ਦੌਰਾਨ ਹਿੰਸਾ ਹੋਈ ਅਤੇ ਕਈ ਪੁਲਿਸ ਅਫਸਰ ਜ਼ਖਮੀ ਵੀ ਹੋ ਗਏ ਸਨ। ਇਸ ਤੋਂ ਬਾਅਦ ਪੁਲਿਸ ਨੂੰ ਮੌਕਾ ਮਿਲ ਗਿਆ ਕਿ ਉਸ ਨੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੇ ਨਫਰਤ ਭਰਿਆ ਭਾਸ਼ਣ ਦੇਣ, ਪੁਲਿਸ ਦੀ ਕਾਰਵਾਈ ਵਿਚ ਵਿਘਨ ਪਾਉਣ, ਪੁਲਿਸ ਥਾਣੇ 'ਤੇ ਜਬਰੀ ਕਬਜਾ ਕਰਨ ਅਤੇ ਪੁਲਿਸ 'ਤੇ ਹਮਲਾ ਕਰਨ ਵਰਗੀਆਂ 16 ਧਾਰਾਵਾਂ ਆਇਦ ਕਰ ਦਿੱਤੀਆਂ ਸਨ। 18 ਮਾਰਚ ਨੂੰ ਜਦੋਂ ਅੰਮ੍ਰਿਤਪਾਲ ਸਿੰਘ ਸ਼ਾਹਕੋਟ ਵਿਚੋਂ ਦੀ ਲੰਘ ਰਿਹਾ ਸੀ, ਤਾਂ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਸੀ ਹੋ ਸਕੀ ਅਤੇ ਫਿਰ 35 ਦਿਨ ਪੁਲਿਸ ਲਗਾਤਾਰ ਉਸ ਦੀ ਭਾਲ ਵਿਚ ਰਹੀ ਪਰ ਕੋਈ ਵੀ ਕਾਮਯਾਬੀ ਨਹੀ ਸੀ ਮਿਲੀ। ਅਨੇਕਾਂ ਚਿੰਤਕਾਂ ਦਾ ਵਿਚਾਰ ਹੈ ਕਿ ਆਖਿਰ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਜਿਸ ਤਰੀਕੇ ਨਾਲ ਹੋਈ ਹੈ, ਇਹ ਅਨੇਕਾਂ ਸ਼ੱਕੀ ਸਵਾਲਾਂ ਨੂੰ ਜਨਮ ਦਿੰਦੀ ਹੈ। ਇਸ ਗ੍ਰਿਫਤਾਰੀ ਦੇ ਸਬੰਧ ਵਿਚ ਇੱਕ ਅਜੀਬ ਤੱਥ ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਦੇ ਬਿਆਨ ਵੀ ਹਨ ਕਿ ਉਸ ਨੂੰ ਸੰਭਾਵਿਤ ਗ੍ਰਿਫਤਾਰੀ ਦੀ ਖਬਰ ਇੱਕ ਦਿਨ ਪਹਿਲਾਂ ਮਿਲ ਗਈ ਸੀ ਅਤੇ ਉਹ ਰਾਤ ਭਰ ਸੌਂ ਨਾ ਸਕਿਆ।

ਹੁਣ ਅੰਦਰ ਹੀ ਅੰਦਰ ਸਿੱਖ ਸਮਾਜ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੀ ਸ਼ਖਸੀਅਤ ਨੂੰ ਲੈ ਕੇ ਬਹਿਸ ਛਿੜ ਗਈ ਹੈ। ਕਈ ਲੋਕ ਉਸਦਾ ਨਾਮ ਆਮ ਆਦਮੀ ਪਾਰਟੀ ਨਾਲ ਅਤੇ ਕਈ ਲੋਕ ਉਸ ਦਾ ਨਾਮ ਕਾਂਗਰਸ ਨਾਲ ਵੀ ਜੋੜ ਰਹੇ ਹਨ। ਕਈ ਲੋਕ ਉਸ ਦਾ ਵਿਰੋਧ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸ਼ਰਧਾਲੂ ਹੋਣ ਵਜੋਂ ਵੀ ਕਰ ਰਹੇ ਹਨ। ਅਸਲ ਗੱਲ ਇਹ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਦਿਲ ਵਿਚ ਕੌਮ ਲਈ ਦਰਦ ਤਾਂ ਸੀ ਪਰ ਉਸ ਨੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੀ ਰਣਨੀਤੀ ਵਿਚ ਜੋ ਨੌਜਵਾਨਾਂ ਨੂੰ ਹਥਿਆਰ ਚੁੱਕ ਕੇ ਖਾਲਿਸਤਾਨ ਦੀ ਪ੍ਰਾਪਤੀ ਲਈ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ, ਉਹ ਸਰਕਾਰ ਲਈ ਨਾ-ਖੁਸ਼ਗਵਾਰ ਸੀ। ਸਰਕਾਰ ਨੇ ਉਸ 'ਤੇ ਐੱਨ.ਐੱਸ.ਏ. ਲਾਉਣ ਲਈ ਉਸ ਦੇ ਭਾਸ਼ਣਾਂ 'ਤੇ ਐੱਫ.ਆਈ.ਆਰ. ਦਰਜ ਕਰਦਿਆਂ ਮਸੌਦਾ ਤਿਆਰ ਕਰ ਲਿਆ ਸੀ। ਅਜਨਾਲੇ ਥਾਣੇ ਦੇ ਘਿਰਾਓ ਨੇ ਆਖਿਰ ਸਰਕਾਰ ਨੂੰ ਮੌਕਾ ਦੇ ਦਿੱਤਾ ਕਿ ਉਹ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਨੂੰ ਐਸੇ ਅੰਦਾਜ਼ ਵਿਚ ਪੇਸ਼ ਕਰੇ, ਜਿਸ ਨਾਲ ਭਾਰਤ ਭਰ ਵਿਚ ਸਿੱਖਾਂ ਦੇ ਵੱਖਵਾਦੀ ਅਤੇ ਅੱਤਵਾਦੀ ਹੋਣ ਦਾ ਸੁਨੇਹਾ ਜਾਵੇ ਅਤੇ ਭਵਿੱਖ ਵਿਚ ਆਮ ਆਦਮੀ ਪਾਰਟੀ ਦਾ ਭਾਰਤ ਦੇ ਦੂਜੇ ਸੂਬਿਆਂ ਵਿਚ ਵੀ ਆਧਾਰ ਬਣ ਸਕੇ। ਆਮ ਆਦਮੀ ਪਾਰਟੀ ਦੀ ਇਹ ਨੀਤੀ ਕਾਂਗਰਸ ਅਤੇ ਭਾਜਪਾ ਤੋਂ ਵੱਖ ਨਹੀਂ ਹੈ, ਜੋ ਕਿ ਘੱਟ ਗਿਣਤੀਆਂ ਦਾ ਸ਼ੋਸ਼ਣ ਕਰਕੇ ਆਪਣਾ ਰਾਜਨੀਤਿਕ ਟੁੱਕ ਸੇਕਦੇ ਆਏ ਹਨ, ਜਦਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ 'ਵਾਰਿਸ ਪੰਜਾਬ ਦੇ' ਹੋਰ ਆਗੂ ਸਰਕਾਰ ਵਲੋਂ ਵਿਛਾਏ ਜਾ ਰਹੇ ਇਸ ਜਾਲ ਨੂੰ ਸਮਝ ਨਹੀਂ ਸੀ ਸਕੇ।

### ਭਾਈ ਅੰਮ੍ਰਿਤਪਾਲ ਸਿੰਘ ਦੀ ਸ਼ਖੀਅਤ ਨੂੰ ਲੈ ਕੇ ਸੋਸ਼ਲ ਮੀਡੀਏ 'ਤੇ ਬਹਿਸ ਵਿਚ ਗਾਲ੍ਹਾਂ ਦੀ ਬੁਛਾੜ

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਨਾਟਕੀ ਤੌਰ 'ਤੇ ਹੋਈ ਗ੍ਰਿਫਤਾਰੀ ਬਹੁਤ ਸਾਰੇ ਸਵਾਲ ਅਤੇ ਸ਼ੰਕੇ ਖੜ੍ਹੇ ਕਰਦੀ ਹੈ। ਕੁਝ ਲੋਕਾਂ ਨੇ ਇਸ ਗ੍ਰਿਫਤਾਰੀ ਨਾਲ ਸਬੰਧਤ ਜਿਥੇ ਕਾਂਗਰਸੀ ਆਗੂਆਂ ਦੇ ਹਵਾਲੇ ਦਿੱਤੇ ਹਨ, ਉਥੇ ਸੋਸ਼ਲ ਮੀਡੀਏ ਵਿਚ ਭਾਰਤੀ ਇੰਟੈਲੀਜੈਂਸ ਬਿਓਰੋ (ਆਈ.ਬੀ.) ਦੇ ਸਾਬਕਾ ਡਾਇਰੈਕਟਰ ਮਲੋਏ ਕ੍ਰਿਸ਼ਨਾਧਰ ਦੀ ਪੁਸਤਕ 'ਖੁੱਲ੍ਹੇ ਭੇਤ' ਦੇ ਹਵਾਲੇ ਨਾਲ ਕੇਂਦਰੀ ਏਜੰਸੀਆਂ ਨਾਲ ਸਬੰਧਤ ਇੱਕ ਸਿੱਖ ਟਾਊਟ ਦਾ ਜ਼ਿਕਰ ਵੀ ਹੋਇਆ ਹੈ, ਜਿਸ ਦੇ ਘਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਦਿੱਤੀ ਗਈ ਪਨਾਹ ਦਾ ਜ਼ਿਕਰ ਵੀ ਹੈ ਪਰ ਸਭ ਤੋਂ ਵੱਧ ਦੁਖਦਾਇਕ ਦੋਹਾਂ ਧਿਰਾਂ ਦਰਮਿਆਨ ਵਰਤੀ ਜਾ ਰਹੀ ਬੋਲੀ ਦਾ ਹੈ, ਜਿਥੇ ਕਿ ਗਾਲ੍ਹਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਕਿ ਅੱਗੇ ਵੈਰ ਵਿਰੋਧ ਨੂੰ ਵਧਾਏਗੀ। ਸੋਸ਼ਲ ਮੀਡੀਏ ਵਿਚ ਆਪੋ-ਆਪਣੇ ਪੱਖ ਦੇਣ ਸਮੇਂ ਸੱਭਿਅਕ ਬੋਲੀ ਦੀ ਲੋੜ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ।

### ਫਿਲਮ 'ਅੰਨ੍ਹੀ ਦਿਆ ਮਜ਼ਾਕ ਆ' ਖਿਲਾਫ ਨੇਤਰਹੀਣ ਸਮਾਜ ਦਾ ਰੋਸ

ਹੁਣੇ-ਹੁਣੇ ਪੰਜਾਬੀ ਗਾਇਕ ਐਮੀ ਵਿਰਕ ਅਤੇ ਪਰੀ ਪੰਧੇਰ ਦੀ ਰਲੀਜ਼ ਹੋਈ ਹਾਸਰਸ ਫਿਲਮ 'ਅੰਨ੍ਹੀ ਦਿਆ ਮਜ਼ਾਕ ਆ' ਵਿਚ ਨੇਤਰਹੀਣਾਂ ਖਿਲਾਫ ਵਰਤੀ ਗਈ ਭਾਸ਼ਾ ਦੇ ਖਿਲਾਫ ਨੇਤਰਹੀਣ ਸਮਾਜ ਵਿਚ ਬਹੁਤ ਵੱਡਾ ਰੋਹ ਤੇ ਰੋਸ ਖੜ੍ਹਾ ਹੋ ਗਿਆ ਹੈ। ਇੱਕ ਨੇਤਰਹੀਣ ਵਿਅਕਤੀ ਨੂੰ ਅੰਨ੍ਹੀ ਦਾ ਕਹਿਣਾ ਜਾਂ 'ਅੱਖਾਂ ਦਾ ਅੰਨ੍ਹਾ ਅਕਲ ਦਾ ਅੰਨ੍ਹਾ' ਕਹਿਣਾ ਜਾਂ ਇਸੇ ਤਰ੍ਹਾਂ ਦੀਆਂ ਬਿਮਾਰ ਟਿੱਪਣੀਆਂ ਦੇਣੀਆਂ ਬਿਮਾਰ ਮਾਨਸਿਕਤਾ ਦੀਆਂ ਲਖਾਇਕ ਹਨ। ਨੇਤਰਹੀਣ ਸਮਾਜ ਦੇ ਆਗੂਆਂ ਵਲੋਂ ਹਾਲ ਹੀ ਵਿਚ ਇੱਕ ਪ੍ਰੈੱਸ ਰਲੀਜ਼ ਕਰਕੇ ਇਸ ਫਿਲਮ ਵਿਚ ਵਰਤੀ ਗਈ ਭਾਸ਼ਾ ਦਾ ਤਿੱਖਾ ਵਿਰੋਧ ਕੀਤਾ ਗਿਆ ਹੈ। ਇਨ੍ਹਾਂ ਆਗੂਆਂ ਦੀ ਚਿੰਤਾ ਹੈ ਕਿ ਐਮੀ ਵਿਰਕ ਵਰਗੇ ਅਨੇਕਾਂ ਗਾਇਕ ਅਤੇ ਫਿਲਮਾਂ ਦੇ ਹੀਰੋ ਨੌਜਵਾਨਾਂ ਦੇ ਰੋਲ ਮਾਡਲ ਹਨ ਅਤੇ ਜੇਕਰ ਇਨ੍ਹਾਂ ਵਲੋਂ ਬੋਲੀ ਗਈ ਅਣਮਨੁੱਖੀ ਬੋਲੀ ਨੌਜਵਾਨਾਂ ਦੀ ਜ਼ੁਬਾਨ 'ਤੇ ਆ ਗਈ, ਤਾਂ ਨੇਤਰਹੀਣਾਂ ਜਾਂ ਹੋਰ ਅੰਗਹੀਣਾ ਦਾ ਜੀਣਾ ਦੁੱਭਰ ਹੋ ਜਾਏਗਾ।

ਪੰਜਾਬੀ ਦੇ ਮਸ਼ਹੂਰ ਪੱਤਰਕਾਰ ਜਤਿੰਦਰ ਪੰਨੂ ਨੇ ਅੰਗਹੀਣਾਂ ਲਈ ਅੰਗ੍ਰੇਜ਼ੀ ਦਾ ਵਰਤਿਆ ਜਾਂਦਾ ਲਫਜ਼ 'ਚੈਲਿੰਜਡ ਪੀਊਪਲ' ਦਾ ਹਵਾਲਾ ਦਿੰਦਿਆ ਧਿਆਨ ਦਿਵਾਇਆ ਹੈ ਕਿ ਸੰਵੇਦਨਸ਼ੀਲ ਸਮਾਜ ਇਸ ਪੱਖੋਂ ਬੋਲੀ ਜਾ ਰਹੀ ਭਾਸ਼ਾ ਵਿਚ ਲੋੜ ਮਤਾਬਕ ਬਦਲ ਲੱਭ ਰਹੇ ਹਨ, ਤਾਂ ਕਿ ਅੰਗਹੀਣਾਂ ਦੇ ਮਨ ਨੂੰ ਕੋਈ ਠੇਸ ਨਾ ਲੱਗੇ, ਜਦਕਿ ਪੰਜਾਬੀ ਫਿਲਮ ਇੰਡਸਟਰੀ ਅਤੇ ਸੰਗੀਤ ਇੰਡਸਟਰੀ ਨੀਵੇਂ ਦਰਜੇ ਦੀ ਬੋਲੀ ਅਤੇ ਗਾਲ੍ਹਾਂ ਨੂੰ ਹਵਾ ਦੇ ਰਹੀ ਹੈ।

ਇਹ ਗੱਲ ਗੌਰ ਕਰਨ ਵਾਲੀ ਹੈ ਕਿ ਅੱਜ ਸਰੀਰਕ ਘਾਟਾਂ ਦੇ ਬਾਵਜੂਦ ਵੀ ਅਨੇਕਾਂ ਦਿਵਿਆਂਗ ਵਿਅਕਤੀਆਂ ਨੇ ਕਮਾਲ ਦੀਆਂ ਪ੍ਰਾਪਤੀਆਂ ਕੀਤੀਆਂ ਹਨ। ਭਾਰਤ ਵਿਚ ਕੌਮੀ ਨੇਤਰਹੀਣ ਫੈਡਰੇਸ਼ਨ ਦੇ ਜਨਰਲ ਸਕੱਤਰ ਐੱਸ.ਕੇ. ਰੂੰਗਟਾ ਜੋ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਨ, ਉਹ ਆਪਣੇ ਸਮਾਜ ਦੇ ਹੱਕਾਂ ਲਈ ਤਨਦੇਹੀ ਨਾਲ ਸੰਘਰਸ਼ ਕਰ ਰਹੇ ਹਨ। ਨੇਤਰਹੀਣ ਸਮਾਜ ਦੇ ਆਗੂਆਂ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਬੀਬਾ ਅਨਮੋਲ ਗਗਨ ਨੂੰ ਅਪੀਲ ਕੀਤੀ ਹੈ ਕਿ ਉਹ ਖੁਦ ਕਲਾਕਾਰ ਹੁੰਦਿਆਂ ਹੋਇਆਂ ਸਬੰਧਤ ਮਾਮਲੇ ਵਿਚ ਦਖਲ ਦੇ ਕੇ ਇਸ ਫਿਲਮ ਦਾ ਨਾਮ, ਇਤਰਾਜ਼ ਵਾਲੀ ਬੋਲੀ ਅਤੇ ਇਤਰਾਜ਼ਯੋਗ ਸੀਨ ਕੱਟੇ ਜਾਣ ਲਈ ਸੈਂਸਰ ਬੋਰਡ ਨੂੰ ਚੇਤੰਨ ਕਰਦੇ ਹੋਏ ਦਖਲ ਦੇਣ।

## 'ਜੋ ਦਿਖਾ, ਸੋ ਲਿਖਾ'

# ਭ੍ਰਿਸ਼ਟਾਚਾਰ ਅਤੇ ਨਸ਼ੇ ਦੇ ਮਕੜਜਾਲ ਨੇ ਬਰਬਾਦ ਕੀਤਾ ਪੰਜਾਬ


## ਰਾਜਜੀਤ ਗਰੋਹ 'ਤੇ ਹੋਈ ਵੱਡੀ ਕਾਰਵਾਈ







ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)



ਇਕ ਸਮੇਂ ਪੰਜਾਬ ਖੁਸ਼ਹਾਲੀ ਦੇ ਮਾਮਲੇ ਵਿਚ ਦੇਸ਼ ਦਾ ਇਕ ਨੰਬਰ ਦਾ ਸੂਬਾ ਹੁੰਦਾ ਸੀ। ਭ੍ਰਿਸ਼ਟ ਸਰਕਾਰੀ ਤੰਤਰ ਅਤੇ ਰਾਜਸੀ ਲੀਡਰਾਂ ਦੀ ਮਿਲੀਭੁਗਤ ਨਾਲ ਇਹ ਸੂਬਾ ਇਸ ਸਮੇਂ ਹਰ ਪੱਖੋਂ ਬਰਬਾਦ ਹੋ ਚੁੱਕੈ। ਬੀਤੇ ਸਮੇਂ ਵਿਚ ਬਹੁਤ ਸਾਰੇ ਨਸ਼ਾ ਵਪਾਰ ਅਤੇ ਭ੍ਰਿਸ਼ਟਾਚਾਰ ਦੇ ਵੱਡੇ ਘੁਟਾਲੇ ਸਾਹਮਣੇ ਵੀ ਆ ਚੁੱਕੇ। ਬਹੁਤ ਸਾਰੇ ਪਰਚੇ ਦਰਜ ਹੋਏ ਅਤੇ ਉੱਚ ਪੱਧਰੀ ਪੜਤਾਲਾਂ ਪਿੱਛੋਂ ਮਾਮਲੇ ਅਦਾਲਤਾਂ ਤੱਕ ਵੀ ਪੁੱਜੇ। ਪਰ ਮਿਲੀਭੁਗਤ ਨਾਲ ਦੋਸ਼ੀ ਬਚ ਕੇ ਨਿਕਲ ਜਾਂਦੇ ਨੇ। ਹੁਣ ਮਾਨਯੋਗ ਹਾਈ ਕੋਰਟ ਵਲੋਂ ਬਣਾਈ ਐੱਸ.ਆਈ.ਟੀ. ਦੀਆਂ ਰਿਪੋਰਟਾਂ ਨਾਲ ਪੁਲਿਸ ਵਿਭਾਗ ਵਿਚ ਲੰਮੇ ਸਮੇਂ ਤੋਂ ਉੱਚ ਅਕਾਰੀਆਂ ਦੀ ਸਰਪ੍ਰਸਤੀ ਹੇਠ ਚਲਦੇ ਨਸ਼ਾ ਵਪਾਰ ਦਾ ਪਰਦਾਫਾਸ਼ ਹੋਇਐ, ਜਿਸ ਤਹਿਤ ਡਰੱਗ ਮਾਫੀਏ ਦੇ ਸਰਗਨਾ ਏ.ਆਈ.ਜੀ. ਰਾਜਜੀਤ ਸਿੰਘ ਹੁੰਦਲ ਨੂੰ ਮੁੱਖ ਮੰਤਰੀ ਨੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ। ਇਸ ਸਮੇਂ ਜਲਾਲਾਬਾਦ ਦੇ ਵਿਧਾਇਕ ਗੋਲਡੀ ਕੰਬੋਜ਼ ਦੇ ਪਿਤਾ ਸੁਰਿੰਦਰ ਕੰਬੋਜ਼ ਨੂੰ 10 ਲੱਖ ਰੁਪਏ ਦੀ ਰਿਸ਼ਵਤ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਐ। ਇਸ ਵਿਚੋਂ ਡਰੱਗ ਮਾਫੀਆ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਪ੍ਰਤੀ ਸਰਕਾਰ ਦੀ ਗੰਭੀਰਤਾ ਝਲਕਦੀ ਹੈ। ਬੇਸ਼ੱਕ ਵਿਰੋਧੀ ਦੋਵੇਂ ਕਾਰਵਾਈਆਂ ਨੂੰ ਜਲੰਧਰ ਲੋਕ ਸਭਾ ਸੀਟ ਦੀ ਚੋਣ ਤੋਂ ਪਹਿਲਾਂ ਸਟੰਟ ਦੱਸ ਰਹੇ ਨੇ। ਫਿਰ ਵੀ ਦੋਵਾਂ ਮਾਮਲਿਆਂ ਵਿਚ ਕੀਤੀ ਸਖਤ ਕਾਰਵਾਈ ਲਈ ਮੁੱਖ ਮੰਤਰੀ ਦੀ ਸ਼ਲਾਘਾ ਬਣਦੀ ਹੈ। 16 ਮਾਰਚ, 2022 ਨੂੰ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਚ ਸਹੁੰ ਚੁੱਕ ਸਮਾਗਮ ਦੌਰਾਨ ਭਗਵੰਤ ਮਾਨ ਨੇ ਸੂਬੇ ਅੰਦਰੋਂ ਭ੍ਰਿਸ਼ਟਾਚਾਰ ਅਤੇ ਨਸ਼ੇ ਖਤਮ ਕਰਨ ਦਾ ਪ੍ਰਣ ਕੀਤਾ ਸੀ। ਉਂਝ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ 2017 ਦੀਆਂ ਚੋਣਾਂ ਦੌਰਾਨ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਨਸ਼ੇ 4 ਹਫਤਿਆਂ ਵਿਚ ਖਤਮ ਕਰਨ ਦਾ ਵਾਅਦਾ ਕਰਕੇ ਸੱਤਾ ਹੱਥਿਆਈ ਸੀ। ਨਸ਼ੇ ਤਾਂ ਮੁੱਕੇ ਨਹੀਂ, ਪਰ ਕੈਪਟਨ ਜ਼ਰੂਰ ਹਾਸ਼ੀਏ 'ਤੇ ਚਲੇ ਗਏ। ਪ੍ਰਕਾਸ਼ ਸਿੰਘ ਬਾਦਲ ਨੇ ਵੀ ਭ੍ਰਿਸ਼ਟਾਚਾਰ ਸਬੰਧੀ ਸੂਚਨਾ ਦੇਣ ਵਾਲੇ ਨੂੰ 25000 ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਸੀ, ਪਰ ਹੋਇਆ ਕੁੱਝ ਵੀ ਨਹੀਂ। ਕੈਪਟਨ ਅਤੇ ਬਾਦਲ ਦੀਆਂ ਸਰਕਾਰਾਂ ਸਮੇਂ ਨਸ਼ਾ ਅਤੇ ਭ੍ਰਿਸ਼ਟਾਚਾਰ ਬਹੁਤ ਵਧਿਆ ਸੀ। ਦੋਵੇਂ ਇਕ ਦੂਜੇ ਖਿਲਾਫ ਭ੍ਰਿਸ਼ਟਾਚਾਰ ਦੇ ਮਾਮਲੇ ਤਾਂ ਦਰਜ ਕਰਦੇ ਰਹੇ, ਪਰ ਬਾਅਦ ਵਿਚ ਕੇਸ ਅਦਾਲਤਾਂ ਵਿਚੋਂ ਖਾਰਜ ਕਰਾਏ ਗਏ। ਮਿਲੀਭੁਗਤ ਕਾਰਨ ਹੀ ਦੋਵਾਂ ਨੂੰ ਜਨਤਾ ਨੇ ਸੱਤਾ ਤੋਂ ਲਾਂਭੇ ਪਟਕਾ ਮਾਰਿਐ। ਆਮ ਆਦਮੀ ਪਾਰਟੀ ਨੂੰ ਭ੍ਰਿਸ਼ਟਾਚਾਰ ਅਤੇ ਨਸ਼ਾ ਵਪਾਰ ਦੇ ਖਾਤਮੇ ਦੇ ਵਾਅਦੇ 'ਤੇ ਹੀ ਜਨਤਾ ਨੇ ਭਾਰੀ ਬਹੁਮਤ ਨਾਲ ਸੂਬੇ ਦੀ ਸੱਤਾ ਸੌਂਪੀ ਸੀ। ਬੀਤੇ ਇਕ ਸਾਲ ਵਿਚ ਵਿਜੀਲੈਂਸ ਬਿਓਰੋ ਵਲੋਂ ਦਰਜਨ ਦੇ ਕਰੀਬ ਭ੍ਰਿਸ਼ਟ ਨੇਤਾਵਾਂ ਅਤੇ ਅਫਸਰਾਂ ਖਿਲਾਫ ਕਾਰਵਾਈ ਸ਼ੁਰੂ ਹੋਈ ਹੈ। ਕਈਆਂ ਨੂੰ ਜੇਲ੍ਹ ਦੀ ਹਵਾ ਵੀ ਖਾਣੀ ਪਈ ਹੈ, ਬਹੁਤੇ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਰਹੇ ਨੇ। ਪਰ 'ਆਪ' ਦੇ ਆਪਣੇ ਭ੍ਰਿਸ਼ਟਾਚਾਰ 'ਚ ਲਿਪਤ ਮੰਤਰੀ ਅਤੇ ਵਿਧਾਇਕ ਅਜੇ ਵੀ ਪਾਰਟੀ 'ਚ ਮੌਜੂਦ ਨੇ। ਵਿਧਾਇਕ ਅਮਿਤ ਰਤਨ ਤਾਂ ਪੰਚਾਇਤੀ ਗਰਾਂਟ ਵਿਚੋਂ 5 ਲੱਖ ਦੀ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਹੈ। ਕੁੱਝ ਹੋਰ ਵਿਧਾਇਕਾਂ ਉਪਰ ਵੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀਆਂ ਵੀਡੀਓ ਮੀਡੀਆ ਵਿਚ ਨਸ਼ਰ ਹੋਈਆਂ ਨੇ।

### ਰਾਜਜੀਤ ਗਰੋਹ ਦਾ ਮਾਮਲਾ

ਏ.ਆਈ.ਜੀ. ਰਾਜਜੀਤ ਸਿੰਘ ਹੁੰਦਲ ਅਤੇ ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਨੇ ਪੁਲਿਸ ਵਿਭਾਗ ਦੇ ਅੰਦਰ ਹੀ ਵੱਡਾ ਡਰੱਗ ਮਾਫੀਆ ਖੜ੍ਹਾ ਕਰਕੇ ਬੇਸ਼ੁਮਾਰ ਲੁੱਟ ਕੀਤੀ। ਰਾਜਜੀਤ ਨੂੰ ਐੱਸ.ਟੀ.ਐੱਫ. ਦੇ ਤਤਕਾਲੀ ਮੁੱਖੀ ਹਰਪ੍ਰੀਤ ਸਿੱਧੂ ਨੇ ਇੰਦਰਜੀਤ ਸਿੰਘ ਵਿਰੁੱਧ ਦਰਜ ਮਾਮਲੇ ਵਿਚ ਨਾਮਜ਼ਦ ਕੀਤਾ ਸੀ। ਦੋਵਾਂ ਉਪਰ ਫਿਰੌਤੀ ਲੈਣ ਅਤੇ ਦੋਸ਼ੀਆਂ ਨੂੰ ਸਜ਼ਾ ਤੋਂ ਬਚਾਉਣ ਦੇ ਦੋਸ਼ ਨੇ। 2017 'ਚ ਕੈਪਟਨ ਅਮਰਿੰਦਰ ਸਿੰਘ ਨੇ ਏ.ਡੀ.ਜੀ.ਪੀ. ਹਰਪ੍ਰੀਤ ਸਿੱਧੂ ਦੀ ਅਗਵਾਈ ਨਸ਼ਾ ਵਪਾਰ ਖਤਮ ਕਰਨ ਲਈ ਵਿਸ਼ੇਸ਼ ਜਾਂਚ ਟੀਮ ਤਾਂ ਬਣਾਈ। ਪਰ ਇਸ ਦੀ ਰਿਪੋਰਟ 'ਤੇ ਸਰਕਾਰ ਵਲੋਂ ਕੋਈ ਕਾਰਵਾਈ ਨਹੀਂ ਕੀਤੀ। ਰਾਜਜੀਤ ਵਲੋਂ ਏ.ਡੀ.ਜੀ.ਪੀ. ਹਰਪ੍ਰੀਤ ਸਿੱਧੂ ਵਿਰੁੱਧ ਪੱਖਪਾਤ ਦੇ ਲਾਏ ਦੋਸ਼ਾਂ 'ਤੇ ਹਾਈ ਕੋਰਟ ਵਲੋਂ 2018 ਵਿਚ ਏ.ਡੀ.ਜੀ.ਪੀ. ਸਿਧਾਰਥ ਚਟੋਪਾਧਿਆ ਦੀ ਅਗਵਾਈ 'ਚ ਨਵੀਂ ਸਿੱਟ ਬਣਾਈ ਅਤੇ ਜਲਦ ਰਿਪੋਰਟ ਪੇਸ਼ ਕਰਨ ਆਦੇਸ਼ ਦਿੱਤੇ। ਇਸ ਐੱਸ.ਆਈ.ਟੀ. ਨੇ 2018 'ਚ ਹੀ ਚਾਰ ਰਿਪੋਰਟਾਂ ਹਾਈ ਕੋਰਟ ਵਿਚ ਸੌਂਪੀਆਂ, ਜੋ 5 ਸਾਲ ਬੰਦ ਲਫਾਫਿਆਂ ਵਿਚ ਹੀ ਪਈਆਂ ਰਹੀਆਂ। ਹੁਣ ਇਨ੍ਹਾਂ ਵਿਚੋਂ 3 ਰਿਪੋਰਟਾਂ ਮਾਨਯੋਗ ਹਾਈ ਕੋਰਟ ਵਲੋਂ ਖੋਲ੍ਹ ਕੇ ਅਗਲੀ ਕਾਰਵਾਈ ਲਈ ਸਰਕਾਰ ਨੂੰ ਸੌਂਪੀਆਂ ਗਈਆਂ ਨੇ। ਚੌਥੀ ਰਿਪੋਰਟ ਵਿਚ ਦੋਸ਼ੀ ਪੁਲਿਸ ਅਫਸਰਾਂ ਨੂੰ ਬਚਾਉਣ ਲਈ ਪੁਲਿਸ ਦੇ ਸਿਖਰਲੇ ਅਧਿਕਾਰੀਆਂ 'ਤੇ ਵੀ ਉਂਗਲ ਉਠੀ ਸੀ। ਇਹ ਰਿਪੋਰਟ ਅਜੇ ਵੀ ਹਾਈ ਕੋਰਟ ਵਿਚ ਬੰਦ ਪਈ ਹੈ। ਰਾਜਜੀਤ ਵਿਰੁੱਧ ਸਿੱਟ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਧਾਰਾ 120 ਬੀ, 218 ਅਤੇ 384 ਅਤੇ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ 59 ਅਤੇ 39 ਲੱਗੀਆਂ ਨੇ। ਬਰਖਾਸਤ ਇੰਸਪੈਕਟਰ ਪਹਿਲਾਂ ਹੀ ਜੇਲ੍ਹ ਵਿਚ ਹੈ। ਇੰਦਰਜੀਤ ਸਿੰਘ ਦੀ ਤਾਇਨਾਤੀ ਰਾਜਜੀਤ ਸਿੰਘ ਵੱਲੋਂ ਉਸੇ ਜ਼ਿਲ੍ਹੇ ਵਿਚ ਕਰਵਾਈ ਜਾਂਦੀ ਸੀ, ਜਿੱਥੇ ਉਹ ਖੁਦ ਐੱਸ.ਐੱਸ.ਪੀ. ਵਜੋਂ ਤਾਇਨਾਤ ਹੁੰਦਾ ਸੀ। ਇੰਦਰਜੀਤ ਦੀ ਹੈੱਡ ਕਾਂਸਟੇਬਲ ਤੋਂ ਓ.ਆਰ.ਪੀ. ਏ.ਐੱਸ.ਆਈ. ਅਤੇ ਫਿਰ ਰੈਗੂਲਰ ਸਬ-ਇੰਸਪੈਕਟਰ ਵਜੋਂ ਦੋਹਰੀ ਤਰੱਕੀ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਇੰਦਰਜੀਤ ਸਿੰਘ ਬੇਕਸੂਰ ਲੋਕਾਂ 'ਤੇ ਨਸ਼ਾ ਤਸਕਰੀ ਦੇ ਝੂਠੇ ਕੇਸ ਬਣਾਉਂਦਾ ਸੀ ਅਤੇ ਫੜੇ ਗਏ ਨਸ਼ਾ ਤਸਕਰਾਂ ਖਿਲਾਫ ਜਾਂਚ ਕਮਜ਼ੋਰ ਕਰਕੇ ਐੱਸ.ਐੱਸ.ਪੀ. ਦੀ ਮਿਲੀਭੁਗਤ ਨਾਲ ਵੱਡੀਆਂ ਰਕਮਾਂ ਵਸੂਲਦਾ ਸੀ। 2013 ਤੋਂ ਰਾਜਜੀਤ ਅਤੇ ਪਰਿਵਾਰਕ ਮੈਂਬਰਾਂ ਦੀ ਜਾਇਦਾਦ ਵਿਚ ਭਾਰੀ ਵਾਧਾ ਹੋਇਆ ਹੈ। ਹੁਣ ਮੁੱਖ ਮੰਤਰੀ ਵੱਲੋਂ ਬਰਖ਼ਾਸਤ ਇੰਸਪੈਕਟਰ ਇੰਦਰਜੀਤ ਸਿੰਘ ਦੀ ਪੁਸ਼ਤਪਨਾਹੀ ਕਰਨ ਵਾਲੇ ਸਾਰੇ ਪੁਲਿਸ ਅਫਸਰਾਂ ਖਿਲਾਫ ਜਾਂਚ ਲਈ ਏ.ਡੀ.ਜੀ.ਪੀ. ਆਰ.ਕੇ. ਜੈਸਵਾਲ ਡਿਊਟੀ ਲਗਾਈ ਹੈ। ਡੀ.ਜੀ.ਪੀ. ਗੌਰਵ ਯਾਦਵ ਅਨੁਸਾਰ ਇੰਦਰਜੀਤ ਵਿਰੁੱਧ ਪੈਂਡਿੰਗ ਕੇਸਾਂ ਦੇ ਬਾਵਜੂਦ ਸਪੈਸ਼ਲ ਤਰੱਕੀਆਂ ਸਿੱਧੇ ਹੀ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਵਲੋਂ ਕੀਤੀਆਂ ਗਈਆਂ ਸਨ। ਪਹਿਲਾਂ ਵੀ ਕਈ ਪੁਲਿਸ ਅਧਿਕਾਰੀ ਨਸ਼ਾ ਵਪਾਰ ਦੇ ਦੋਸ਼ਾਂ ਕਾਰਨ ਨੌਕਰੀਆਂ ਗੁਆ ਚੁੱਕੇ ਨੇ। ਸੂਬੇ ਵਿਚ ਬਹੁਤ ਸਾਰੇ ਪ੍ਰਸ਼ਾਸਨਿਕ ਉੱਚ ਅਧਿਕਾਰੀ ਵੀ ਭ੍ਰਿਸ਼ਟਾਚਾਰ ਮਾਮਲਿਆਂ ਵਿਚ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਰਹੇ ਨੇ। ਦੋ ਦੋਸ਼ੀ ਅਧਿਕਾਰੀ ਗ੍ਰਿਫ਼ਤਾਰ ਵੀ ਹੋ ਚੁੱਕੇ ਨੇ। ਇਸ ਤੋਂ ਪ੍ਰਸ਼ਾਸਨ ਅੰਦਰ ਫੈਲਿਆ ਭ੍ਰਿਸ਼ਟ ਦਾ ਮੱਕੜਜਾਲ ਸਪੱਸ਼ਟ ਝਲਕਦੈ।

### ਖੁੱਲ੍ਹੇਆਮ ਚਲਦੈ ਨਸ਼ਾ ਵਪਾਰ

ਸਰਕਾਰ ਵਲੋਂ ਸਖਤੀ ਦੇ ਦਾਅਵਿਆਂ ਦੇ ਬਾਵਜੂਦ ਸੂਬੇ ਅੰਦਰ ਖੁੱਲ੍ਹੇਆਮ ਨਸ਼ਾ ਵਪਾਰ ਚੱਲਣ ਦੀਆਂ ਖਬਰਾਂ ਮੀਡੀਆ ਵਿਚ ਆ ਰਹੀਆਂ ਨੇ। ਰੋਜ਼ਾਨਾਂ ਨਸ਼ਿਆਂ ਦੀ ਵਰਤੋਂ ਨਾਲ ਨੌਜਾਵਾਨ ਜਾਨਾਂ ਗਵਾ ਰਹੇ ਨੇ। ਮਾਪੇ ਬੇਰੁਜ਼ਗਾਰ ਬੱਚਿਆਂ ਨੂੰ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਨੂੰ ਭੇਜ ਰਹੇ ਨੇ। ਸੂਬੇ ਵਿਚੋਂ ਕਰੀਬ 30-40 ਕਰੋੜ ਰੁਪਏ ਹਰ ਸਾਲ ਬਾਹਰ ਜਾ ਰਹੇ ਨੇ। ਕੇਂਦਰ ਸਰਕਾਰ ਵਲੋਂ ਸਰਹੱਦ ਰਾਹੀਂ ਆ ਰਹੇ ਨਸ਼ੇ ਅਤੇ ਹਥਿਆਰਾਂ ਦੀ ਸਪਲਾਈ ਰੋਕਣ ਲਈ ਬੀ.ਐੱਸ.ਐੱਫ. ਦਾ ਕੰਟਰੋਲ ਖੇਤਰ 25 ਤੋਂ 50 ਕਿ.ਮੀ. ਤੱਕ ਵਧਾਉਣ ਦੇ ਬਾਵਜੂਦ ਵੀ ਰੋਜ਼ਾਨਾਂ ਡਰੋਨਾਂ ਰਾਹੀਂ ਖੇਪਾਂ ਪੁੱਜਦੀਆਂ ਨੇ। ਹੁਣ ਨਸ਼ੇ ਸਰਹੱਦ ਤੋਂ ਇਲਾਵਾ ਬੰਦਰਗਾਹਾਂ ਰਾਹੀਂ ਵੀ ਪੁੱਜ ਰਹੇ ਨੇ। ਬੀਤੇ ਦਿਨੀਂ ਫਾਜ਼ਿਲਕਾ ਦੇ ਪਿੰਡ ਲਾਲੋ ਵਾਲੀ ਤੋਂ ਰਾਜਸਥਾਨ ਰਸਤੇ ਲਿਆਂਦੀ ਗਈ 36.9 ਕਿਲੋ ਹੈਰੋਇਨ ਦੀ ਵੱਡੀ ਖੇਪ ਫੜੀ ਗਈ ਹੈ। ਪਹਿਲਾਂ ਨਸ਼ੇ ਪਾਕਿਸਤਾਨ ਰਾਹੀਂ ਪੰਜਾਬ ਅਤੇ ਕਸ਼ਮੀਰ ਸਰਹੱਦ ਰਸਤੇ ਛੋਟੇ ਪੈਕਟਾਂ ਵਿਚ ਪੰਜਾਬ ਪੁੱਜਦੇ ਸੀ। ਪਿਛਲੇ ਸਾਲ ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਰਾਹੀਂ ਆਈਆਂ ਵੱਡੀਆਂ ਖੇਪਾਂ ਫੜੀਆਂ ਗਈਆਂ ਨੇ। ਸਮਝਿਆ ਜਾਂਦੈ ਕਿ ਇਸ ਤੋਂ ਕਈ ਗੁਣਾ ਵੱਧ ਨਸ਼ੇ ਗੁਜਰਾਤ ਤੋਂ ਰਾਜਸਥਾਨ, ਮੱਧ ਪ੍ਰਦੇਸ਼, ਹਰਿਆਣਾ ਅਤੇ ਦਿਲੀ ਰਸਤੇ ਪੰਜਾਬ ਪੁੱਜਦੇ ਨੇ। ਪੰਜਾਬ ਵਿਚ ਅਕਾਲੀ ਦਲ-ਭਾਜਪਾ ਦੀਆਂ 2007 ਤੋਂ 2017 ਤੱਕ ਸਰਕਾਰਾਂ ਦੀ ਨਸ਼ਿਆਂ ਦੇ ਵਪਾਰ ਨਾਲ ਭਾਰੀ ਬਦਨਾਮੀ ਹੋਈ। ਇਸੇ ਦੌਰਾਨ ਬਰਖਾਸਤ ਡੀ.ਐੱਸ.ਪੀ. ਜਗਦੀਸ਼ ਭੋਲਾ ਸਮੇਤ ਤਸਕਰਾਂ ਦੇ ਨਸ਼ਾ ਵਪਾਰ ਦਾ ਕਰੀਬ 6000 ਕਰੋੜ ਰੁਪਏ ਦਾ ਵੱਡਾ ਰੈਕੇਟ ਸਾਹਮਣੇ ਆਇਆ। ਜਗਦੀਸ਼ ਭੋਲਾ ਨੇ ਅਦਾਲਤ ਤੋਂ ਬਾਹਰ ਆਉਂਦੇ ਮੀਡੀਆ ਸਾਹਮਣੇ ਮੰਤਰੀ ਬਿਕਰਮ ਮਜੀਠੀਆ ਨੂੰ ਨਸ਼ਾ ਤਸਕਰੀ ਦਾ ਕਿੰਗਪਿੰਨ ਦੱਸਿਆ ਸੀ। ਇਸ ਮਾਮਲੇ ਨੂੰ ਈ.ਡੀ. ਦੀ ਪੁੱਛਗਿੱਛ ਦੇ ਬਾਵਜੂਦ ਦਬਾ ਦਿੱਤਾ ਗਿਆ। ਕੱਟੜ ਇਮਾਨਦਾਰੀ ਦਾ ਦਾਅਵਾ ਕਰਨ ਵਾਲੀ 'ਆਪ' ਸਰਕਾਰ ਨੇ ਸੂਬੇ ਵਿਚੋਂ ਨਸ਼ਿਆਂ ਅਤੇ ਬੇਰੁਜ਼ਗਾਰੀ ਦਾ ਮੁਕੰਮਲ ਸਫਾਇਆ ਕਰਨ ਦੀ ਗਾਰੰਟੀ ਦੇ ਕੇ ਸੱਤਾ ਸੰਭਾਲੀ ਹੈ। ਨਸ਼ੇ ਵਿਰੁੱਧ ਮੁਹਿੰਮ ਦੇ ਦਾਅਵਿਆਂ ਦੇ ਬਾਵਜੂਦ ਇਹ ਅਲਾਮਤ ਵੱਧ ਰਹੀ ਹੈ। ਇਸ ਨਸ਼ੇ ਨੇ ਪੰਜਾਬ ਨੂੰ ਖੋਖਲਾ ਕਰ ਛੱਡਿਐ। ਮੁੱਖ ਮੰਤਰੀ ਦੀ ਉੱਚ ਪੱਧਰ 'ਤੇ ਕੀਤੀ ਇਸ ਕਾਰਵਾਈ ਨਾਲ ਕੁੱਝ ਉਮੀਦ ਜ਼ਰੂਰ ਜਾਗੀ ਹੈ। ਹੁਣ ਦੇਖਣਾ ਇਹ ਹੈ ਕਿ ਇਹ ਅੱਗੇ ਕਿੰਨੀ ਦੇਰ ਜਾਰੀ ਰਹਿੰਦੀ ਹੈ।

---

## ਫੈਸਲਾ

### ਮਿੰਨੀ ਕਹਾਣੀ

-ਪ੍ਰੋ. ਨਵ ਸੰਗੀਤ ਸਿੰਘ
ਬਠਿੰਡਾ
94176-92015.
(Punjab Mail USA)



ਸੰਜੀਵ ਦਸ ਸਾਲ ਪਹਿਲਾਂ ਸਰਕਾਰੀ ਨੌਕਰੀ ਤੋਂ ਉੱਚ ਅਫ਼ਸਰ ਵਜੋਂ ਰਿਟਾਇਰ ਹੋਇਆ, ਤਾਂ ਉਹਦੇ ਕੋਲ ਅੱਗੇ ਕਰਨ ਲਈ ਕੋਈ ਕੰਮ ਨਹੀਂ ਸੀ। ਘਰ ਵਿਚ ਪਤੀ, ਪਤਨੀ ਤੇ ਦੂਰ ਪੜ੍ਹਦੀ ਬੇਟੀ ਤੋਂ ਬਿਨਾਂ ਕੋਈ ਨਹੀਂ ਸੀ। ਸੇਵਾਮੁਕਤੀ ਪਿੱਛੋਂ ਮਿਲਣ ਵਾਲੀ ਪੈਨਸ਼ਨ ਹੀ ਏਨੀ ਸੀ ਕਿ ਉਹਨੂੰ ਹੋਰ ਕੰਮ ਕਰਨ ਦੀ ਕੋਈ ਲੋੜ ਨਹੀਂ ਸੀ। ਪਰ ਸੇਵਾਮੁਕਤੀ ਤੋਂ ਤੁਰੰਤ ਪਿੱਛੋਂ ਇੱਕ ਪ੍ਰਾਈਵੇਟ ਕੰਪਨੀ ਨੇ ਉਹਦੇ ਕੰਮ-ਕਾਜ ਅਤੇ ਤਜ਼ਰਬੇ ਨੂੰ ਵੇਖਦਿਆਂ ਆਪਣੀਆਂ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ। ਤਨਖਾਹ ਵੀ ਬਹੁਤ ਵਧੀਆ ਸੀ। ਲੋਕਲ ਹੋਣ ਕਰਕੇ ਕਿਤੇ ਬਾਹਰ ਨਹੀਂ ਸੀ ਜਾਣਾ। ਪਤਨੀ ਨਾਲ ਸਲਾਹ ਕਰਕੇ ਸੰਜੀਵ ਨੇ ਕੰਪਨੀ ਨੂੰ ਹਾਂ ਕਰ ਦਿੱਤੀ। ਅੱਜ ਉਹਨੂੰ ਇਸ ਕੰਪਨੀ 'ਚ ਕੰਮ ਕਰਦਿਆਂ ਲੰਮਾ ਸਮਾਂ ਹੋ ਗਿਆ ਸੀ। ਉਹਦੇ ਅਫ਼ਸਰ ਤੇ ਕੁਲੀਗ ਉਹਦੇ ਤਜ਼ਰਬੇ ਤੋਂ ਭਰਪੂਰ ਫ਼ਾਇਦਾ ਉਠਾਉਂਦੇ ਤੇ ਸੰਜੀਵ ਨੂੰ ਵੀ ਏਥੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਸੀ। ਹਾਂ, ਛੁੱਟੀਆਂ ਨਾਂਹ ਦੇ ਬਰਾਬਰ ਸਨ। ਜਦੋਂ ਵੀ ਜ਼ਰੂਰੀ ਕੰਮ ਲਈ ਛੁੱਟੀ ਲੈਣੀ ਪੈਂਦੀ, ਤਾਂ ਬਿਨਾਂ ਤਨਖਾਹ ਤੋਂ। ਪਤਨੀ ਨਾਲ ਇੱਕ ਦਿਨ ਸਲਾਹ ਕੀਤੀ ਕਿ ਨੌਕਰੀ ਛੱਡ ਦਿਆਂ, ਤਾਂ ਕਿ ਹੁਣ ਘਰੇ ਆਰਾਮ ਕੀਤਾ ਜਾ ਸਕੇ। ਐਤਵਾਰ ਹੋਣ ਕਰਕੇ ਉਹ ਟਰੰਕਾਂ, ਬੈਗਾਂ ਦੀ ਸਾਫ਼-ਸਫ਼ਾਈ ਕਰ ਰਿਹਾ ਸੀ, ਤਾਂ ਇੱਕ ਪੁਰਾਣਾ ਬੈਗ ਬੋਦਾ ਹੋਇਆ ਪਿਆ ਸੀ। ਥੋੜ੍ਹਾ ਜਿਹਾ ਝਾੜਨ ਨਾਲ ਉਹਦੀ ਤਣੀ ਟੁੱਟ ਗਈ। ਸੰਜੀਵ ਨੇ ਪਤਨੀ ਨੂੰ ਝੱਟ ਆਪਣਾ ਫ਼ੈਸਲਾ ਸੁਣਾਇਆ, "ਨਹੀਂ ਬਈ, ਮੈਂ ਨੌਕਰੀ ਨਹੀਂ ਛੱਡਣੀ। ਨਹੀਂ ਤਾਂ ਮੇਰੀ ਹਾਲਤ ਇਸ ਬੈਗ ਵਰਗੀ ਹੋ ਜਾਏਗੀ।" ਪਤਨੀ ਨੇ ਹੱਸ ਕੇ ਹਾਮੀ ਭਰੀ, "ਠੀਕ ਹੈ, ਜਿੰਨਾ ਚਿਰ ਹੱਥ-ਪੈਰ ਚਲਦੇ ਐ, ਚੰਗਾ ਹੈ। ਘਰੇ ਵਿਹਲੇ ਬਹਿ ਕੇ ਵੀ ਕੀ ਕਰੋਗੇ...।"

# ਆਓ ਰਿਸ਼ਤਿਆਂ ਦੀ ਕਦਰ ਕਰੀਏ...

ਮਨੁੱਖੀ ਜੀਵਨ ਵਿਚ ਦੁਨਿਆਵੀਂ ਰਿਸ਼ਤਿਆਂ ਦਾ ਵਿਲੱਖਣ ਸਥਾਨ ਰਿਹਾ ਹੈ। ਮਨੁੱਖ ਸਮਾਜ ਵਿਚ ਵਿਚਰਦਿਆਂ ਕਿਸੇ ਨਾ ਕਿਸੇ ਰਿਸ਼ਤਿਆਂ ਦੇ ਕਲਾਵੇ ਵਿਚ ਜ਼ਰੂਰ ਜੁੜਿਆ ਹੁੰਦਾ ਹੈ, ਭਾਵੇਂ ਉਹ ਰਿਸ਼ਤਾ ਕੁਦਰਤੀ ਹੋਵੇ ਜਾਂ ਗੈਰ ਕੁਦਰਤੀ।

ਵੈਸੇ ਤਾਂ ਮਨੁੱਖ ਮਾਂ ਦੀ ਕੁੱਖ ਵਿਚ ਹੀ ਕੁਦਰਤੀ ਰਿਸ਼ਤਿਆਂ ਵਿਚ ਬੱਝ ਜਾਂਦਾ ਹੈ। ਪੈਦਾ ਹੋਣ ਸਮੇਂ ਦਾਦਕਿਆਂ ਦੇ ਨਾਨਕਿਆਂ ਦੇ ਰਿਸ਼ਤੇ ਮਨੁੱਖੀ ਜ਼ਿੰਦਗੀ ਵਿਚ ਕੁਦਰਤੀ ਤੇ ਮੁੱਢਲੀ ਹੁੰਦੇ ਹਨ। ਜਿਨ੍ਹਾਂ ਵਿਚ ਮਨੁੱਖ ਪਾਲਦਿਆਂ ਹੱਸਣਾ, ਖੇਡਣਾ, ਬੋਲਣਾ ਤੇ ਦੁਨਿਆਵੀਂ ਗਤੀਵਿਧੀਆਂ ਨੂੰ ਸਿੱਖਦਾ ਹੈ। ਬਾਲ ਅਵਸਥਾ ਵਿਚ ਪਰਿਵਾਰਕ ਰਿਸ਼ਤਿਆਂ ਤੋਂ ਇਲਾਵਾ ਆਪਣੇ ਖਿਡੌਣਿਆਂ ਨਾਲ ਬਾਲ ਗੈਰ ਕੁਦਰਤੀ ਰਿਸ਼ਤੇ ਭਾਵ ਜਿਨ੍ਹਾਂ ਨੂੰ ਮਨੁੱਖ ਆਪ ਆਪਣੀ ਪਸੰਦ ਜਾਂ ਰੁਚੀ ਮੁਤਾਬਿਕ ਸਿਰਜਤ ਕਰਦਾ ਹੈ। ਫਿਰ ਸਮਾਜ ਵਿਚ ਪੈਰ ਧਰਦਿਆਂ ਚੰਗੇ-ਮਾੜੇ, ਸੱਚੇ-ਝੂਠੇ, ਪਸੰਦ-ਨਾਪਸੰਦ ਰਿਸ਼ਤਿਆਂ ਬਾਰੇ ਆਪਣੀ ਧਾਰਨਾ ਕਰਦਾ ਹੈ। ਫਿਰ ਸੰਘਰਸ਼ਸ਼ੀਲ ਜ਼ਿੰਦਗੀ ਦੌਰਾਨ ਮਨੁੱਖ ਲੋੜਾਂ ਜਾਂ ਵਿਚਾਰਾਂ ਦੀ ਸਹਿਮਤੀ ਦੇ ਆਧਾਰ ਤੇ ਨਵੇਂ ਰਿਸ਼ਤਿਆਂ ਵਿਚ ਬੱਝਦਾ-ਟੁੱਟਦਾ ਰਹਿੰਦਾ ਹੈ। ਇਹ ਰਿਸ਼ਤੇ ਜੀਵਨ ਦਾ ਅਟੁੱਟ ਅੰਗ ਹੁੰਦੇ ਹਨ। ਮਨੁੱਖ ਪ੍ਰਮੁੱਖ ਰੂਪ ਵਿਚ ਦੁਨੀਆਂ ਨੂੰ ਦੋ ਤਰ੍ਹਾਂ ਦੇ ਰਿਸ਼ਤਿਆਂ ਪਰਿਵਾਰਕ ਤੇ ਸਮਾਜਿਕ ਵਿਚ ਵੰਡ ਲੈਂਦਾ ਹੈ। ਜਿਨ੍ਹਾਂ ਨਾਲ ਆਪਣੀ ਸਾਂਝ ਕਾਇਮ ਕਰਦਾ 'ਤੇ ਤੋੜਦਾ ਰਹਿੰਦਾ ਹੈ।

ਪੁਰਾਤਨ ਸਮੇਂ ਵਿਚ ਰਿਸ਼ਤਿਆਂ ਦੀ ਮੁੱਨਖੀ ਜੀਵਨ ਵਿਚ ਖਾਸ ਮਹੱਤਤਾ ਹੁੰਦੀ ਸੀ। ਸੋ ਲਫ਼ਜ਼ ਇੱਕ ਵਾਰ ਜ਼ੁਬਾਨ ਵਿਚੋਂ ਨਿਕਲ ਜਾਂਦੇ, ਉਹ ਆਖ਼ਰੀ ਹੁੰਦੇ ਸਨ। ਜਿੰਦ ਮੁੱਕ ਜਾਵੇ, ਪਰ ਜ਼ੁਬਾਨ ਵਿਚ ਨਿਕਲੇ ਸ਼ਬਦ ਵਾਪਸ ਨਹੀਂ ਸੀ ਮੁੜਦੇ...! ਹਰੇਕ ਮਨੁੱਖ ਨਿੱਜੀ ਰਿਸ਼ਤਿਆਂ ਦੀ ਬੜੀ ਕਦਰ ਕਰਦਾ ਸੀ। ਆਖਰੀ ਸਾਹ ਤੱਕ ਤੋੜ ਨਿਭਾਉਣ ਦੀ ਕੋਸ਼ਿਸ਼ ਵਿਚ ਯਤਨਸ਼ੀਲ ਰਹਿੰਦਾ ਸੀ। ਪੰਜਾਬੀ ਸਾਹਿਤ ਦੇ ਕਿੱਸਾ ਕਾਵਿ ਦੀਆਂ ਅਨੇਕਾਂ ਹੀ ਉਦਾਹਰਣਾਂ ਤੋਂ ਤੋੜ ਨਿਭਾਉਣ ਵਾਲੇ ਰਿਸ਼ਤਿਆਂ ਦੀਆਂ ਸੁਗੰਧੀਆਂ ਜ਼ਿੰਦਗੀ ਨੂੰ ਖੁਸ਼ਗਵਾਰ ਕਰ ਦਿੰਦੀਆਂ ਹਨ।



ਪਰ ਤਕਨੀਕੀ ਯੁੱਗ ਵਿਚ ਮਨੁੱਖੀ ਰਿਸ਼ਤਿਆਂ ਵਿਚ ਬੜੀ ਕੜਵਾਹਟ ਆ ਚੁੱਕੀ ਹੈ। ਮਨੁੱਖੀ ਜੀਵਨ ਵਿਚ ਦਿਨੋਂ-ਦਿਨ ਖ਼ੁਦਗ਼ਰਜ਼ੀ ਤੇ ਮੌਕਾਪ੍ਰਸਤੀ ਦੀ ਹੋੜ ਵੱਧਦੀ ਜਾ ਰਹੀ ਹੈ। ਜੇਕਰ ਕੁਦਰਤੀ ਰਿਸ਼ਤਿਆਂ ਭਾਵ ਪਰਿਵਾਰਕ ਰਿਸ਼ਤਿਆਂ ਦੀ ਗੱਲ ਕਰੀਏ ਤਾਂ ਵਰਤਮਾਨ ਸਮੇਂ ਸਰਬਣ ਪੁੱਤ ਦੀ ਉਦਾਹਰਨ ਬਹੁਤ ਘੱਟ ਮਿਲਦੀ ਹੈ, ਜੋ ਆਪਣੇ ਬੁੱਢੇ ਮਾਂ-ਪਿਉ ਦਾ ਸਹਾਰਾ ਬਣ ਆਖਰੀ ਸਾਹ ਤੱਕ ਵਡੇਰਿਆਂ ਦੀ ਸੇਵਾ ਕਰਦਾ ਹੋਵੇ। ਹੁਣ ਤਾਂ ਮਾਂ-ਬਾਪ ਦੀ ਦੇਖਭਾਲ ਤਾਂ ਬਿਰਧ ਆਸ਼ਰਮਾਂ ਦੀ ਸ਼ਾਨ ਬਣ ਚੁੱਕੀ ਹੈ। ਭੈਣ-ਭਰਾ, ਪਤੀ-ਪਤਨੀ ਤੇ ਅੱਲ੍ਹੜ ਉਮਰ ਦੇ ਰਿਸ਼ਤਿਆਂ ਦੇ ਧਾਗੇ ਬੜੇ ਕਮਜ਼ੋਰ ਜਾਪਣ ਲੱਗ ਪਏ ਹਨ। ਤਲਾਕ ਤਾਂ ਅੱਜਕੱਲ੍ਹ ਇਕ ਫੈਸ਼ਨ ਜਿਹਾ ਹੀ ਬਣ ਗਿਆ ਹੈ। ਸਮਾਜਿਕ ਰਿਸ਼ਤੇ ਸਿਰਫ ਲੋੜਾਂ ਜਾਂ ਵਿਚਾਰਾਂ ਤੱਕ ਸੀਮਤ ਰਹਿ ਚੁੱਕੇ ਹਨ ਕਿਉਂਕਿ ਅਸੀਂ ਉਸ ਵਿਅਕਤੀ ਨਾਲ ਹੀ ਸਬੰਧ ਸੁਖਾਵੇਂ ਬਣਾਉਂਦੇ ਹਾਂ ਜਿਸ ਨਾਲ ਸਾਨੂੰ ਕੋਈ ਗਰਜ਼ ਜਾਂ ਵਿਚਾਰਾਂ ਦੀ ਸਹਿਮਤੀ ਹੁੰਦੀ ਹੈ, ਜਦੋਂ ਲੋੜ ਖ਼ਤਮ ਜਾਂ ਵਿਚਾਰਿਕ ਮਤਭੇਦ ਹੋਏ ਤਾਂ ਤੂੰ ਕੌਣ ਮੈਂ ਕੌਣ......!

ਗੁਰਵੀਰ ਸਿੰਘ ਸਰੌਦ
ਪੱਤਰਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।
ਸੰਪਰਕ: 94179-71451
(Punjab Mail USA)



ਕਿਤੇ ਨਾ ਕਿਤੇ ਪੈਸੇ ਦੀ ਦੌੜ, ਪੱਛਮੀ ਰਹਿਣੀ ਬਹਿਣੀ, ਤਕਨੀਕੀ ਖੋਜਾਂ ਨੇ ਸਾਡੇ ਰੀਤੀ ਰਿਵਾਜ਼, ਸਭਿਆਚਾਰ, ਸੰਸਕ੍ਰਿਤੀ ਤੋਂ ਕੋਹਾਂ ਦੂਰ ਕਰਦਿਆਂ ਵਿਸ਼ਵੀਕਰਨ ਦੇ ਦੌਰ ਵਿਚ ਸਾਨੂੰ ਆਪਣੀਆਂ ਜੜ੍ਹਾਂ ਤੋਂ ਦੂਰ ਤਾਂ ਕੀਤਾ ਹੈ। ਪਰ ਦੁਨੀਆਂ ਦੀ ਕੋਈ ਵੀ ਸੰਜੀਵ ਵਸਤੂ ਆਪਣੀਆਂ ਜੜ੍ਹਾਂ ਤੋਂ ਦੂਰ ਰਹਿੰਦਿਆਂ ਬਹੁਤਾ ਸਮਾਂ ਜਿਊਂਦੀ ਨਹੀਂ ਰਹਿ ਸਕਦੀ, ਇੱਕ ਦਿਨ ਮੁਰਝਾ ਹੀ ਜਾਂਦੀ ਹੈ...!

ਦੁਨੀਆਂ ਵਿਚ ਵੱਧਦੇ ਮਾਨਸਿਕ ਤਣਾਅ ਦੇ ਨਤੀਜੇ ਆਪਣਿਆਂ ਤੋਂ ਦੂਰੀ ਤੇ ਸਾਡਾ ਇਕੱਲਾਪਣ ਹੀ ਹੈ। ਵਰਤਮਾਨ ਸਮੇਂ ਜਿਸ ਵਿਅਕਤੀ ਨਾਲ ਕਿਸੇ ਰਿਸ਼ਤੇ (ਖਾਸਕਰ ਕੁਦਰਤੀ) ਬੱਝੇ ਹੋਏ ਹਾਂ, ਉਹ ਸਾਨੂੰ ਸਿਰਫ਼ ਇੱਕ ਵਾਰ ਹੀ ਮਿਲਣਗੇ, ਭਾਵ ਜੋ ਸਾਨੂੰ ਮਾਂ-ਬਾਪ, ਭੈਣ-ਭਰਾ, ਦੋਸਤ-ਮਿੱਤਰ ਇਸ ਜਨਮ ਵਿਚ ਮਿਲੇ ਹਨ, ਉਹ ਸਦੀਵੀਂ ਨਹੀਂ, ਬਲਕਿ ਇਸ ਜੀਵਨ ਵਿਚ ਹੀ ਮਿਲਣਗੇ। ਮੁੜ ਕਦੇ ਵੀ ਮੇਲ ਨਹੀਂ ਹੋਣਾ....! ਅੱਜ ਵਿਅਕਤੀ ਦੀ ਉਮਰ ਸੀਮਾ ਦੀ ਉਮੀਦ ਵੀ ਕਿੰਨੀ ਕੁ ਰਹਿ ਗਈ ਹੈ...? ਜਿਸ ਦਾ ਅਸੀਂ ਅਹੰਕਾਰ ਕਰਦੇ ਹਾਂ, ਕਿਸੇ ਨੂੰ ਕੁਝ ਨਹੀਂ ਪਤਾ ਕੀ ਤੁਹਾਡਾ ਕਿਹੜਾ ਸਾਹ ਆਖਰੀ ਹੋਵੇ।

ਸੋ ਆਓ ਆਪਣੇ ਆਪ ਨੂੰ ਇੱਕ ਮਸ਼ੀਨ ਨਾ ਸਮਝਦਿਆਂ ਆਪਣੇ ਪਿਆਰਿਆਂ ਨਾਲ ਮੋਹ ਭਰਿਆ ਜੀਵਨ ਬਤੀਤ ਕਰਦਿਆਂ, ਰਿਸ਼ਤਿਆਂ ਦੀ ਕਦਰ ਕਰੀਏ...

# ਦੁਨੀਆਂ ਦਾ ਉੱਤਮ ਐਨਰਜੀ ਡਰਿੰਕ ਕਿਵੇਂ ਬਣਾਈਏ

**ਆਂਵਲਾ ਤੇ ਸ਼ਹਿਦ ਤੋਂ ਤਿਆਰ ਐਨਰਜ਼ੀ ਡਰਿੰਕ ਬਣਾਉਣ ਦੀ ਵਿਧੀ :**

ਆਂਵਲਾ ਤੇ ਸ਼ਹਿਦ ਦੋਨੋਂ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਹਨ। ਇਹ ਨਾ ਕੇਵਲ ਐਨਰਜੀ ਪ੍ਰਧਾਨ ਕਰਦੇ ਹਨ, ਸਗੋਂ ਇਹ ਚਮੜੀ ਤੇ ਵਾਲਾਂ ਲਈ ਬਹੁਤ ਫਾਇਦੇਮੰਦ ਹਨ। ਆਂਵਲਾਂ ਤੇ ਸ਼ਹਿਦ ਨਾਲ ਬਣੇ ਡਰਿੰਕ ਦਾ ਸੇਵਨ ਕਰਨ ਨਾਲ ਇਮਊਨਿਟੀ ਵਧਾਉਣ ਦੇ ਨਾਲ-ਨਾਲ ਜੋਬਨ ਸ਼ਕਤੀ ਮਿਲਦੀ ਹੈ। ਬੁਢਾਪੇ 'ਚ ਜਵਾਨੀ ਦਾ ਅਹਿਸਾਸ ਹੁੰਦਾ ਹੈ। ਆਉ ਜਾਣੀਏ ਵਿਧੀ।

**ਵਿਧੀ:** ਹਰੇ ਆਂਵਲਿਆਂ ਨੂੰ ਕੁੱਟ ਕੇ ਤਿੰਨ ਤੋਂ ਚਾਰ ਚਮਚ ਰਸ ਕੱਢੋ। ਬਰਾਬਰ ਮਾਤਰਾ 'ਚ ਸ਼ਹਿਦ ਲੈ ਕੇ ਮਿਕਸ ਕਰੋ। ਆਪਣੇ



ਹਿਸਾਬ ਨਾਲ ਪਾਣੀ 'ਚ ਮਿਕਸ ਕਰਕੇ ਪੀਉ। ਇਕ ਘੰਟਾ ਕੁੱਝ ਨਾ ਖਾਉ। ਇਸ ਤੋਂ ਇਲਾਵਾ ਤਿੰਨ ਤੋਂ ਚਾਰ ਆਂਵਲੇ ਦਾ ਰਸ ਕੱਢ ਕੇ ਇਕ ਗਿਲਾਸ ਪਾਣੀ 'ਚ ਮਿਕਸ ਕਰਕੇ ਹਰ ਰੋਜ਼ ਸੇਵਨ ਕਰੋ। ਵੀਹ ਬਿਮਾਰੀਆਂ ਠੀਕ ਕਰੇਗਾ।

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



**ਨੋਟ:** ਗਰਮੀਆਂ 'ਚ ਦੁਪਿਹਰ ਵੇਲੇ ਇੱਕ ਚਮਚ ਸ਼ਹਿਦ ਪਾਣੀ 'ਚ ਪਾ ਕੇ ਪੀਉ, ਲੰਬੀ ਉਮਰ ਭੋਗੋਗੇ।

ਨੋਟ: ਇੱਥੇ ਹਰ ਬਿਮਾਰੀ ਦਾ ਇਲਾਜ ਅਰਕਾਂ ਨਾਲ ਕੀਤਾ ਜਾਂਦਾ ਹੈ। ਜਿਹੜੀ ਬਿਮਾਰੀ ਠੀਕ ਨਾ ਹੁੰਦੀ ਹੋਵੇ, ਉਹ ਸੰਪਰਕ ਕਰਨ, ਪ੍ਰਮਾਤਮਾ ਦੀ ਕਿਰਪਾ ਹੈ। ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।

# ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਵਸ, ਗੁਰਗੱਦੀ ਤੇ ਜੋਤੀ-ਜੋਤਿ ਦਿਵਸ ਕਿਵੇਂ ਮਨਾਈਏ?


ਜਦੋਂ ਇਸ ਸ੍ਰਿਸ਼ਟੀ ਉੱਤੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਦੀ ਹਨੇਰੀ ਝੁੱਲ ਪਵੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਅਤੇ ਸਵਾਰਥ 'ਚ ਮਨੁੱਖੀ ਕਦਰਾਂ-ਕੀਮਤਾਂ ਭੁੱਲ ਜਾਣ ਤਾਂ ਪ੍ਰਮਾਤਮਾ ਵੱਲੋਂ ਕਿਸੇ ਮਹਾਂਪੁਰਖ ਦਾ ਇਸ ਸ੍ਰਿਸ਼ਟੀ ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ, ਜਦੋਂ ਸਮਾਜ ਦੇ ਹਰ ਖੇਤਰ 'ਚ ਭ੍ਰਿਸ਼ਟਾਚਾਰ, ਜਬਰ, ਜ਼ੁਲਮ ਤੇ ਅਨਿਆਂ ਸਿਖਰਾਂ 'ਤੇ ਪਹੁੰਚ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਵੀ ਉਨ੍ਹਾਂ ਨੇ ਫੁਰਮਾਇਆ ਸੀ:-

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਸਾਰੀ ਲੋਕਾਈ ਵਹਿਮਾਂ-ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ-ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ, ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਤੇ ਕਮਜ਼ੋਰ, ਅਮੀਰ ਤੇ ਤਕੜੇ ਦੀ ਧੱਕੇਸ਼ਾਹੀ ਦੇ ਸ਼ਿਕਾਰ ਸਨ। ਸਮਾਜ ਦੀ ਰਾਜਨੀਤਿਕ ਦਸ਼ਾ ਵੀ ਬਹੁਤ ਭੈੜੀ ਸੀ, ਰਾਜੇ ਕਿਵੇਂ ਆਪਣੀ ਪਰਜਾ ਤੇ ਅੱਤਿਆਚਾਰ ਕਰਦੇ ਸਨ, ਭਾਵ ਲੋਕਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ ਜਾਂਦਾ ਸੀ। ਇਸ ਦਸ਼ਾ ਨੂੰ ਦੇਖ ਕੇ ਕਬੀਰ ਜੀ ਨੇ ਫੁਰਮਾਇਆ ਸੀ:

ਅਵੱਲ ਅੱਲਾਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ
ਏਕ ਨੂਰ ਸੇ ਸਭ ਜੱਗ ਉਪਜਿਆ
ਕਉਨ ਭਲੇ ਕਉਨ ਮੰਦੇ।

ਗੁਰੂ ਨਾਨਕ ਦੇਵ ਜੀ ਸਿਰਫ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰ ਨੇ ਭਾਰਤ 'ਤੇ ਹਮਲਾ ਕੀਤਾ, ਤਾਂ ਬਿਨਾਂ ਕਿਸੇ ਡਰ ਤੋਂ ਉਨ੍ਹਾਂ ਨੇ ਬਾਬਰ ਨੂੰ ਲਲਕਾਰਿਆ ਸੀ:



ਰਾਜੇ ਸ਼ੀਂਹ ਮੁਕੱਦਮ ਕੁੱਤੇ।

ਉਨ੍ਹਾਂ ਨੂੰ ਇੰਨਾ ਜ਼ੁਲਮ ਹੁੰਦਾ ਦੇਖ ਕੇ ਇਹ ਵੀ ਕਹਿਣਾ ਪਿਆ ਸੀ:


ਏਤੀ ਮਾਰ ਪਈ ਕੁਰਲਾਣੈ
ਤੈਂ ਕੀ ਦਰਦ ਨਾ ਆਇਆ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ:

"ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛੁਪਿ ਅੰਧੇਰ ਪਲੋਆ॥"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਿਆ। ਉਨ੍ਹਾਂ ਨੇ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)



ਭ੍ਰਿਸ਼ਟ ਪਾਖੰਡੀਆਂ ਦਾ ਸੁਧਾਰ ਕੀਤਾ। ਇਸ 'ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸਿੱਖਿਆਵਾਂ, ਉਦੇਸ਼ਾਂ ਤੇ ਉਪਦੇਸ਼ਾਂ ਦਾ ਲੋਕਾਂ 'ਤੇ ਕਾਫੀ ਪ੍ਰਭਾਵ ਪਿਆ।

ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਧਰਮ ਦਾ ਮੁੱਢਲਾ ਸਿਧਾਂਤ ਸੀ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ।

ਨਾਮ ਜਪਣ ਤੇ ਨਾਲ=ਨਾਲ ਸ਼ੁੱਭ ਕਰਮਾਂ 'ਤੇ ਵੀ ਜ਼ੋਰ ਦਿੱਤਾ ਕਿਉਂਕਿ ਸ਼ੁੱਭ ਕਰਮਾਂ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਨ੍ਹਾਂ ਨੇ ਉੱਚਾ ਤੇ ਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ, ਜਿਵੇਂ ਉਨ੍ਹਾਂ ਨੇ ਫੁਰਮਾਇਆ ਹੈ:

ਗਲੀਂ ਅਸੀਂ ਚੰਗੀਆ ਅਚਾਰੀ ਬੁਰੀਆਹਿ॥

ਮਜ਼ਲੂਮਾਂ, ਨਿਰਧਨਾਂ, ਨਿਰਦੋਸ਼ਾਂ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ਼ ਹੈ, ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ:

ਮਿੱਠਤੁ ਨੀਵੀਂ ਨਾਨਕਾ,
ਗੁਣ ਚੰਗਿਆਈਆ ਤੱਤੁ॥

ਉਨ੍ਹਾਂ ਨੇ ਕਿਰਤ ਕਰਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ। ਛਲ, ਫਰੇਬ ਕਰਕੇ ਕਮਾਏ ਧਨ ਦਾ ਖੰਡਨ ਕੀਤਾ। ਜਿਵੇਂ ਉਨ੍ਹਾਂ ਨੇ ਫਰਮਾਇਆ:

ਹੱਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ॥

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ:

ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ॥

ਪਰ ਦੇਖਣ ਦੀ ਗੱਲ ਇਹ ਹੈ ਕਿ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ, ਭਾਵ ਮਨੁੱਖੀ ਸੋਚ ਵਿਚ ਕੋਈ ਪਰਿਵਰਤਨ ਆਇਆ ਹੈ? ਮਨੁੱਖੀ ਕਦਰਾਂ-ਕੀਮਤਾਂ ਅਜੇ ਵੀ ਓਹੀ ਹਨ, ਸਗੋਂ ਨੈਤਿਕਤਾ ਪੱਖੋਂ ਦਿਨ-ਬ-ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ-ਕੀਮਤਾਂ ਫਿਰ ਬਦਲ ਰਹੀਆਂ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਕ ਸਾਂਝ ਨਹੀਂ ਰਹੀ। ਪਰ ਮਨੁੱਖ ਸਵਾਰਥੀ ਤੇ ਪਦਾਰਥਵਾਦੀ ਬਣਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ ਰਾਜਨੀਤੀ ਤੇ ਵਿਦਿਅਕ ਸਭ ਖੇਤਰਾਂ ਵਿਚ ਨਿਘਾਰ ਆ ਚੁੱਕਾ ਹੈ। ਪਹਿਲੀਆਂ ਕਦਰਾਂ-ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ-ਕੀਮਤਾਂ ਵਧ ਰਹੀਆਂ ਹਨ। ਗੁਰੂ ਘਰ ਦੀ ਕੀ ਦਸ਼ਾ ਹੈ? ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਕੋਰਟਾਂ 'ਚ ਚੱਲ ਰਹੇ ਹਨ। ਇਹ ਕਮਜ਼ੋਰੀਆਂ ਤੇ ਬੁਰਾਈਆਂ ਜਿਹੜੀਆਂ ਸਮਾਜ 'ਚ ਆਈਆਂ, ਇਨ੍ਹਾਂ ਦੇ ਪਿੱਛੇ ਕੀ ਕਾਰਨ ਹਨ? ਇਨ੍ਹਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਆਧਾਰ ਨਹੀਂ ਬਣਾਇਆ।

ਗੁਰਬਾਣੀ ਪੜ੍ਹਨ ਤੇ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ ਉੱਤੇ ਅਮਲ ਨਹੀਂ ਹੋਇਆ। ਸ਼ੁੱਭ ਅਮਲਾਂ ਬਿਨਾਂ ਕੁੱਝ ਵੀ ਨਹੀਂ। ਸਾਡੇ ਪ੍ਰਚਾਰਕ, ਧਾਰਮਿਕ ਆਗੂ, ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ। ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਪਰ ਇੰਨਾ ਹੀ ਕਾਫੀ ਨਹੀਂ। ਜਿੰਨੀ ਦੇਰ ਅਸੀਂ ਉਨ੍ਹਾਂ ਦੇ ਪੂਰਨਿਆਂ 'ਤੇ ਨਹੀਂ ਚੱਲਦੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਨਹੀਂ ਚੱਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ।

ਉਨ੍ਹਾਂ ਦੇ ਪ੍ਰਕਾਸ਼ ਉਤਸਵ ਮਨਾਉਣੇ ਬੇਅਰਥ ਨਹੀਂ ਹਨ। ਇਸ ਲਈ ਜਿੰਨੀ ਦੇਰ ਮਨੁੱਖੀ ਕਿਰਦਾਰ ਉੱਚਾ ਤੇ ਸੁੱਚਾ ਨਹੀਂ ਹੁੰਦਾ, ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੁੱਖ ਆਪਣੇ ਅੰਦਰ ਝਾਂਤੀ ਮਾਰੇ ਕਿ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ 'ਤੇ ਚੱਲ ਰਿਹਾ ਹਾਂ?

# ਸਰੀ ਦੀ "ਖਾਲਸਾ ਡੇ ਪਰੇਡ" ਧਾਰਮਿਕ ਰੰਗ ਬਖੇਰਦੀ ਪੰਜਾਬੀਆਂ ਦੇ ਜੋਸ਼, ਜਜ਼ਬੇ ਤੇ ਉਤਸ਼ਾਹ ਨਾਲ ਸਮਾਪਤ

## ਅਰਦਾਸ ਉਪਰੰਤ ਮੂਲਨਿਵਾਸੀ ਭਾਈਚਾਰੇ ਦੇ ਆਗੂਆਂ ਦੇ ਸੰਬੋਧਨ ਨਾਲ ਸ਼ੁਰੂ ਹੋਇਆ ਨਗਰ ਕੀਰਤਨ

## ਕਰੀਬ 7 ਲੱਖ ਦੀ ਸ਼ਮੂਲੀਅਤ ਦੇ ਅੰਦਾਜ਼ੇ; ਗੋਰਿਆਂ ਸਮੇਤ ਹੋਰਨਾਂ ਭਾਈਚਾਰਿਆਂ ਨੇ ਲਵਾਈ ਭਰਵੀਂ ਹਾਜ਼ਰੀ

ਕੈਨੇਡਾ ਤੋਂ ਗੁਰਪ੍ਰੀਤ ਸਿੰਘ ਤਲਵੰਡੀ ਦੀ ਵਿਸ਼ੇਸ਼ ਰਿਪੋਰਟ

(Punjab Mail USA)





ਵਿਸ਼ਵ ਪੱਧਰ 'ਤੇ ਵਿਸ਼ੇਸ਼ ਮਹੱਤਤਾ ਰੱਖਦੀ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲ਼ੇ ਸ਼ਹਿਰ ਸਰੀ ਦੀ "ਖਾਲਸਾ ਡੇ ਪਰੇਡ" ਧਾਰਮਿਕ ਰੰਗ ਵਿਚ ਰੰਗੀ ਪੰਜਾਬੀਆਂ ਦੇ ਜੋਸ਼, ਜਜ਼ਬੇ ਅਤੇ ਉਤਸ਼ਾਹ ਨਾਲ਼ ਸਮਾਪਤ ਹੋ ਗਈ। ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਹਰ ਸਾਲ ਹੀ ਕਰਵਾਈ ਜਾਂਦੀ ਇਹ "ਖਾਲਸਾ ਡੇ ਪਰੇਡ" ਕਰੋਨਾ ਕਾਲ ਤੋਂ ਬਾਅਦ ਤਿੰਨ ਸਾਲ ਬਾਅਦ ਕਰਵਾਈ ਗਈ, ਜਿਸ ਕਾਰਨ ਇਸ ਵਿਸ਼ੇਸ਼ ਦਿਵਸ ਨੂੰ ਲੈ ਕੇ ਇਕੱਲੇ ਕੈਨੇਡਾ ਤੋਂ ਹੀ ਨਹੀਂ, ਸਗੋਂ ਅਮਰੀਕਾ ਦੇ ਲਾਗਲੇ ਸ਼ਹਿਰਾਂ ਤੋਂ ਵੀ ਪੰਜਾਬੀਆਂ ਨੇ ਬੜੇ ਹੀ ਉਤਸ਼ਾਹ ਨਾਲ਼ ਹਿੱਸਾ ਲਿਆ। ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ, ਸਰੀ ਤੋਂ ਸਜਣ ਵਾਲ਼ੇ ਇਸ ਵਿਸ਼ਾਲ ਨਗਰ ਕੀਰਤਨ ਦੌਰਾਨ ਸਵੇਰੇ 8 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਨੂੰ ਵਿਸ਼ੇਸ਼ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਕਰਨ ਤੋਂ ਬਾਅਦ ਅਰਦਾਸ ਕਰਨ ਉਪਰੰਤ ਕੈਨੇਡਾ ਦੇ ਮੂਲ ਨਿਵਾਸੀ ਭਾਈਚਾਰੇ ਦੇ ਆਗੂਆਂ ਦੇ ਸੰਬੋਧਨ ਉਪਰੰਤ ਸ਼ੁਰੂ ਹੋਏ ਵਿਸ਼ੇਸ਼ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਧਾਰਮਿਕ ਜਾਹੋ-ਜਲਾਲ ਨਾਲ ਸਜਾਏ ਗਏ ਇਸ ਨਗਰ ਕੀਰਤਨ ਵਿਚ ਕੈਨੇਡਾ ਦੇ ਵੱਖ-ਵੱਖ ਸੂਬਿਆਂ ਤੋਂ ਇਲਾਵਾ ਅਮਰੀਕਾ, ਆਸਟ੍ਰੇਲੀਆ ਅਤੇ ਯੂਰਪ ਦੇਸ਼ਾਂ ਦੇ ਪੰਜਾਬੀਆਂ ਸਮੇਤ ਗੋਰੇ, ਚੀਨੀ ਭਾਈਚਾਰਾ ਅਤੇ ਕੈਨੇਡਾ ਦੇ ਮੂਲਨਿਵਾਸੀ ਭਾਈਚਾਰੇ ਦੇ ਲੋਕਾਂ ਨੇ ਵੀ ਵੱਡੀ ਹਾਜ਼ਰੀ ਲਵਾਈ। ਗੁਰਦਵਾਰਾ ਦਸਮੇਸ਼ ਦਰਬਾਰ ਸਾਹਿਬ ਸਰੀ ਦੇ ਪ੍ਰਬੰਧਕਾਂ ਅਨੁਸਾਰ ਤਿੰਨ ਸਾਲਾਂ ਬਾਅਦ ਸਜਾਏ ਗਏ ਇਸ ਨਗਰ ਕੀਰਤਨ ਵਿਚ ਕਰੀਬ 7 ਲੱਖ ਲੋਕਾਂ ਦੀ ਭਰਵੀਂ ਸ਼ਮੂਲੀਅਤ ਦੇਖਣ ਨੂੰ ਮਿਲੀ। ਕੈਨੇਡਾ ਦੇ ਸਾਰੇ ਹੀ ਸਰਕਾਰੀ ਤੇ ਗੈਰ ਸਰਕਾਰੀ ਮੀਡੀਆ ਅਦਾਰੇ ਵੀ ਇਸ ਨਗਰ ਕੀਰਤਨ ਵਿਚ ਅੱਧਾ ਮਿਲੀਅਨ ਤੋਂ ਜ਼ਿਆਦਾ ਲੋਕਾਂ ਦੀ ਰਿਕਾਰਡਤੋੜ ਸ਼ਮੂਲੀਅਤ ਬਾਰੇ ਅੰਦਾਜ਼ੇ ਲਗਾ ਰਹੇ ਹਨ। ਨਗਰ ਕੀਰਤਨ ਦੇ ਰੂਟ ਵਾਲ਼ੀਆਂ ਸੜਕਾਂ ਸਰੀ ਦੀ ਸਿਟੀ ਕੌਂਸਲ ਵਲੋਂ ਬਾਕੀ ਟ੍ਰੈਫਿਕ ਲਈ ਇਸ ਦਿਨ ਲਈ ਤੜਕਸਾਰ ਤੋਂ ਹੀ ਮੁਕੰਮਲ ਬੰਦ ਕਰ ਦਿੱਤੀਆਂ ਗਈਆਂ ਸਨ। ਨਗਰ ਕੀਰਤਨ ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋ ਕੇ 86 ਐਵੀਨਿਊ ਰਾਹੀਂ 128 ਸਟਰੀਟ, ਫਿਰ 82 ਐਵੀਨਿਊ ਤੋਂ ਅੱਗੇ ਜਾ ਕੇ 124 ਸਟਰੀਟ ਤੋਂ ਹੁੰਦਾ ਹੋਇਆ 76 ਐਵੀਨਿਊ ਰਾਹੀਂ ਮੁੜ 128 ਸਟਰੀਟ 'ਤੇ ਪੁੱਜਾ। 128 ਸਟਰੀਟ 76 ਐਵੀਨਿਊ 'ਤੇ ਗੁਰਦੁਆਰਾ ਸਾਹਿਬ ਦੀ ਮੁੱਖ ਸਟੇਜ ਲਗਾਈ ਗਈ ਸੀ, ਜਿੱਥੇ ਪੰਥ ਪ੍ਰਸਿੱਧ ਢਾਡੀ/ਕਵੀਸ਼ਰ ਜੱਥਿਆਂ ਵਲੋਂ ਸੰਗਤਾਂ ਨੂੰ ਵੀਰ ਰਸੀ ਵਾਰਾਂ ਅਤੇ ਮਾਣਮੱਤੇ ਸਿੱਖ ਇਤਿਹਾਸ ਨਾਲ਼ ਜੋੜਿਆ। ਨਗਰ ਕੀਰਤਨ ਦੇ ਰੂਟ ਵਾਲ਼ੇ ਸਾਰੇ ਹੀ ਰਸਤਿਆਂ 'ਤੇ ਸੰਗਤਾਂ ਲਈ ਭਾਂਤ-ਭਾਂਤ ਦੇ ਲੰਗਰਾਂ ਦੇ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਸਨ। ਨਗਰ ਕੀਰਤਨ ਵਿਚ ਬਜ਼ੁਰਗਾਂ ਦੀ ਸ਼ਮੂਲੀਅਤ ਨੂੰ ਮੱਦੇਨਜ਼ਰ ਰੱਖਦਿਆਂ ਟਰਾਂਸਲਿੰਕ ਵਲੋਂ ਵਿਸ਼ੇਸ਼ ਸਰਕਾਰੀ ਬੱਸਾਂ ਦੀ ਮੁਫਤ ਸੇਵਾ ਸ਼ੁਰੂ ਕੀਤੀ ਗਈ ਸੀ। ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਲੋਂ ਵੀ ਨਗਰ ਕੀਰਤਨ ਵਿਚ ਸੰਗਤਾਂ ਦੀ ਸੁਰੱਖਿਆ ਨੂੰ ਲੈ ਕੇ ਕਰੜੇ ਇੰਤਜ਼ਾਮ ਕੀਤੇ ਗਏ ਸਨ। ਪੁਲਿਸ ਅਧਿਕਾਰੀ ਖੁਦ ਸੰਗਤਾਂ ਦੀ ਸੇਵਾ ਕਰਦੇ ਦਿਖਾਈ ਦਿੱਤੇ। ਪੁਲਿਸ ਵਲੋਂ ਲਗਾਏ ਗਏ ਸਹਾਇਤਾ ਕੈਂਪ ਕੋਲ਼ ਪੁਲਿਸ ਦੇ ਦੋ ਪੰਜਾਬੀ ਗੱਭਰੂ ਪੁਲਿਸ ਵਰਦੀ ਵਿਚ ਹੀ ਢੋਲ ਗਲ਼ ਵਿਚ ਪਾ ਕੇ ਢੋਲ ਵਜਾਉਂਦੇ ਸੰਗਤਾਂ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ। ਬੀ.ਸੀ. ਐਂਬੂਲੈਂਸ ਵਿਭਾਗ ਦੀਆਂ ਟੀਮਾਂ ਵਲੋਂ ਆਪਣਾਂ ਬੂਥ ਲਗਾ ਕੇ ਸੰਗਤਾਂ ਦੀ ਮੁਫਤ ਸੇਵਾ ਕੀਤੀ ਜਾ ਰਹੀ ਸੀ। ਇਸ ਤੋਂ ਬਿਨ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਹਿ ਚੁੱਕੇ ਵਿਦਿਆਰਥੀਆਂ ਵਲੋਂ ਯੂਨੀਵਰਸਿਟੀ ਦੇ ਬੈਨਰ ਹੇਠ ਵੱਡੀ ਸਟੇਜ ਲਗਾ ਕੇ ਨੌਜਵਾਨਾਂ ਦੇ ਦਸਤਾਰਾਂ ਸਜਾਉਣ ਦਾ ਵਿਸ਼ੇਸ਼ ਕੈਂਪ ਲਗਾਇਆ ਗਿਆ ਸੀ, ਜਿਸ ਵਿਚ ਨੌਜਵਾਨਾਂ ਨੂੰ ਦਸਤਾਰਾਂ ਵੀ ਮੁਫਤ ਦਿੱਤੀਆਂ ਜਾ ਰਹੀਆਂ ਸਨ। ਦੂਸਰੇ ਪਾਸੇ ਇਹ ਵੀ ਜ਼ਿਕਰਯੋਗ ਹੈ ਕਿ ਨਗਰ ਕੀਰਤਨ ਦੌਰਾਨ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਦੇ ਉਦੇਸ਼ ਨਾਲ਼ ਨਗਰ ਕੀਰਤਨ ਦੇ ਦਾਇਰੇ ਦੌਰਾਨ ਟੈਲੀਫੋਨ ਨੈੱਟਵਰਕ ਪੂਰਾ





ਦਿਨ ਹੀ ਬੰਦ ਰੱਖਿਆ ਗਿਆ। ਨਗਰ ਕੀਰਤਨ ਦੇ ਦਾਇਰੇ ਤੋਂ ਬਾਹਰ ਨਿਕਲਣ 'ਤੇ ਫੋਨ ਚੱਲ ਪੈਂਦੇ ਸਨ। ਅਜਿਹਾ ਹੋਣ ਨਾਲ਼ ਵੀ ਸੰਗਤਾਂ ਦੀ ਸੁਰੱਖਿਆ ਨੂੰ ਬਰਕਰਾਰ ਰੱਖਿਆ ਜਾ ਸਕਿਆ।

ਨਗਰ ਕੀਰਤਨ ਦੌਰਾਨ ਹੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ ਦਲ) ਦੀ ਵੱਡੀ ਸਟੇਜ ਤੋਂ ਪੰਥ ਪ੍ਰਸਿੱਧ ਢਾਡੀ ਭਾਈ ਬਖਸ਼ੀਸ਼ ਸਿੰਘ ਰਾਣੀਵਲਾਹ ਦੇ ਬੀਬੀਆਂ ਦੇ ਢਾਡੀ ਜੱਥੇ ਵਲੋਂ ਸੰਗਤਾਂ ਨੂੰ ਸਿੱਖ ਇਤਿਹਾਸ ਦੇ ਅਣਛੋਹੇ ਪੰਨਿਆਂ ਨਾਲ਼ ਜੋੜਿਆ। ਜ਼ਿਕਰਯੋਗ ਹੈ ਕਿ ਨਗਰ ਕੀਰਤਨ ਦੌਰਾਨ ਪੰਜਾਬ ਦੀ ਇੱਕੋ ਇੱਕ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਬੈਨਰ ਹੇਠ ਹੀ ਸਟੇਜ ਸਜਾਈ ਗਈ। ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਨੌਜਵਾਨ ਖਾਲਿਸਤਾਨ ਦੇ ਕੇਸਰੀ ਝੰਡੇ ਲਹਿਰਾਉਂਦੇ ਦਿਖਾਈ ਦਿੱਤੇ। ਇਸ ਦੌਰਾਨ ਲਗਾਈਆਂ ਗਈਆਂ ਕਈ ਵੱਡੀਆਂ ਸਟੇਜਾਂ ਤੋਂ ਗਰਮ ਖਿਆਲੀ ਤਕਰੀਰਾਂ ਵੀ ਹੋਈਆਂ। ਢਾਡੀ ਤੇ ਕਵੀਸ਼ਰੀ ਜੱਥਿਆਂ ਵਲੋਂ 18ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੀ ਅਗਵਾਈ ਹੇਠ ਲੜੇ ਗਏ ਸੰਘਰਸ਼ ਦੀਆਂ ਗਾਥਾਂਵਾਂ ਵੀ ਸੰਗਤਾਂ ਦੇ ਸਨਮੁਖ ਕੀਤੀਆਂ ਜਾ ਰਹੀਆਂ ਸਨ। ਬਹੁਤੀਆਂ ਸਟੇਜਾਂ 'ਤੇ ਸਿੱਖ ਸੰਘਰਸ਼ ਦੇ ਸ਼ਹੀਦਾਂ ਦੀਆਂ ਤਸਵੀਰਾਂ ਵਾਲ਼ੇ ਹੋਰਡਿੰਗਜ਼ ਅਤੇ ਜੇਲ੍ਹਾਂ ਵਿਚ ਬੰਦ ਬੰਦੀ ਸਿੰਘਾਂ ਸਮੇਤ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀਆਂ ਤਸਵੀਰਾਂ ਵਾਲੇ ਵੱਡੇ ਹੋਰਡਿੰਗਜ਼ ਲਗਾ ਕੇ ਸਰਕਾਰਾਂ ਖਿਲਾਫ ਰੋਸ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਸੀ। ਸਿੱਖ ਮੋਟਰਸਾਈਕਲ ਕਲੱਬ ਵਲੋਂ ਲਗਾਈ ਗਈ ਵਿਸ਼ੇਸ਼ ਸਟੇਜ ਵੀ ਵੱਡੀ ਖਿੱਚ ਦਾ ਕੇਂਦਰ ਰਹੀ।

ਨਗਰ ਕੀਰਤਨ ਦੌਰਾਨ ਇਹ ਵੀ ਇੱਕ ਖਾਸ ਵਰਤਾਰਾ ਦੇਖਣ ਨੂੰ ਮਿਲ਼ਿਆ ਕਿ ਪ੍ਰਬੰਧਕਾਂ ਦੀ ਅਪੀਲ 'ਤੇ ਬਹੁਤੇ ਸਿੱਖ ਨੌਜਵਾਨ ਕੇਸਰੀ ਦਸਤਾਰਾਂ ਅਤੇ ਔਰਤਾਂ ਕੇਸਰੀ ਦੁਪੱਟੇ ਲੈ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ। ਸਮੁੱਚੇ ਨਗਰ ਕੀਰਤਨ ਵਿਚ ਨੌਜਵਾਨਾਂ ਦਾ ਜੋਸ਼ ਤੇ ਉਤਸ਼ਾਹ ਦੇਖਿਆਂ ਹੀ ਬਣਦਾ ਸੀ। ਸਰੀ ਦੇ ਵੱਖ-ਵੱਖ ਸਿੱਖ ਸਕੂਲਾਂ ਦੇ ਬੱਚੇ ਬੱਚੀਆਂ ਸੁੰਦਰ ਵਰਦੀਆਂ ਵਿਚ ਗੁਰਬਾਣੀ ਕੀਰਤਨ ਕਰਦੇ ਹੋਏ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੇ ਸਨ। ਇਸ ਤੋਂ ਬਿਨ੍ਹਾਂ ਬੱਚਿਆਂ ਦੀਆਂ ਗੱਤਕਾ ਟੀਮਾਂ ਦੇ ਗੱਤਕੇ ਦੇ ਜੌਹਰ ਵੀ ਸੰਗਤਾਂ ਦੀ ਵੱਡੀ ਖਿੱਚ ਦਾ ਕੇਂਦਰ ਰਹੇ।

ਪੰਜਾਬੀਆਂ ਤੋਂ ਇਲਾਵਾ ਇੱਥੋਂ ਦੇ ਗੋਰੇ, ਚੀਨੀ ਭਾਈਚਾਰਿਆਂ ਤੋਂ ਇਲਾਵਾ ਮੂਲ ਨਿਵਾਸੀ ਭਾਈਚਾਰੇ ਦੇ ਲੋਕ ਵੀ ਬੜੀ ਹੀ ਨਿਮਰਤਾ ਅਤੇ ਸਤਿਕਾਰ ਨਾਲ਼ ਸੰਗਤਾਂ ਵਿਚ ਵਿਚਰਦੇ ਦਿਖਾਈ ਦਿੱਤੇ। ਸਰੀ ਦੇ ਲਿਬਰਲ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ਼ ਅਤੇ ਰਣਦੀਪ ਸਿੰਘ ਸਰਾਏ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਦੇ ਐੱਨ.ਡੀ.ਪੀ. ਦੇ ਐੱਮ.ਐੱਲ.ਏ. ਅਤੇ ਸਿੱਖਿਆ ਤੇ ਬੱਚਿਆਂ ਦੀ ਸੰਭਾਲ਼ ਬਾਰੇ ਮੰਤਰੀ ਸ਼੍ਰੀਮਤੀ ਰਚਨਾ ਸਿੰਘ ਵੀ ਸੰਗਤ ਵਿਚ ਵਿਚਰਦੇ ਦੇਖਣ ਨੂੰ ਮਿਲ਼ੇ। ਇਨ੍ਹਾਂ ਤੋਂ ਇਲਾਵਾ ਐੱਨ.ਡੀ.ਪੀ. ਦੇ ਮੁਖੀ ਜਗਮੀਤ ਸਿੰਘ, ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਈਬੀ ਅਤੇ ਵੈਨਕੂਵਰ ਦੇ ਮੇਅਰ ਕੈਨ ਸਿੰਮ ਵੀ ਨਗਰ ਕੀਰਤਨ ਦੌਰਾਨ ਆਪਣੀ ਹਾਜ਼ਰੀ ਲਗਵਾਉਣ ਲਈ ਵਿਸ਼ੇਸ਼ ਤੌਰ 'ਤੇ ਪੁੱਜੇ। ਦੂਸਰੇ ਪਾਸੇ ਪੰਜਾਬ ਤੋਂ ਦਮਦਮੀ ਟਕਸਾਲ ਦੇ ਭਾਈ ਮੋਹਕਮ ਸਿੰਘ ਨਗਰ ਕੀਰਤਨ ਦੌਰਾਨ ਪੁੱਜੇ ਹੋਏ ਸਨ। ਇਸ ਦੌਰਾਨ ਸ਼੍ਰੋਮਣੀ ਪੰਜਾਬੀ ਪੱਤਰਕਾਰ, ਲੇਖਕ ਤੇ ਵਿਦਵਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਨੌਜਵਾਨੀ ਦਾ ਜੋਸ਼ ਅਤੇ ਉਤਸ਼ਾਹ ਦੇਖਕੇ ਮਨ ਪ੍ਰਸੰਨ ਹੁੰਦਾ ਹੈ ਕਿ ਸਿੱਖ ਆਪਣੀ ਕੌਮੀਅਤ ਜਾਂ ਪੰਜਾਬ, ਪੰਜਾਬੀਅਤ ਨਾਲ਼ ਹੋ ਰਹੇ ਅਨਿਆਂ ਨੂੰ ਲੈ ਕੇ ਜਾਗਰੂਕ ਹਨ। ਉਨ੍ਹਾਂ ਨੌਜਵਾਨਾਂ ਨੂੰ ਸੰਜਮ ਤੋਂ ਕੰਮ ਲੈਂਦਿਆਂ ਆਪਣੇ ਧਰਮ, ਖਾਲਸਾਈ ਰਹੁ-ਰੀਤਾਂ, ਮਾਂ ਬੋਲੀ, ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ਼ ਜੁੜਨ ਦਾ ਸੱਦਾ ਦਿੱਤਾ।

# ਯਤੀਮ ਮੁਰਗਾ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA


ਬਖਤੌਰੇ ਦੀ ਲਖੀਮਪੁਰ ਖੇੜੀ ਰਹਿੰਦੀ ਭੂਆ ਨੇ ਬਖਤੌਰੇ ਦਾ ਰਿਸ਼ਤਾ ਲਖਨਊ ਵਿਚ ਕਰਵਾ ਦਿੱਤਾ। ਬਖਤੌਰੇ ਦੇ ਸਹੁਰੇ ਹਿੰਦੂ ਖੱਤਰੀ ਹੁੰਦੇ ਹੋਏ ਵੀ ਲਖਨਵੀ ਨਵਾਬਾਂ ਵਾਲੀ ਮੁਗਲਈ ਬੋਲੀ ਬੋਲਦੇ ਸਨ। ਬਖਤੌਰਾ ਵੀ ਸਿਰੇ ਦਾ "ਉਹ" ਸੀ। ਫਿਲਮਾਂ-ਫੁਲਮਾਂ ਵੇਖ-ਵੇਖ ਕੇ ਦੱਖਣੀ ਭਾਸ਼ਾਵਾਂ ਤੋਂ ਛੁੱਟ ਸਾਰੀਆਂ ਬੋਲੀਆਂ ਨੂੰ ਸਮਝਦਾ ਅਤੇ ਮੂੰਹ ਮਾਰ ਲੈਂਦਾ ਸੀ। ਦੂਜੀ-ਤੀਜੀ ਵਾਰ ਸਹੁਰੇ ਗਿਆ, ਤਾਂ ਸੱਸ ਨੇ ਕਿਹਾ, ਜਮਾਈ ਰਾਜਾ ਆਜ ਬੈਂਗਣ ਸ਼ਰੀਫ ਬਣਾਏਂ, ਭਿੰਡੀ ਮੁਬਾਰਕ ਯਾ ਫਿਰ ਪਾਲਕ ਪਾਕ ਚਲੇਗਾ...,, ਸਾਰਾ ਕੁਝ ਵੈਸ਼ਨੂੰ ਸੁਣ ਕੇ ਬਖਤੌਰੇ ਦੀ ਖਾਨਿਉਂ ਗਈ। ਇਹ ਕੀ ਹੋ ਗਿਆ ਅਜੇ ਤਾਂ ਜਵਾਕ ਮੈਨੂੰ ਜੀਜਾ-ਜੀਜਾ ਕਹਿੰਦੇ ਨੇ, ਆਹ ਬੁੜ੍ਹੀ ਅੱਜ ਈ ਫੁੱਫੜਾਂ ਆਲੇ ਟੇਸ਼ਣ ਤੋਂ ਬੋਲਦੀ ਐ, ਬਖਤੌਰਿਆ ਕਿਵੇਂ ਲੰਘੂ ਜ਼ਿੰਦਗੀ? ਬਖਤੌਰੇ ਨੇ ਲਾਈ ਸਕੀਮ ਕਹਿੰਦਾ, ਬੇਬੇ ਜੀ ਮੈਂ ਠਹਿਰਾ ਗਾਉਂ ਕਾ ਗਰੀਬ ਹਮਾਰੇ

## ਵਿਅੰਗ:-

ਯਹਾਂ ਯੇਹ ਕਹਾਂ ਸੇ ਮਿਲੇਗਾ ਕੱਲ ਕੋ? ਆਪ ਐਸੇਂ ਕਰੇ ਸੇ ਗਲੀ ਸੇ ਕੋਈ ਆਵਾਰਾ ਸਾ, ਗਰੀਬ ਸਾ ਯਤੀਮ ਸਾ ਮੁਰਗਾ ਪਕੜੇਂ, ਉਸੀ ਸੇ ਕਾਮ ਚਲਾਏਂਗੇ, ਯੇਹ ਮਹੰਗੀ ਮਹੰਗੀ ਭਾਜੀ ਤਰਕਾਰੀ ਹਮਾਰੇ ਜਾਨੇ ਕੇ ਬਾਦ ਕੇ ਖੁਦ ਈ ਖਾਈਓ ਹਮ ਗਰੀਬ ਲਾਚਾਰ ਯਤੀਮ ਮੁਰਗੇ ਸੇ ਹੀ ਕਾਮ ਚਲਾਵੇਂਗੇ। ਨਾਂ ਤੋਂ ਭੋਲੇ-ਭਾਲੇ ਲੱਗਣ ਵਾਲੇ ਬਖਤੌਰੇ ਦੀਆਂ ਗੱਲਾਂ ਸੁਣ ਕੇ ਬੁੜ੍ਹੀ ਤਾਂ ਖੁਦ ਯਤੀਮ ਹੋਣ ਨੂੰ ਫਿਰੇ॥

## ਦਲ ਬਦਲੂ

ਜਿਹੜੇ ਦਲ ਨੇ ਦਿੱਤੇ ਅਹੁਦੇ।
ਦੁਸ਼ਮਣ ਕਈ ਅੱਜ ਬਣ ਗਏ ਉਹਦੇ।
ਪ੍ਰਧਾਨ ਤੋਂ ਬਨਣਾ ਚਾਹੁਣ ਮੰਤਰੀ।
ਆਲੇ ਦੁਆਲੇ ਹੋਣ ਸੰਤਰੀ
ਬੁਰਕੀ ਪਾਕੇ ਵਿਰਦੇ ਲੀਡਰ।
ਦਲ ਬਦਲਦੇ ਫਿਰਦੇ ਲੀਡਰ।

ਨੀਲੀ ਲਾਹਕੇ ਬੰਨਲੀ ਚਿੱਟੀ।
ਕੱਲ੍ਹ ਵਾਲੀ ਪੱਗ ਅੱਜ ਨਾ ਡਿੱਠੀ।
ਗਲ ਵਿਚ ਹਾਰ ਪਵਾਈਂ ਜਾਂਦੇ।
ਬਦਲ ਸਰੋਪੇ ਪਾਈਂ ਜਾਂਦੇ।
ਕਹਿਣ ਸਾਡੀ ਇਹ ਮਾਂ ਪਾਰਟੀ।
ਮੈਂ ਤਾਂ ਕਰੀ ਹੈ ਘਰ ਵਾਪਸੀ।

ਰੰਗ ਸਿਆਸਤ ਦੇ ਨਿਆਰੇ ਵੇਖੋ।
ਗੱਦੀਓਂ ਕਈ ਉਤਾਰੇ ਵੇਖੋ।
ਨਵੀਆਂ ਗੁਡੀਆਂ ਨਵੇਂ ਪਟੋਲੇ।
ਸਾਰੇ ਭਾਲਣ ਉਡਣ ਖਟੋਲੇ।
ਨਵਿਆਂ ਕੀਤੀ ਬਿਜਲੀ ਸਸਤੀ।
ਕਹਿੰਦੇ ਖੂਬ ਮਨਾਵੋ ਮਸਤੀ।

ਸੱਤਿਆਨਾਸ ਹੈ ਦੇਸ਼ ਦਾ ਕਰਿਆ।
ਬੱਚਿਆਂ ਰੁਖ ਪ੍ਰਦੇਸ਼ ਦਾ ਕਰਿਆ।
ਰਿਸ਼ਵਤਖੋਰੀ ਚੋਰ ਬਜ਼ਾਰੀ।
ਫੈਲ ਗਈ ਹੈ ਬੇਰੁਜ਼ਗਾਰੀ।
ਕਿਸਾਨ ਅਤੇ ਮਜ਼ਦੂਰ ਪਏ ਰੁਲਦੇ।
ਕਿਸ਼ਮਤ ਦੇ ਨਾਲ ਲੋਕ ਪਏ ਘੁਲਦੇ।

ਵੋਟਾਂ ਵੇਲੇ ਫੇਰ ਨੇ ਨਿਕਲੇ।
ਕਰਕੇ ਘੁੱਪ ਹਨੇਰ ਨੇ ਨਿਕਲੇ।
ਓਹੀ ਨੇ ਇਹ ਓਹੀ ਭਾਈ।
ਪੰਜ ਸਾਲ ਜਿਨ੍ਹਾਂ ਲੁੱਟ ਮਚਾਈ।
"ਮਲਕੀਤ" ਭੁਲੇਖਾ ਖਾ ਨਾ ਜਾਇਓ।
ਸੋਚ ਸਮਝਕੇ ਵੋਟਾਂ ਪਾਇਓ।




-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225

(Punjab Mail USA)

## ਲੋਕ

ਡੁੱਬਦੇ ਨੂੰ ਵੇਖ ਕੇ ਹੱਸਦੇ ਲੋਕ,
ਡਿੱਗਦੇ ਨੂੰ ਵੇਖ ਕੇ ਨੱਸਦੇ ਲੋਕ।
ਕਿਸੇ ਕੋਲ ਜੇ ਹੋਵਣ ਖੁਸ਼ੀਆਂ,
ਉਸ ਤੋਂ ਖੁਸ਼ੀਆਂ ਖੱਸਦੇ ਲੋਕ।
ਕੋਲ ਹੋਵੇ ਜਿੰਨਾ ਮਰਜ਼ੀ ਧਨ,
ਖ਼ੁਦ ਨੂੰ ਧਨਹੀਣ ਦੱਸਦੇ ਲੋਕ।
ਕੋਈ ਇਨ੍ਹਾਂ ਤੋਂ ਅੱਗੇ ਨਾ ਲੰਘੇ,
ਉਸ ਨੂੰ ਸੱਪ ਬਣ ਡੱਸਦੇ ਲੋਕ।
ਆਪਣੇ ਬਾਰੇ ਚੁੱਪ ਨੇ ਰਹਿੰਦੇ,
ਦਿਲ ਦੀ ਗੱਲ ਨਾ ਦੱਸਦੇ ਲੋਕ।
ਠੀਕ ਰਾਹ 'ਤੇ ਤੁਰਨ ਵਾਲੇ ਨੂੰ,
ਪਾਗਲ ਕਹਿ ਕੇ ਹੱਸਦੇ ਲੋਕ।
ਜਿਸ ਦੇ ਹੱਥ 'ਚ ਹੋਵੇ ਡਾਂਗ,
ਉਸ ਤੋਂ ਡਰ ਕੇ ਨੱਸਦੇ ਲੋਕ।



-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
99158-03554

(Punjab Mail USA)

## ਇੱਕ ਹੂਕ...

ਕਰਾਂ ਮੁਸ਼ੱਕਤ ਹੱਕ ਦੀ ਖਾਵਾਂ, ਨਾ ਕੋਈ ਹੇਰਾ ਫੇਰੀ।
ਹੱਥਾਂ ਦੀਆਂ ਤਲੀਆਂ ਦੇ ਰੱਟਣ, ਭਰਨ ਗਵਾਹੀ ਮੇਰੀ।

ਕੀ ਪਤਾ ਹੈ ਕਦ ਤੁਰ ਜਾਣਾ, ਰੋਜ਼ ਉਡੀਕਣ ਕਬਰਾਂ।
ਖਬਰਾਂ ਪੜ੍ਹਦੇ ਪੜ੍ਹਦੇ ਇੱਕ ਦਿਨ, ਬਣ ਜਾਵਾਂਗੇ ਖਬਰਾਂ।

ਮੁੜ ਮੁੜ ਦਿਲ ਦੇ ਜ਼ਖਮ ਉਚੇੜਨ, ਬੀਤ ਗਏ ਦੀਆਂ ਯਾਦਾਂ।
ਦਰ ਤੇਰੇ 'ਤੇ ਮਸਤਕ ਰਗੜੇ, ਕੀਤੀਆਂ ਨੇ ਫਰਿਆਦਾਂ।

ਕਿੱਧਰ ਤੁਰ ਗਏ ਵੱਡ ਵਡੇਰੇ, ਜ਼ਿੰਦਗੀ ਦੇ ਕਈ ਸਾਥੀ।
ਅਪਣੀ ਚਾਲੇ ਜਾ ਰਿਹਾ ਹੈ, ਨਿਡਰ ਸਮੇਂ ਦਾ ਹਾਥੀ।

ਵਿੱਛੜ ਗਿਆਂ ਨੂੰ ਕਿੱਥੇ ਟੋਲ੍ਹਾਂ, ਕਿੱਥੇ ਚਿੱਠੀਆਂ ਪਾਵਾਂ।
ਹੁਣ ਤਾਂ ਯਾਦ ਰਿਹਾ ਨਹੀਂ ਮੈਨੂੰ, ਅਪਣਾ ਹੀ ਸਿਰਨਾਵਾਂ।

ਕੀ-ਕੀ ਸੁਣਿਆਂ ਕੀ-ਕੀ ਤੱਕਿਆ, ਅੱਗੇ ਕੀ-ਕੀ ਹੋਣਾ।
ਜ਼ਿੰਦਗੀ ਦੇ ਵਿਚ ਸਭ ਕੁੱਝ ਮਿਲਿਆ, ਗੌਣਾ, ਹੱਸਣਾ ਰੋਣਾ।

ਕਿਸੇ ਕੋਲ ਵੀ ਵਕਤ ਨਹੀਂ ਹੈ, ਕਿਸ ਨੂੰ ਹਾਲ ਸੁਣਾਵਾਂ।
ਦੂਰ ਹੋ ਗਿਆ ਹੁਣ ਤਾਂ ਮੈਥੋਂ, ਅਪਣਾ ਹੀ ਪਰਛਾਵਾਂ।

ਕਿਤਨਾ ਵਕਤ ਹੋ ਗਿਆ ਤੁਰਿਆਂ, ਆ ਗਏ ਕਿਤਨਾ ਦੂਰ।
ਲੰਘ ਗਏ ਅੱਖਾਂ ਦੇ ਸਾਹਵੇਂ, ਪੱਤਣੋਂ ਕਿਤਨੇ ਪੂਰ।

ਬਾਬੇ ਦਾਦੇ ਚਾਚੇ ਤਾਏ, ਮਾਪੇ ਰਿਸ਼ਤੇਦਾਰ।
ਵਾਰੋ ਵਾਰੀ ਹੱਥ ਛੁਡਾ ਕੇ, ਹੋ ਗਏ ਪਰਲੇ ਪਾਰ।

ਕਿੱਧਰ ਤੁਰ ਗਏ ਪਿੰਡ ਮੇਰੇ ਦੇ, ਸ਼ੇਰਾਂ ਵਰਗੇ ਜਾਏ।
ਰੋਟੀ ਦੇ ਲਈ ਗਏ ਪਰਦੇਸੀਂ, ਮੁੜ ਕੇ ਫਿਰ ਨਾ ਆਏ।

ਪਿੰਡ ਦੀ ਸ਼ਾਨ ਵਧਾਈ ਜਿਨ੍ਹਾਂ, ਜ਼ਿਲ੍ਹੇਦਾਰ ਜਿਹੇ ਸਿਆਣੇ,
ਪਿੰਡ ਵਿਚ ਨਾਮ ਨਿਸ਼ਾਨ ਨਹੀਂ ਹੈ ਰੱਬ ਦੀਆਂ ਰੱਬ ਹੀ ਜਾਣੇ।

ਵੇਲਾ ਸੀ ਜਦ ਹਰ ਘਰ ਦੇ ਵਿਚ ਸੀ, ਵੱਡਿਆਂ ਦਾ ਸਤਿਕਾਰ।
ਅੱਜ ਤਾਂ ਪੁੱਤਰ ਪਿਓ ਨੂੰ ਆਖਣ, ਹੋ ਜਾ ਘਰ ਤੋਂ ਬਾਹਰ।

ਬਦਲ ਗਿਆ ਹੈ ਰੰਗ ਸਮੇਂ ਦਾ, ਮਤਲਬ ਦੇ ਸਭ ਯਾਰ।
ਰਿਸ਼ਤੇ ਨਾਤੇ ਪਾਣੀ ਬਣ ਗਏ, ਪੈਸੇ ਨਾਲ ਪਿਆਰ।

ਇੱਕ ਦੂਜੇ ਦੇ ਕੰਮ ਆਵਣ ਦਾ, ਹਰ ਇੱਕ ਨੂੰ ਸੀ ਚਾਅ।
ਹੁਣ ਤਾਂ ਦੁਖੀ ਭਰਾ ਦੇ ਲਾਗੇ, ਆਉਂਦਾ ਨਹੀਂ ਭਰਾ।

ਬੀਤੇ ਦੀ ਗੱਲ ਬਣ ਗਈਆਂ ਨੇ-ਸ਼ਰਮ ਹਯਾ ਦੀਆਂ ਗੱਲਾਂ।
ਭੈਣ ਭਰਾਵਾਂ ਵਾਂਗ ਨਾ ਰਹੀਆਂ-ਭੈਣ ਭਰਾ ਦੀਆਂ ਗੱਲਾਂ।

ਹਰ ਘਰ ਲਈ ਨਾਸੂਰ ਬਣੀ ਹੈ, ਟੀ.ਵੀ. ਦੀ ਬਿਮਾਰੀ।
ਪੁੱਠੇ ਬੈਹਣ 'ਚ ਰੁੜਦੀ ਜਾਂਦੀ, ਅੱਜਕੱਲ੍ਹ ਦੁਨੀਆਂ ਸਾਰੀ।

ਧੀਆਂ ਪੁੱਤਰ ਬਾਗੀ ਹੋ ਕੇ, ਕਰਦੇ ਉਹ ਉਹ ਸਾਕੇ।
ਕੁੰਡੀਆਂ ਮੁੱਛਾਂ ਵਾਲਾ ਬਾਪੂ, ਬਹਿ ਗਿਆ ਨੀਵੀਂ ਪਾ ਕੇ।

ਪਿੰਡ ਦੀ ਧੀ ਸੀ ਧੀ ਸਭਨਾਂ ਦੀ, ਮੁੰਡੇ ਵਾਂਗ ਭਰਾਵਾਂ।
ਕਹਿਰ ਸਮੇਂ ਦਾ ਆਪੋ ਵਿਚ ਹੀ, ਲੈਂਦੇ ਫਿਰਦੇ ਲਾਵਾਂ।

ਇਲਮ ਅਕਲਾਂ ਕਲਮ ਦੇ ਕਾਰੇ, ਜਾਂ ਪਾਪਾਂ ਦੀ ਖੱਟੀ।
ਅੱਧ ਪਿੰਡ ਉਜਾੜ ਉੱਜੜ ਗਈ, ਇਕ ਲਾਲੇ ਦੀ ਹੱਟੀ।

ਵੇਲਾ ਸੀ ਜਦ ਰਲ ਮਿਲ ਲੋਕੀਂ, ਸਭ ਦੇ ਦੁੱਖ ਵੰਡਾਂਦੇ।
ਹੁਣ ਤਾਂ ਮੁਰਦਾ ਫੂਕਣ ਨੂੰ ਵੀ, ਲੋਕ ਧੜੇ ਦੇ ਜਾਂਦੇ।

ਮਿੱਟੀ ਪਿੰਡ ਦੀ ਵਾਜਾਂ ਮਾਰੇ, ਮੁੜ ਆਓ ਪਿੰਡ ਦੇ ਜਾਇਓ।
ਘਰ ਜ਼ਮੀਨਾਂ ਸਾਂਭੀਆਂ ਗ਼ੈਰਾਂ, ਮੁੜ ਰੋਣੇ ਨੂੰ ਆਇਓ।

ਜਿਉਂਦਿਆਂ ਦੇ ਨਾਲ ਸੌ ਸੌ ਗੱਲਾਂ, ਮੋਇਆਂ ਦੇ ਨਾਲ ਕੀ।
ਜੋ ਕੁੱਝ ਦਿੱਸਦਾ ਹੋ ਜਾਵੇਗਾ, ਇੱਕ ਦਿਨ ਹੈ ਤੋਂ ਸੀ।



-ਸਤਨਾਮ ਸਿੰਘ ਦਰਦੀ ਚਾਨੀਆਂ (ਜਲੰਧਰ)
92569-73526

(Punjab Mail USA)

## ਜਦੋਂ ਸੱਚ ਬੋਲਦਾ ਹੈ

ਡਰ ਜਿਨ੍ਹਾਂ ਦੇ ਮਨ ਮਸਤਕ ਵਸਿਆ,
ਨਿੱਖਰੇ ਦਿਨ ਹਨ੍ਹੇਰਾ।
ਚਾਨਣ ਉਨ੍ਹਾਂ ਨੂੰ ਵੱਢ-ਵੱਢ ਕੇ ਖਾਂਦੇ,
ਰਾਸ ਨਾ ਆਏ ਸਵੇਰਾ।
ਵਾਂਗਰਾਂ ਜੁਗਨੂੰਆਂ ਜੱਗਣਾ ਚਾਹੁੰਦੇ,
ਪਰ ਅੰਦਰ ਕਾਲਖ਼ ਦੱਬੀ।
ਬਗਲਿਆਂ ਜਿਹੇ ਉਪਰੋਂ ਦੁੱਧ ਚਿੱਟੇ,
ਹਨ ਦਿਲ ਤੋਂ ਪੂਰੇ ਦੰਭੀ।
ਹਾਲਤ ਅੱਜ ਬਣੀ ਨੇਤਾਵਾਂ ਦੀ ਇੰਝ,
ਲੋਕੀਂ ਨਾ ਮੂੰਹ ਲਾਉਂਦੇ।
ਉੱਪਰ ਸੁੱਟ ਜਾਲ਼ ਥੱਲੇ ਪਾਉਂਦੇ ਚੋਗਾ,
ਲਾਰੇ ਲਾ ਪਤਿਆਉਂਦੇ।
ਸੁਣਾ ਕਹਾਣੀਆਂ ਮਿਥਿਹਾਸ ਦੇ ਵਿਚੋਂ,
ਸਾਫ਼ ਦਿਮਾਗ਼ ਕਰਾਉਂਦੇ।
ਲੇਲ੍ਹੜੀਆਂ ਕੱਢਦੇ ਨਿੱਤ ਵੋਟਰਾਂ ਅੱਗੇ,
ਜੁੱਤੀਆਂ ਰੋਜ਼ ਘਸਾਉਂਦੇ।



-ਸੇਵਾ ਸਿੰਘ "ਨੂਰਪੁਰੀ"

(Punjab Mail USA)

## ਕਵਿਤਾ

ਉਦਮੀ ਮਜ਼ਦੂਰਾ ਸਿਰਜਕ ਕਿਰਸਾਨਾਂ ਸੁਣ
ਉਦਮੀ ਮਜ਼ਦੂਰਾ ਸਿਰਜਕ ਕਿਰਸਾਨਾਂ ਸੁਣ।
ਹਾਸੇ ਖੁਸ਼ੀਆਂ ਤੇਰੇ ਨਾਲ ਜਵਾਨਾਂ ਸੁਣ।
ਤੇਰੇ ਖ਼ੂਨ ਪਸੀਨੇ ਦੇ ਵਿਚ ਸੂਰਜ ਹੈ।
ਸੁੰਦਰ ਕਾਇਨਾਤ ਤਿਰੀ ਹੀ ਮੂਰਤ ਹੈ।
ਰੀਸ ਤੇਰੀ ਕਰ ਸਕਦਾ ਵੀ ਭਗਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਦੇਸ਼ ਦੀਆਂ ਨੀਹਾਂ ਵਿਚ ਮੁੜਕਾ ਤੇਰਾ ਹੈ।
ਅੰਬਰ ਤੀਕਰ ਤੇਰੇ ਨਾਲ ਸਵੇਰਾ ਹੈ।
ਤੇਰੇ ਨੈਣਾਂ ਕਰਕੇ ਚੰਨ ਸਿਤਾਰੇ ਨੇ।
ਤੇਰੇ ਕਰਕੇ ਧਰਤੀ ਕੋਲ ਨਜ਼ਾਰੇ ਨੇ।
ਤੈਥੋਂ ਉਚੀ ਸੁੱਚੀ ਕੋਈ ਸ਼ਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਧਰਮ ਤਿਰਾ ਹੈ ਧਰਤੀ, ਧਰਤੀ ਜਾਤ ਤਿਰੀ।
ਸਭਨਾਂ ਦੇ ਲਈ ਚੜ੍ਹਦੀ ਹੈ ਪ੍ਰਭਾਤ ਤਿਰੀ।
ਕਣ ਕਣ ਤੇਰਾ ਅਪਣਾ ਕੋਈ ਨਾ ਦੂਜਾ ਹੈ।
ਕਿਰਤ ਤਿਰੀ ਵਿਚ ਮੰਦਿਰ ਵਰਗੀ ਪੂਜਾ ਹੈ।
ਕਿਹੜਾ ਤੇਰੀ ਹਿੰਮਤ ਤੋਂ ਕੁਰਬਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਤੇਰੇ ਕਰਕੇ ਐੜਾਂ ਵਿਚ ਖੁਸ਼ਹਾਲੀ ਹੈ।
ਮਹਿਕ ਰਹੀ ਗੁਲਸ਼ਨ ਦੀ ਡਾਲੀ ਡਾਲੀ ਹੈ।
ਪਰਬਤ ਚੀਰ ਵਿਖਾਵੇਂ ਨਹਿਰਾਂ ਕੱਢ ਦੇਵੇਂ।
ਧਰਤੀ ਦੀ ਹਿੱਕ ਚੀਰ ਸੁਨਹਿਰਾਂ ਕੱਢ ਦੇਵੇਂ।
ਹੋਰ ਕਿਸੇ ਦਾ ਏਦਾਂ ਦਾ ਈਮਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਖੌਂਜਾਂ ਦੇ ਸਿਰ ਉਤੇ ਤਾਜ ਰਖਾਏ ਤੂੰ।
ਚੰਨ ਦੇ ਉਤੇ ਚੜ੍ਹਕੇ ਚੰਨ ਸਜਾਏ ਤੂੰ।
ਯਾਰ ਤਰੱਕੀ ਦਾ ਤੂੰ ਸੂਤਰਧਾਰ ਰਿਆ।
ਤੇਰੇ ਵਿਚ ਅਲੌਕਿਕ ਇੱਕ ਭੰਡਾਰ ਰਿਆ।
ਤੂੰ ਅੰਨਦਾਤਾ ਏਂ ਤੇਰੀ ਪਹਿਚਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਕਦਰ ਕਿਰਤੀ ਨਾ ਜਾਣਨ ਨੇਤਾ ਰਿਸ਼ਵਤ ਖੋਰ।
ਕਦਰ ਤੇਰੀ ਪੈਣੀਂ ਸੀ ਜੇਕਰ ਹੁੰਦੇ ਹੋਰ।
ਤੇਰਾ ਖ਼ੂਨ ਪਸੀਨਾ ਲੁੱਟ ਲਿਆ ਚੋਰਾਂ ਨੇ।
ਬਾਗ਼ 'ਚ ਸੁੰਦਰ ਪੈਲਾਂ ਪਾਂਦੇ ਮੋਰਾਂ ਨੇ।
ਤੂੰ ਨਈਂ ਕੋਈ ਭੋਲਾ ਤੂੰ ਨਾਦਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਵੇਖ ਕਰਾਂਤੀ ਆਉਣੀ ਹਿੰਮਤ ਰੱਖ ਜਰਾ।
ਜ਼ਹਿਰ ਖੜੱਪੇ, ਬੀਸੀਅਰ ਦਾ ਵੀ ਚੱਖ ਜਰਾ।
ਸੱਪਾਂ ਦਾ ਕਬਜ਼ਾ ਹੈ ਵਰਮੀ ਉਤੇ ਅੱਜ।
ਕੱਢ ਕੱਢ ਮਾਰ ਮੁਕਾਣੇਂ, ਕਰ ਕਰ ਪੁੱਠੇ ਅੱਜ।
ਹੁਣ ਸੱਪਾਂ ਦਾ ਵਰਮੀ ਵਿਚ ਸਥਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
'ਲਾਲੋ' ਬਣਕੇ ਹੱਕ ਹਲਾਲ ਕਮਾਵੇਂ ਤੂੰ।
'ਬਾਲਮ' ਨਾਨਕ ਦਾ ਸੇਵਕ ਕਹਿਲਾਵੇਂ ਤੂੰ।
ਮਿੱਟੀ ਤੇਰੀ ਪੂਜਾ ਮਿੱਟੀ ਭਗਤੀ ਹੈ।
ਤੇਰੇ ਸਿਰ 'ਤੇ ਮਾਨਵਤਾ ਦੀ ਸ਼ਕਤੀ ਹੈ।
'ਸੱਜਣ' ਠੱਗਾਂ ਵਰਗਾ ਤੂੰ ਧਨਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।



-ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ ਪੰਜਾਬ
ਮੋ. 98156-25409

(Punjab Mail USA)

## ਮਾਂ ਪੰਜਾਬੀ

ਮਾਂ ਬੋਲੀ ਤਾਂ, ਮਾਂ ਵਰਗੀ ਹੈ।
ਰੱਬ ਤੋਂ ਉੱਚੀ, ਥਾਂ ਵਰਗੀ ਹੈ।

ਜੋ ਸਿੱਖਿਆ, ਮਾਂ ਤੋਂ ਸਿੱਖਿਆ
ਕੁਦਰਤ ਦੀ ਜੋ ਛਾਂ ਵਰਗੀ ਹੈ।

ਮਾਂ ਬੋਲੀ ਹੈ, ਮਾਂ ਤੋਂ ਪਿਆਰੀ
ਜੀਵਨ ਦੇ ਰਵਾਂ, ਵਰਗੀ ਹੈ।

ਮਾਂ ਨੇ ਆਪਣੀ, ਮਾਂ ਤੋਂ ਸਿੱਖੀ
ਇਹ ਗੁਰਾਂ ਦੇ, ਨਾਂ ਵਰਗੀ ਹੈ।

ਬੋਲੀ ਦੇ ਵਿਚ, ਮਾਂ ਦੀ ਮਮਤਾ
ਇਹ ਤਾਂ ਮੇਰੇ ਗਰਾਂ ਵਰਗੀ ਹੈ।

ਇਹ ਤਾਂ ਗੁਰੂਆਂ ਪੀਰਾਂ ਜਾਈ
ਜੋ ਨਾਨਕ ਦੇ ਘਰਾਂ ਵਰਗੀ ਹੈ।

ਮਾਖਿਉਂ ਮਿੱਠੀ, ਮਾਂ ਪੰਜਾਬੀ
ਕਾਦਰ ਦੀ, ਜ਼ਬਾਂ ਵਰਗੀ ਹੈ।

ਮਾਂ ਬੋਲੀ ਨੂੰ, ਸੀਸ ਝੁਕਾਈਏ
ਨਿਰਮਲ ਨੀਰ ਝਨਾਂ ਵਰਗੀ ਹੈ

ਇਹ ਚੜ੍ਹਦੇ ਤੋਂ ਲਹਿੰਦੇ ਤੀਕਰ
ਵਾਰਿਸ ਦੀ, ਦੁਆ ਵਰਗੀ ਹੈ।

ਪੈਂਤੀ ਅੱਖ਼ਰਾਂ ਦੀ ਇਹ ਮਾਲਾ
ਜੋ "ਸੁਹਲ" ਦੀ ਜਾਂ ਵਰਗੀ ਹੈ।



ਮਲਕੀਅਤ 'ਸੁਹਲ'
ਮੋ: 98728-48610

(Punjab Mail USA)

## ਵਹੁਟੀ, ਰੋਟੀ ਤੇ ਸੋਟੀ

ਏਅਰਪੋਰਟ 'ਤੇ ਜਹਾਜ਼ ਚੜ੍ਹਨ ਲਈ, ਇੱਕ ਜੋੜਾ ਜੋ ਆਇਆ,
ਅਜੀਬ ਕਿਸਮ ਦੀ ਇੱਕ ਕਹਾਣੀ ਦਾ, ਰੱਬ ਸਬੱਬ ਬਣਾਇਆ।

ਚੈੱਕ ਇਨ 'ਤੇ ਸਕਿਉਰਿਟੀ ਤੋਂ ਅੱਗੇ, ਉਹ ਵੱਲ ਉਸ ਗੇਟ ਦੇ ਚੱਲੇ,
ਜਿੱਥੋਂ ਜਹਾਜ਼ ਚੱਲਣਾ ਸੀ ਉਨ੍ਹਾਂ ਦਾ, ਉਨ੍ਹਾਂ ਦੀ ਮੰਜ਼ਿਲ ਵੱਲੇ।

ਬਜ਼ੁਰਗ ਪਤੀ ਦੀ ਰੰਗਲੀ ਸੋਟੀ, ਟੱਕ ਟੱਕ ਕਰਦੀ ਜਾਵੇ,
ਜਿਸ ਦੇ ਬਰਾਬਰ ਪਤਨੀ ਸੈਂਡਲ, ਫਿਟਕ ਫਿਟਕ ਖੜਕਾਵੇ।

ਪਤੀ ਜੀ ਹੌਲੀ ਹੌਲੀ ਚੱਲਦੇ, ਕਦਮ ਚੁੱਕਣ ਕੁੱਝ ਸਹਿਜੇ,
ਪਰ ਨੌਜਵਾਨ ਪਤਨੀ ਦੇ, ਕੁੱਝ ਛੋਹਲ਼ੇ ਲੱਗਣ ਲਹਿਜੇ।

ਏਨੇ ਨੂੰ ਏਅਰਪੋਰਟ ਦੀ ਬੱਘੀ, ਆ ਰੁਕੀ ਉਨ੍ਹਾਂ ਲਾਗੇ,
ਡਰਾਈਵਰ ਨੇ ਲਿਫਟ ਦੇਣ ਦੀ, ਪੇਸ਼ਕਸ਼ ਕੀਤੀ ਆਕੇ।

ਪਤੀ ਨੇ ਝੱਟ ਹਾਂ ਕਰ ਦਿੱਤੀ, ਤੇ ਸ਼ੁਕਰ ਰੱਬ ਦਾ ਕੀਤਾ,
ਪਰ ਪਤਨੀ ਨੇ ਹਤਕ ਸਮਝ ਕੇ, ਚੜ੍ਹਨਾ ਮਨਜ਼ੂਰ ਨਾ ਕੀਤਾ।

ਬੱਘੀ ਦੀ ਰਫ਼ਤਾਰ ਸੀ ਤਿੱਖੀ, ਜਾਵੇ ਅੱਗੇ ਤੋਂ ਅੱਗੇ,
ਪਤਨੀ ਨੱਠ ਨੱਠ ਹੋਈ ਫਾਵੀਂ, ਸਾਹ ਨਾਲ ਸਾਹ ਨਾ ਲੱਗੇ।

ਪਤੀ ਨੂੰ ਗੇਟ ਦੇ ਉੱਤੇ ਜਾਕੇ, ਬੱਘੀ ਨੇ ਝੱਟ ਲਾਹਿਆ,
ਪਤਨੀ ਰਹਿ ਗਈ ਅੱਧਵਾਟੇ, ਸਫ਼ਰ ਨਾ ਗਿਆ ਮੁਕਾਇਆ।

ਉੱਤਰ ਬੱਘੀਉਂ ਪਤੀ ਨੇ ਤੱਕਿਆ, ਸੋਟੀ ਉਸ ਦੀ ਗੁੰਮ ਸੀ,
ਫਿਕਰ ਵਿਚ ਘਬਰਾਇਆ ਬੰਦਾ, ਹੋ ਗਿਆ ਗੁੰਮ ਸੁੰਮ ਸੀ।

ਘਬਰਾਹਟ ਵਿਚ ਉਹ ਮੁੜਿਆ ਪਿੱਛੇ, ਜਿਧਰੋਂ ਬੱਘੀ ਸੀ ਆਈ,
ਸੋਚਿਆ ਕਿਤੇ ਉਹ ਡਿੱਗ ਪਈ ਹੋਵੇ, ਜਾਂ ਹੋਵੇ ਕਿਸੇ ਹਥਿਆਈ।

ਏਨੇ ਨੂੰ ਪਤਨੀ ਵੀ ਮਿਲ ਪਈ, ਸਾਹੋ ਸਾਹੀ ਹੋਈ,
ਕਹਿੰਦੀ ਤੈਥੋਂ ਟਿਕ ਨਹੀਂ ਹੁੰਦਾ, ਕਰਦੈਂ ਡੰਗਾ ਡੋਈ?

ਪਤੀ ਕਹੇ ਮੇਰੀ ਸੋਟੀ ਗੁੰਮ ਗਈ, ਲੱਭਣ ਤੁਰਿਆ ਹਾਂ ਮੈਂ,
ਤੈਨੂੰ ਤਾਂ ਨਹੀਂ ਕਿਸੇ ਫੜਾਈ, ਜਾਂ ਕਿਤੇ ਦੇਖੀ ਹੋਵੇ ਤੈਂ?

ਸੁਣ ਕੇ ਵਹੁਟੀ ਨੂੰ ਚੜ੍ਹਿਆ ਗੁੱਸਾ, ਲੱਗੀ ਉੱਚਾ ਬੋਲਣ,
ਚੰਦਰੇ ਵਕਤੀਂ ਤੇਰੇ ਲੜ ਮੈਂ, ਲੱਗ ਪਈ ਜ਼ਿੰਦਗੀ ਰੋਲਣ।

ਸਵੇਰ ਦੀ ਭੁੱਖਣ ਭਾਣੀ ਤੇਰੇ, ਕਰਦੀ ਅੱਗੇ ਤੱਗੇ,
ਖੜ੍ਹੀ ਲੱਤੇ ਮੈਂ ਘੁੰਮਦੀ ਰਹੀ ਹਾਂ, ਤੇਰੇ ਖੱਬੇ ਸੱਜੇ।

ਨਾ ਕੋਈ ਸਰਿਆ ਚਾਹ ਨਾ ਪਾਣੀ, ਨਾ ਕੋਈ ਇੱਕ ਅੱਧ ਰੋਟੀ,
ਉੱਪਰੋਂ ਤੂੰ ਗਵਾ ਬੈਠਾ ਹੈਂ, ਆਪਣੀ ਰੰਗਲੀ ਸੋਟੀ।

ਗੁੱਸੇ ਵਿਚ ਫਿਰ ਮਰਦ ਵੀ ਆਇਆ, ਸੁਣ ਉਹ ਮੇਰੀ ਵਹੁਟੀ!
ਤੈਨੂੰ ਖਾਣ ਨੂੰ ਕੁੱਛ ਨਹੀਂ ਮਿਲਣਾ, ਜੇ ਲੱਭੀ ਨਾ ਮੇਰੀ ਸੋਟੀ!

ਆ ਰਲ ਪਹਿਲਾਂ ਸੋਟੀ ਲੱਭੀਏ, ਫੇਰ ਸੋਚਾਂਗੇ ਰੋਟੀ,
ਨਹੀਂ ਤਾਂ ਉਸ ਦੇ ਬਾਝੋਂ ਹੋਸੀ, ਮੇਰੀ ਵਾਟ ਸਭ ਖੋਟੀ।

ਏਨੇ ਨੂੰ ਇੱਕ ਹੋਰ ਯਾਤਰੀ, ਪਿੱਛੋਂ ਤੁਰਦਾ ਆਇਆ,
ਜੋੜੇ ਦੇ ਝਗੜੇ ਨੂੰ ਸੁਣ ਕੇ, ਸਮਝ ਕੁੱਛ ਉਸਨੂੰ ਆਇਆ।

ਹੱਥ ਵਿਚ ਫੜੀ ਇੱਕ ਰੰਗਲੀ ਸੋਟੀ, ਉਸ ਬੰਦੇ ਅੱਗੇ ਕੀਤੀ,
ਕਿਹਾ ਇਹ ਮੈਨੂੰ ਰਸਤਿਉਂ ਲੱਭੀ, ਮੈਂ ਸੀ ਇਹ ਚੁੱਕ ਲੀਤੀ।

ਤੁਹਾਡੀ ਹੈ ਤਾਂ ਤੁਸੀਂ ਰੱਖ ਲਓ, ਝਗੜਾ ਆਪਣਾ ਮੁਕਾਓ,
ਹੱਸਦੇ ਵਸਦੇ ਫੜੋ ਫਲਾਈਟ, ਟਿਕਾਣੇ ਆਪਣੇ ਜਾਓ।

ਰੰਗਲੀ ਆਪਣੀ ਸੋਟੀ ਦੇਖ ਕੇ, ਸਰਦਾਰ ਜੀ ਮੁਸਕਰਾਏ,
ਦੋਨਾਂ ਜੀਆਂ ਦੇ ਤਾਂ ਫਿਰ ਜਾਕੇ, ਸਾਹਾਂ ਵਿਚ ਸਾਹ ਆਏ।

ਧੰਨਵਾਦ ਕਰ ਉਸ ਯਾਤਰੀ ਦਾ, ਉਹ ਤੁਰੇ ਗੇਟ ਦੇ ਵੱਲੇ,
ਬੈਠ ਬੈਂਚ 'ਤੇ ਜਾਕੇ ਉੱਥੇ, ਅੰਤ ਹੋ ਗਏ ਨਿਚੱਲੇ।

ਹੌਲ਼ੀ ਹੌਲ਼ੀ ਫਿਰ ਪਤਨੀ ਨੇ, ਬੈਗ ਜਦ ਆਪਣਾ ਖੋਲ੍ਹਿਆ,
ਘਰ ਤੋਂ ਲਿਆਂਦੇ ਪਰੌਂਠਿਆਂ ਵਾਲਾ, ਬੰਡਲ ਉਸ ਫਰੋਲਿਆ।


ਦੇਸੀ ਘਿਓ ਵਿਚ ਤਲ਼ੇ ਪਰੌਂਠੇ, ਮਹਿਕਾਂ ਛੱਡਣ ਹਰ ਪਾਸੇ,
ਦੋਨੋਂ ਚਿਹਰੇ ਖਿੜੇ ਕੁੱਛ ਏਦਾਂ, ਰੋਕਿਆਂ ਰੁਕਣ ਨਾ ਹਾਸੇ।

ਆਚਾਰ ਨਾਲ ਫਿਰ ਮੂਲੀ ਵਾਲੇ, ਉਨ੍ਹਾਂ ਰੱਜ ਪਰੌਂਠੇ ਖਾਧੇ,
ਮੁਸਕੜੀਆਂ ਵਿਚ ਇੱਕ ਦੂਜੇ ਵੱਲ, ਤੀਰ ਪਿਆਰ ਦੇ ਸਾਧੇ।

ਰੋਟੀ ਖਾ ਵਹੁਟੀ ਹੁਣ ਖ਼ੁਸ਼ ਸੀ, ਨਾਲੇ ਮਿਲ ਗਈ ਸੀ ਸੋਟੀ,
ਅਰਦਾਸ ਪਤੀ ਨੇ ਮਨ ਵਿਚ ਕੀਤੀ, ਰੱਬਾ! ਵਾਟ ਨਾ ਹੋਵੇ ਖੋਟੀ।
ਹੁਣ ਵਾਟ ਨਾ ਹੋਵੇ ਖੋਟੀ।

-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ
ਟੈਲੀਫੋਨ: 07748772308

(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567